੧ਓਂਕਾਰ ਸਤਿਗੁਰ ਪ੍ਰਸਾਦਿ।।

# ਜਥੇਦਾਰ ਬੰਦਾ ਸਿੰਘ ਬਹਾਦਰ

## ਸਿੱਖ ਇਤਿਹਾਸ ਭਾਗ ਦੂਜਾ

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ–ਜਸਵੀਰ ਸਿੰਘ Ph. : (0172-2696891), 09988160484

Download Free

# 'ਜਥੇਦਾਰ ਬੰਦਾ ਸਿੰਘ ਬਹਾਦਰ'

ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 ਈਸਵੀ ਨੂੰ ਜੰਮੂ-ਕਸ਼ਮੀਰ ਦੇ ਪੁੱਣਛ ਜਿਲ੍ਹੇ ਦੇ ਇੱਕ ਪਿੰਡ ਰਾਜੌਰੀ ਵਿਚ ਹੋਇਆ। ਆਪ ਜੀ ਦਾ ਬਚਪਨ ਦਾ ਨਾ ਲਛਮਣ ਦਾਸ ਸੀ। ਆਪ ਜੀ ਦੇ ਪਿਤਾ ਰਾਮਦੇਵ ਰਾਜਪੂਤ ਡੋਗਰੇ, ਸਥਾਈ ਜ਼ਿੰਮੀਦਾਰ ਸਨ। ਜਿਸ ਕਰਕੇ ਆਪ ਜੀ ਨੂੰ ਧਨ (ਪੈਸੇ) ਦੀ ਕੋਈ ਕਮੀ ਨਹੀਂ ਸੀ। ਰਾਮਦੇਵ ਜੀ ਨੂੰ ਆਪਣੇ ਬੇਟੇ ਲਛਮਣ ਦਾਸ ਨੂੰ ਰਿਵਾਜ ਅਨੁਸਾਰ ਘੋੜ ਸਵਾਰੀ ਸ਼ਿਕਾਰ ਖੇਡਣਾ, ਕੁਸ਼ਤੀਆਂ ਆਦਿ ਦੇ ਕਰਤਬ ਸਿਖਾਏ ਪਰ ਵਿਦਿਆ ਪੜ੍ਹਾਈ ਤੇ ਵਿਸ਼ੇਸ਼ ਧਿਆਨ ਨਹੀਂ ਦਿੱਤਾ।

ਅਜੇ ਲਛਮਣ ਦਾਸ ਦਾ ਬਚਪਨ ਬੀਤਿਆ ਤੇ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਿਆ ਹੀ ਸੀ ਕਿ ਅਚਾਨਕ ਇੱਕ ਘਟਨਾ ਉਨ੍ਹਾਂ ਦੇ ਜੀਵਨ ਵਿਚ ਵਿਸ਼ੇਸ਼ ਤਬਦੀਲੀ ਲੈ ਆਈ, ਇੱਕ ਵਾਰ ਉਨ੍ਹਾਂ ਨੇ ਇੱਕ ਹਿਰਨੀ ਦਾ ਸਿਕਾਰ ਕੀਤਾ, ਜਿਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਅਤੇ ਤੜਫ਼ ਕੇ ਮਰ ਗਏ। ਇਸ ਘਟਨਾ ਨੇ ਲਛਮਣਦਾਸ ਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬੇਚੈਨ ਰਹਿਣ ਲੱਗਾ। ਮਾਨਸਿਕ ਤਣਾਉ ਤੋਂ ਛੁਟਕਾਰਾ ਪਾਉਣ ਲਈ ਉਹ ਸਾਧੂਆਂ ਦੀ ਸੰਗਤ ਕਰਨ ਲੱਗਾ। ਇੱਕ ਵਾਰ ਜਾਨਕੀ ਪ੍ਰਸਾਦ ਨਾਮ ਦਾ ਸਾਧੂ ਰਾਜੌਰੀ ਵਿਚ ਆਇਆ। ਲਛਮਣਦਾਸ ਨੇ ਉਸ

ਨੂੰ ਆਪਣੇ ਮਨ ਦੀ ਹਾਲਤ ਦੱਸੀ ਤਾਂ ਜਾਨਕੀ ਪ੍ਰਸ਼ਾਦ ਉਸਨੂੰ ਆਪਣੇ ਨਾਲ ਲਾਹੌਰ ਨਗਰ ਦੇ ਆਸ਼ਰਮ ਵਿਚ ਲੈ ਆਇਆ। ਉਸ ਨੇ ਲਛਮਣ ਦਾਸ ਦਾ ਨਾਂ ਮਾਧੋ ਦਾਸ ਰੱਖ ਦਿੱਤਾ ਕਿਉਂਕਿ ਜਾਨਕੀ ਦਾਸ ਨੂੰ ਡਰ ਸੀ ਕਿ ਜ਼ਿਮੀਦਾਰ ਰਾਮਦੇਵ ਆਪਣੇ ਪੁੱਤਰ ਨੂੰ ਲੱਭਦਾ ਹੋਇਆ ਉਥੇ ਨਾ ਆ ਜਾਵੇ। ਪਰ ਲਛਮਣ ਦਾਸ ਅਥਵਾ ਮਾਧੋ ਦਾਸ ਦੇ ਮਨ ਦੀ ਭਟਕਣ ਖਤਮ ਨਹੀਂ ਹੋਈ। ਅਖੀਰ ਉਹ ਸ਼ਾਂਤੀ ਦੀ ਖੋਜ ਵਿਚ ਜੁਟਿਆ ਰਿਹਾ। ਲਾਹੌਰ ਨਗਰ ਦੇ ਨੇੜੇ ਕਸੂਰ ਇਲਾਕੇ ਵਿਚ ਸੰਨ 1686 ਈਸਵੀ ਦੀ ਵਿਸਾਖੀ ਦੇ ਮੇਲੇ ਤੇ ਉਨ੍ਹਾਂ ਨੇ ਇੱਕ ਹੋਰ ਸਾਧੂ ਰਾਮਦਾਸ ਨੂੰ ਆਪਣਾ ਗੁਰੂ ਧਾਰ ਲਿਆ ਅਤੇ ਉਸ ਸਾਧੂ ਦੇ ਨਾਲ ਦੱਖਣ ਭਾਰਤ ਦੀ ਯਾਤਰਾ ਤੇ ਚਲੇ ਗਏ। ਅਣਗਿਣਤ ਤੀਰਥਾਂ ਹੀ ਯਾਤਰਾ ਕੀਤੀ ਪਰ (ਅਨਾਦੀ) (ਸਥਾਈ) ਸਦਾ ਰਹਿਣ ਵਾਲਾ ਗਿਆਨ ਕਿਤੋਂ ਵੀ ਪ੍ਰਾਪਤ ਨਾ ਹੋਇਆ। ਇਨ੍ਹਾਂ ਹੀ ਦਿਨਾਂ ਵਿਚ ਪੰਚਵਟੀ ਵਿਚ ਉਸਦੀ ਮੁਲਾਕਾਤ ਇੱਕ ਜੋਗੀ ਔਂਧੜਨਾਥ ਨਾਲ ਹੋਈ। ਉਹ ਜੋਗੀ ਰਿੱਧੀਆਂ-ਸਿੱਧੀਆਂ ਅਤੇ ਤਾਂਤਰਿਕ ਵਿਦਿਆ ਦੇ ਗਿਆਨ ਦੇ ਕਰਕੇ ਬਹੁਤ ਪ੍ਰਸਿੱਧ ਸੀ। ਤੰਤਰ-ਮੰਤਰ ਅਤੇ ਯੋਗ -ਵਿਦਿਆ ਸਿੱਖਣ ਦੀ ਭਾਵਨਾ ਨਾਲ ਮਾਧੋਦਾਸ ਨੇ ਇਸ ਜੋਗੀ ਦੀ ਬਹੁਤ ਸੇਵਾ ਕੀਤੀ। ਸੇਵਾ ਤੋਂ ਖੁਸ਼ ਹੋ ਕੇ ਔਂਧੜ ਨਾਥ ਨੇ ਯੋਗ ਦੀ ਗੂੜ੍ਹ (ਗਹਿਰੀ) ਸਾਧਨਾ ਅਤੇ ਜਾਦੂ ਦੇ ਭੇਦ ਉਸਨੂੰ ਸਿਖਾ ਦਿੱਤੇ। ਜੋਗੀ ਦੀ ਮੌਤ ਤੋਂ ਬਾਅਦ ਮਾਧੋਦਾਸ ਨੇ ਗੋਦਾਵਰੀ ਨਦੀ ਦੇ ਕੰਢੇ ਤੇ ਨੰਦੇੜ ਨਗਰ ਵਿਚ ਇਕ ਰਮਣੀਕ ਸਥਾਨ ਤੇ ਆਪਣਾ ਨਵਾਂ ਆਸ਼ਰਮ ਬਣਾਇਆ। ਇਥੇ ਮਾਧੋਦਾਸ ਨੇ ਰਿੱਧੀ-ਸਿੱਧੀ ਅਤੇ ਜੰਤਰ-ਮੰਤਰ ਦੀਆਂ ਚਮਤਕਾਰੀ ਸ਼ਕਤੀਆਂ ਵਿਖਾ ਕੇ ਆਮ ਲੋਕਾਂ ਨੂੰ ਪ੍ਰਭਾਵਿਤ ਕੀਤਾ। ਇਸ ਨਾਲ ਸਥਾਨਕ ਲੋਕ ਉਸ ਨੂੰ ਮੰਨਣ ਲੱਗੇ ਅਤੇ ਕੁਝ ਉਸੇ ਦੇ ਚੇਲੇ ਵੀ ਬਣ ਗਏ।

ਫਲਸਰੂਪ ਮਾਧੋਦਾਸ ਅਭਿਮਾਨੀ (ਹੰਕਾਰੀ) ਹੋ ਗਿਆ। ਉਹ ਹਰ ਕੰਮ ਆਪਣੇ ਸੁਆਰਥ ਦੇ ਲਈ ਕਰਨ, ਲਗਾ। ਉਹ ਪਰਉਪਕਾਰ ਦਾ ਮਾਰਗ ਭੁੱਲ ਗਿਆ। ਇਸ ਤਰ੍ਹਾਂ ਉਹ ਲੋਕ ਭਲਾਈ ਲਈ ਕੁਝ ਵੀ ਨਾ ਕਰ ਸਕਿਆ ਸਗੋਂ ਆਪਣੀ ਆਤਮਿਕ ਸ਼ਕਤੀ ਦਾ ਦਿਖਾਵਾ ਕਰਕੇ ਲੋਕਾਂ ਨੂੰ ਭੈ-ਭੀਤ ਕਰਨ ਲਗਾ, ਜਿਸ ਨਾਲ ਲੋਕ ਸਰਾਪ ਦੇ ਡਰ ਨਾਲ ਧਨ ਤੇ ਜ਼ਰੂਰੀ ਸਮੱਗਰੀ ਆਦਿ ਆਸ਼ਰਮ ਵਿਚ ਪਹੁੰਚਾਉਣ ਲੱਗੇ। ਜੇ ਕੋਈ ਹੋਰ ਸਾਧੂ ਉਸ ਇਲਾਕੇ ਵਿਚ ਆ ਜਾਂਦਾ ਤਾਂ ਮਾਧੋ ਦਾਸ ਉਸ ਦਾ ਅਪਮਾਨ ਕਰਕੇ ਉਸ ਨੂੰ ਉਥੋਂ ਭਜਾ ਦੇਂਦਾ। ਇਸ ਗੱਲ ਦੀ ਚਰਚਾ ਦੂਰ-ਦੂਰ ਤੱਕ ਹੋਣ ਲੱਗੀ ਕਿ ਮਾਧੋਦਾਸ ਤਪਸਵੀ ਅਭਿਮਾਨੀ ਅਤੇ ਜ਼ਿੱਦੀ ਸੁਭਾਅ ਦਾ ਹੈ, ਉਹ ਦੂਜੇ ਸੰਤਾਂ ਦਾ ਮਜ਼ਾਕ ਉਡਾਉਂਦਾ ਹੈ, ਗੁਰੂਦੇਵ ਨੇ ਇਸ ਚੁਣੌਤੀ (ਵੰਗਾਰ) ਨੂੰ ਸਵੀਕਾਰ ਕੀਤਾ ਅਤੇ ਆਸ਼ਰਮ ਵਿਚ ਜਾ ਕੇ ਉਸ ਨੂੰ ਲਲਕਾਰਨ ਦੇ ਵਿਚਾਰ ਨਾਲ ਆਪਣੇ ਚੇਲਿਆਂ ਨੂੰ ਆਸ਼ਰਮ ਦੀ ਮਰਯਾਦਾ ਦੇ ਵਿਰੁੱਧ ਕੰਮ ਕਰਨ ਦਾ ਆਦੇਸ਼ ਦਿੱਤਾ।

## ‘ਮਾਧੋਦਾਸ ਤੋਂ ਬੰਦਾ ਬਹਾਦਰ’

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਭਾਰਤ ਵਿਚ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਅੱਗੇ ਵੱਧ ਰਹੇ ਸਨ ਕਿ ਮਹਾਰਾਸ਼ਟਰ ਦੇ ਨਿਵਾਸੀ ਲੋਕਾਂ ਨੇ ਗੁਰੂਦੇਵ ਨੂੰ ਦੱਸਿਆ ਕਿ ਗੋਦਾਵਰੀ ਨਦੀ ਦੇ ਤੱਟ ਤੇ ਇੱਕ ਵਿਰਾਗੀ ਸਾਧੂ ਰਹਿੰਦਾ ਹੈ। ਉਸਦੇ ਜੋਗ-ਸਾਧਨਾ ਦੀ ਸ਼ਕਤੀ ਨਾਲ ਕਈ ਰਿੱਧੀਆਂ ਸਿੱਧੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ, ਜਿਨ੍ਹਾਂ ਦੀ ਵਰਤੋਂ ਕਰਕੇ ਉਹ ਮਹਾਂਪੁਰਸ਼ਾ ਦਾ ਮਜ਼ਾਕ ਉਡਾਉਂਦਾ ਹੈ।

ਇਸ ਤਰ੍ਹਾਂ ਉਹ ਹੰਕਾਰੀ ਸੁਭਾਅ ਵਾਲਾ ਬਣ ਗਿਆ ਹੈ। ਇਹ ਜਾਣਕਾਰੀ ਮਿਲਣ ਤੇ ਗੁਰੂਦੇਵ ਦੇ ਮਨ ਵਿਚ ਇਸ ਚੰਚਲ ਸੁਭਾਅ ਦੇ ਸਾਧੂ ਦੀ ਪ੍ਰੀਖਿਆ ਲੈਣ ਦੀ ਜਗਿਆਸਾ ਪੈਦਾ ਹੋਈ। ਇਸ ਲਈ ਉਹ ਨੰਦੇੜ ਨਗਰ ਦੇ ਉਸ ਰਮਣੀਕ ਸਥਾਨ ਤੇ ਪਹੁੰਚੇ, ਸੰਯੋਗ ਨਾਲ ਉਹ ਸਾਧੂ ਆਪਣੇ ਆਸ਼ਰਮ ਵਿਚ ਨਹੀ ਸੀ, ਬਾਗ ਵਿਚ ਤਪ-ਸਾਧਨਾ ਵਿਚ ਮਗਨ ਸੀ। ਸਾਧੂ ਦੇ ਚੇਲਿਆਂ ਨੇ ਗੁਰੂਦੇਵ ਦਾ ਸ਼ਿਸਟਾਚਾਰ ਨਾਲ ਆਦਰ ਨਹੀਂ ਕੀਤਾ। ਇਸ ਕਰਕੇ ਗੁਰੂਦੇਵ ਨਾਰਾਜ਼ ਹੋ ਗਏ ਅਤੇ ਉਨ੍ਹਾਂ ਨੇ ਆਪਣੇ ਸੇਵਕਾਂ (ਸਿੱਖਾਂ) ਨੂੰ ਆਦੇਸ਼ ਦਿੱਤਾ ਕਿ ਇਥੇ ਹੀ ਝਟਪਟ ਭੋਜਨ ਤਿਆਰ ਕਰੋ। ਇਸ ਕੰਮ ਲਈ ਇਥੇ ਆਸ਼ਰਮ ਵਿਚ ਬਕਰੇ ਝਟਕਾ ਦਿਉ। ਉਨ੍ਹਾਂ ਦੇ ਆਦੇਸ਼ ਪਾਲਣ ਕੀਤਾ ਗਿਆ। ਬਕਰਿਆਂ ਦੀ ਹੱਤਿਆ ਵੇਖ ਕੇ ਵੈਰਾਗੀ ਸਾਧੂ ਦੇ ਚੇਲੇ ਕ੍ਰੋਧ ਵਿਚ ਆ ਗਏ ਪਰ ਉਹ ਆਪਣੇ ਆਪ ਨੂੰ ਅਸੱਮਰਥ ਤੇ ਮਜ਼ਬੂਰ ਮਹਿਸੂਸ ਕਰ ਰਹੇ ਸਨ। ਸਿੱਖਾਂ ਨੇ ਉਨ੍ਹਾਂ ਦੇ ਆਸ਼ਰਮ ਨੂੰ ਬਲਪੂਰਵਕ ਆਪਣੇ ਕੰਟਰੋਲ ਵਿਚ ਲੈ ਲਿਆ ਸੀ। ਗੁਰੂਦੇਵ ਖੁਦ ਵੈਰਾਗੀ ਸਾਧੂ ਦੇ ਪਲੰਘ ਤੇ ਬਿਰਾਜਮਾਨ ਹੋ ਕੇ ਆਦੇਸ ਦੇ ਰਹੇ ਸਨ। ਵੈਰਾਗੀ ਸਾਧੂ ਦੇ ਚੇਲੇ ਆਪਣੀ ਪੂਰੀ ਰਿੱਧੀ ਸਿੱਧੀ ਦੀ ਤਾਕਤ ਦੀ ਵਰਤੋਂ ਕਰ ਰਹੇ ਸਨ, ਜਿਸ ਨਾਲ ਉਹ ਸ਼ਕਤੀਸ਼ਾਲੀ ਵਿਰੋਧੀਆਂ ਨੂੰ ਨੁਕਸਾਨ ਪੁਚਾ ਸਕਣ, ਪਰ ਉਹ ਬੁਰੀ ਤਰ੍ਹਾਂ ਅਸਫਲ ਹੋ ਕੇ ਰਹਿ ਗਏ।

ਉਨ੍ਹਾਂ ਦੀ ਕੋਈ ਵੀ ਚਮਤਕਾਰੀ ਸਕਤੀ ਕੰਮ ਨਹੀਂ ਆਈ, ਅੰਤ ਵਿਚ ਉਨ੍ਹਾਂ ਨੇ ਆਪਣੇ ਗੁਰੂ ਵੈਰਾਗੀ ਸਾਧੂ ਮਾਧੋਦਾਸ ਨੂੰ ਸ਼ਨੇਹਾ ਭੇਜਿਆ ਕਿ ਕੋਈ ਤੇਜੱਸਵੀ ਅਤੇ ਸੂਰਬੀਰ ਮਹਾਪੁਰਸ਼ ਆਸ਼ਰਮ ਵਿਚ ਪਧਾਰੇ ਹਨ। ਉਨ੍ਹਾਂ ਨੂੰ ਹਰਾਉਣ ਲਈ ਅਸੀ ਆਪਣੀ ਸੰਪੂਰਨ ਜੋਗ-ਸਕਤੀ ਦੀ ਵਰਤੋਂ ਕਰ ਲਈ ਹੈ ਪਰ ਅਸੀਂ ਸਫਲ ਨਹੀ ਹੋਏ।

ਇਸ ਲਈ ਤੁਸੀ ਖੁਦ ਇਸ ਔਖੀ ਘੜੀ ਵਿਚ ਸਾਡੀ ਅਗਵਾਈ ਕਰੋ, ਸੁਨੇਹਾ ਮਿਲਦਿਆਂ ਹੀ ਮਾਧੋਦਾਸ ਵੈਰਾਗੀ ਆਪਣੇ ਆਸ਼ਰਮ ਵਿਚ ਪਹੁੰਚਿਆ ਇੱਕ ਅਜਨਬੀ ਨੂੰ ਆਪਣੇ ਆਸਣ ਤੇ ਬੈਠਿਆ ਵੇਖਕੇ ਆਪਣੀਆਂ ਚਮਤਕਾਰੀ ਸ਼ਕਤੀਆਂ ਦੁਆਰਾ ਪਲੰਘ ਉਲਟਾਉਣ ਦਾ ਯਤਨ ਕੀਤਾ ਪਰ ਗੁਰਦੇਵ ਤੇ ਇਨ੍ਹਾਂ ਚਮਤਕਾਰੀ ਸ਼ਕਤੀਆਂ ਦਾ ਕੋਈ ਅਸਰ ਨਾ ਹੁੰਦਾ ਵੇਖ ਕੇ ਮਾਧੋਦਾਸ ਸਮਝ ਗਿਆ ਕਿ ਇਹ ਕੋਈ 'ਪੂਰਨ-ਪੁਰਸ਼' ਹੈ, ਸਧਾਰਣ ਵਿਅਕਤੀ ਨਹੀ। ਉਸਨੇ ਇੱਕ ਨਜ਼ਰ ਗੁਰਦੇਵ ਨੂੰ ਵੇਖਿਆ ਨੂਰਾਨੀ ਚਿਹਰਾ ਤੇ ਨਿਡਰ ਵਿਅਕਤੀ। ਉਸਨੇ ਬਹੁਤ ਨਿਮਰਤਾ ਨਾਲ ਗੁਰੂਦੇਵ ਨੂੰ ਪ੍ਰਸ਼ਨ ਕੀਤਾ - ਤੁਸੀ ਕੌਣ ਹੋ? ਗੁਰੂਦੇਵ ਨੇ ਕਿਹਾ ਮੈਂ ਉਹੀ ਹਾਂ ਜਿਸ ਨੂੰ ਤੂੰ ਜਾਣਦਾ ਹੈਂ ਅਤੇ ਲੰਮੇਂ ਸਮੇਂ ਤੋਂ ਉਡੀਕ ਕਰ ਰਿਹਾ ਹੈ?

ਮਾਧੋਦਾਸ -ਤਦ ਮਾਧੋਦਾਸ ਅੰਤਰਮੁਖੀ ਹੋ ਗਿਆ ਅਤੇ ਆਪਣੇ ਅੰਦਰ ਝਾਤ ਮਾਰਨ ਲੱਗਾ। ਕੁਝ ਸਮੇਂ ਬਾਅਦ ਸੁਚੇਤ ਹੋਇਆ ਅਤੇ ਬੋਲਿਆ-ਤੁਸੀ ਗੁਰੂ ਗੋਬਿੰਦ ਸਿੰਘ ਜੀ ਤਾਂ ਨਹੀ?

ਗੁਰੂਦੇਵ - ਤੂੰ ਠੀਕ ਪਛਾਣਿਆਂ ਹੈ, ਮੈਂ ਉਹੀ ਹਾਂ।

ਮਾਧੋਦਾਸ - ਤੁਸੀਂ ਇਧਰ ਕਿਵੇਂ ਪਧਾਰੇ? ਮਨ ਵਿਚ ਬੜੀ ਉਤਸੁਕਤਾ ਸੀ ਕਿ ਤੁਹਾਡੇ ਦਰਸ਼ਨ ਕਰਾਂ।

ਪਰ ਕੋਈ ਮੌਕਾ ਮੇਲ ਹੀ ਨਹੀਂ ਬਣਿਆ ਕਿ ਪੰਜਾਬ ਦੀ ਯਾਤਰਾ ਤੇ ਜਾਂਦਾ। ਤੁਸੀ ਬਹੁਤ ਹੀ ਕਿਰਪਾ ਕੀਤੀ ਜੋ ਮੇਰੇ ਮਨ ਦੀ ਹਾਲਤ ਸਮਝ ਕੇ ਖੁਦ ਪਧਾਰੇ ਹੋ।

**ਗੁਰੂਦੇਵ** – ਅਸੀ ਤੁਹਾਡੇ ਪ੍ਰੇਮ ਵਿਚ ਬੱਝੇ ਇਥੇ ਆਏ ਹਾਂ, ਨਹੀ ਤਾਂ ਇਧਰ ਸਾਡਾ ਕੋਈ ਹੋਰ ਕੰਮ ਨਹੀ ਸੀ।

**ਮਾਧੋ ਦਾਸ** :– ਮੈਂ ਤੁਹਾਡਾ ਬੰਦਾ ਹਾਂ, ਤੁਸੀ ਮੈਨੂੰ ਸੇਵਾ ਦਸੋ ਅਤੇ ਉਹ ਗੁਰੂ ਚਰਨਾਂ ਵਿਚ ਡੰਡੌਤ ਪ੍ਰਣਾਮ ਕਰਨ ਲੱਗਾ।

**ਗੁਰਦੇਵ** – ਉਸਦੀ ਨਿਮਰਤਾ ਅਤੇ ਪਿਆਰ ਭਰਪੂਰ ਭਾਸ਼ਾ ਨਾਲ ਮੰਤਰਮੁਗਧ ਹੋ ਗਏ ।ਉਨ੍ਹਾਂ ਨੇ ਉਸ ਨੂੰ ਚਰਨਾਂ ਤੋਂ ਉਠਾ ਕੇ ਸੀਨੇ ਨਾਲ ਲਾਇਆ ਅਤੇ ਆਦੇਸ਼ ਦਿੱਤਾ ਜੇ ਤੁਸੀ ਸਾਡੇ ਬੰਦੇ ਹੋ ਤਾਂ ਫਿਰ ਸੰਸਾਰ ਤੋਂ ਵੈਰਾਗ ਕਿਉਂ? ਜਦੋਂ ਮਜ਼ਹਬ ਦੇ ਜਨੂੰਨ ਵਿਚ ਨਿਰਦੋਸ਼ ਲੋਕਾਂ ਦੀ ਹੱਤਿਆ ਕੀਤੀ ਜਾ ਰਹੀ ਹੋਵੇ, ਮਾਸੂਮ ਬੱਚਿਆਂ ਨੂੰ ਵੀ ਕੰਧਾਂ ਵਿਚ ਚਿਣਿਆ ਜਾਰਿਹਾ ਹੋਵੇ।ਤੁਹਾਡੇ ਵਰਗੇ ਤੇ ਜੱਸਵੀ ਲੋਕ ਹਥਿਆਰ ਤਿਆਗ ਕੇ ਸੰਨਿਆਸੀ ਬਣ ਜਾਣ ਤਾਂ ਸਮਾਜ ਵਿਚ ਅਨਿਆਂ ਅਤੇ ਅਤਿਆਚਾਰ ਦੇ ਵਿਰੁੱਧ ਆਵਾਜ਼ ਕੌਣ ਬੁਲੰਦ ਕਰੇਗਾ? ਜੇ ਤੁਸੀ ਮੇਰੇ ਬੰਦੇ ਅਖਵਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਮਾਜ ਦੇ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਦਿਆਂ ਹੋਇਆ ਫਰਜ਼ ਦੀ ਪਾਲਣਾ ਕਰਨੀ ਹੋਵੇਗੀ ਕਿਉਂਕਿ ਮੇਰਾ ਉਦੇਸ਼ ਸਮਾਜ ਵਿਚ ਭਾਈਚਾਰਕ ਸਾਂਝ ਤੇ ਪਿਆਰ ਪੈਦਾ ਕਰਨਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸੁ ਆਰਥੀ, ਅਤਿਆਚਾਰੀ ਅਤੇ ਸਮਾਜ ਵਿਰੋਧੀ ਤੱਤਾ ਨੂੰ ਕੁਚਲ ਦਿੱਤਾ ਜਾਵੇ । ਇਸ ਲਈ ਮੇਰੇ ਬੰਦੇ ਤਾਂ ਤਲਵਾਰ ਦੇ ਧਨੀ ਅਤੇ ਅਨਿਆਂ ਦਾ ਮੂੰਹ ਤੋੜਣ ਦਾ ਸੰਕਲਪ ਲੈਣ ਵਾਲੇ ਹਨ, ਇਹ ਵੇਲਾ ਸੰਸਾਰ ਤੋਂ ਭੱਜ ਕੇ ਇਕਾਤ ਵਿਚ ਬੈਠਣ ਦਾ ਨਹੀਂ ਹੈ, ਤੁਹਾਡੇ ਵਰਗੇ ਵੀਰ ਅਤੇ ਸ਼ਕਤੀਸ਼ਾਲੀ ਯੋਧੇ ਨੂੰ ਜੇ ਆਪਣੇ ਪ੍ਰਣਾਂ ਦੀ ਆਹੂਤੀ ਵੀ ਦੇਣੀ ਪਵੇ

ਤਾਂ ਪਿਛੇ ਨਹੀ ਰਹਿਣਾ ਚਾਹੀਦਾ ਕਿਉਕਿ ਇਹੁ ਬਲੀਦਾਨ ਘੋਰ ਤਪਸਿਆ ਨਾਲ ਵਧੇਰੇ ਫਲਦਾਇਕ ਹੁੰਦਾ ਹੈ।

ਮਾਧੋਦਾਸ ਨੇ ਦੁਬਾਰਾ ਬੇਨਤੀ ਕੀਤੀ ਕਿ ਮੈਂ ਤੁਹਾਡਾ ਬੰਦਾ ਬਣ ਚੁਕਿਆ ਹਾਂ। ਤੁਹਾਡੀ ਹਰ ਇੱਕ ਆਗਿਆ (ਹੁਕਮ) ਮੇਰੇ ਸਿਰ ਮੱਥੇ ਹੈ। ਉਸਨੇ ਕਿਹਾ ਮੈਂ ਭਟਕ ਗਿਆ ਸੀ, ਮੈਨੂੰ ਜੀਵਨ ਚਰਿੱਤਰ ਤੋਂ ਸੰਤ ਅਤੇ ਫਰਜ ਤੋਂ ਸਿਪਾਹੀ ਹੋਣਾ ਚਾਹੀਦਾ ਹੈ। ਤੁਸੀ ਮੇਰੀ ਅਗਵਾਈ ਕਰਕੇ ਮੈਨੂੰ ਕਿਰਤਾਰਥ ਕੀਤਾ ਹੈ। ਇਸ ਕਰਕੇ ਮੈਂ ਆਪਣਾ ਭਵਿੱਖ ਉੱਜਲ ਕਰਦਾ ਹੋਇਆ ਆਪਣੀ ਪ੍ਰਤਿਭਾ ਦੀ ਪਛਾਣ ਦੱਸ ਸਕਾਂਗਾ।

ਗੁਰੂਦੇਵ, ਮਾਧੋਦਾਸ ਦੇ ਜੀਵਨ ਵਿਚ ਕ੍ਰਾਂਤੀਕਾਰੀ ਤਬਦੀਲੀ ਵੇਖ ਕੇ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਉਸ ਨੂੰ ਗੁਰੂ ਸਿੱਖਿਆ ਦੇ ਕੇ ਅੰਮ੍ਰਿਤਪਾਣ ਕਰਾਇਆ । ਇਸ ਤਰ੍ਹਾਂ ਮਾਧੋਦਾਸ ਕੇਸਧਾਰੀ ਸਿੰਘ ਬਣ ਗਿਆ। ਪੰਜ ਪਿਆਰਿਆਂ ਨੇ ਮਾਧੋਦਾਸ ਦਾ ਨਾਂ ਬਦਲ ਕੇ ਗੁਰਬਖਸ ਸਿੰਘ ਰੱਖ ਦਿੱਤਾ, ਪਰ ਉਹ ਆਪਣੇ ਆਪ ਨੂੰ ਗੁਰੂ ਗੋਬਿੰਦ ਜੀ ਦਾ ਬੰਦਾ ਹੀ ਅਖਵਾਉਂਦਾ ਰਿਹਾ। ਇਸ ਲਈ ਇਤਿਹਾਸ ਵਿਚ ਉਹ ਬੰਦਾ ਬਹਾਦਰ ਦੇ ਨਾ ਨਾਲ ਪ੍ਰਸਿੱਧ ਹੋਇਆ।

ਗੁਰੂਦੇਵ ਨੂੰ ਮਾਧੋਦਾਸ (ਬੰਦਾ ਬਹਾਦਰ) ਵਿਚ ਮੁਗਲਾਂ ਨੂੰ ਹਰਾਉਣ ਵਾਲਾ ਆਪਣਾ ਭਵਿੱਖ ਦਾ ਉਤਰਾਧਿਕਾਰੀ ਵਿਖਾਈ ਦੇ ਰਿਹਾ ਸੀ। ਇਸ ਲਈ ਉਸ ਨੂੰ ਇਸ ਕੰਮ ਲਈ ਯੋਗ ਸਿੱਖਿਆ ਦਿੱਤੀ ਗਈ ਅਤੇ ਗੁਰੂ ਇਤਿਹਾਸ, ਗੁਰੂ ਮਰਯਾਦਾ ਦਾ ਪੂਰਨ ਰੂਪ ਵਿਚ ਗਿਆਨ ਦਿੱਤਾ ਗਿਆ। ਕੁਝ ਦਿਨਾਂ ਵਿਚ ਹੀ ਉਸਨੇ ਸ਼ਸਤਰ

ਵਿਦਿਆ ਦਾ ਦੁਬਾਰਾ ਅਭਿਆਸ ਕਰਕੇ ਫਿਰ ਤੋਂ ਨਿਪੁੰਨਤਾ ਪ੍ਰਾਪਤ ਕਰ ਲਈ। ਜਦੋਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਤਾਂ ਗੁਰੂਦੇਵ ਨੇ ਉਸ ਨੂੰ ਆਦੇਸ਼ ਦਿੱਤਾ- ਕਦੇ ਵੀ ਗੁਰੂ -ਪਦਵੀ ਯਾਰਣ ਨਹੀਂ ਕਰਨੀ ਗ੍ਰਹਿਸਤੀ ਦੇ ਰਿਸ਼ਤੇ ਵਿਚ ਨਹੀਂ ਬੱਝਣਾ, ਨਹੀਂ ਤਾਂ ਉਦੇਸ਼ ਤੋਂ ਭਟਕ ਜਾਉਗੇ। ਪੰਜਾਂ ਪਿਆਰਿਆਂ ਦੀ ਆਗਿਆ ਮੰਨ ਕੇ ਹਰ ਕੰਮ ਕਰਨਾ ਬੰਦਾ ਬਹਾਦਰ ਨੇ ਇਨ੍ਹਾਂ ਉਪਦੇਸ਼ਾਂ ਦੇ ਸਨਮੁੱਖ ਸੀਸ ਝੁਕਾ ਦਿੱਤਾ। ਤਾਂ ਹੀ ਗੁਰੂਦੇਵ ਨੇ ਆਪਣੀ ਤਲਵਾਰ ਉਸ ਨੂੰ ਪਹਿਨਾ ਦਿੱਤੀ ਪਰ ਸਿੱਖ ਇਸ ਕਾਰਜ ਕਰਕੇ ਗੁਰੂਦੇਵ ਨਾਲ ਰੁੱਸ ਗਏ ਉਨ੍ਹਾ ਦੇ ਅਨੁਸਾਰ ਗੁਰੂਦੇਵ ਦੀ ਕਿਰਪਾਨ ਤੇ ਉਨ੍ਹਾਂ ਦਾ ਅਧਿਕਾਰ ਹੈ, ਉਹ ਕਿਸੇ ਹੋਰ ਨੂੰ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਆਪਣਾ ਤਰਕ ਰਖਿਆ ਕਿ ਉਹ ਤਾਂ ਗੁਰੂਦੇਵ ਨਾਲ ਪਰਛਾਂਵੇ ਵਾਂਗ ਰਹੇ ਹਨ। ਇਹ ਕਲ ਦਾ ਜੋਗੀ ਅੱਜ ਸੰਪੂਰਨ ਕੀਮਤੀ ਖਜ਼ਾਨੇ ਦਾ ਮਾਲਕ ਬਣ ਰਿਆ ਹੈ।

ਗੁਰੂਦੇਵ ਨੇ ਇਸ ਸੱਚ ਨੂੰ ਸਵੀਕਾਰ ਕੀਤਾ ਤਲਵਾਰ ਦੀ ਥਾਂ ਗੁਰੂਦੇਵ ਨੇ ਉਸ ਨੂੰ ਆਪਣੇ ਤਰਕਸ ਵਿਚੋਂ ਪੰਜ ਤੀਰ ਦਿੱਤੇ ਅਤੇ ਬਚਨ ਕੀਤਾ ਜਦੋਂ ਕਦੀ ਮੁਸੀਬਤ ਬਣੇ ਤਾਂ ਹੀ ਇਨ੍ਹਾਂ ਦੀ ਵਰਤੋਂ ਕਰਨਾ, ਤੁਰੰਤ ਸਫਲਤਾ ਮਿਲੇਗੀ, ਆਸ਼ੀਰਵਾਦ ਦਿੱਤਾ ਅਤੇ ਕਿਹਾ :- ਜਾ ਜਿੰਨੀ ਦੇਰ ਤੂੰ ਖਾਲਸਾ ਪੰਥ ਦੇ ਨਿਯਮਾਂ ਤੇ ਕਾਇਸ ਰਹੇਂਗਾ, ਗੁਰੂ ਤੇਰੀ ਰੱਖਿਆ ਕਰੇਗਾ। ਤੇਰਾ ਉਦੇਸ਼ ਦੁਸ਼ਟਾਂ ਦਾ ਨਾਸ਼ ਅਤੇ ਦੀਨ ਦੁਖੀਆਂ ਦੀ ਨਿਸ਼ਕਾਮ ਸੇਵਾ ਹੈ, ਇਸ ਤੋਂ ਕਦੇ ਦੂਰ ਨਹੀਂ ਹੋਣਾ । ਬੰਦਾ ਸਿੰਘ ਬਹਾਦਰ ਨੇ ਗੁਰਦੇਵ ਨੂੰ ਵਚਨ ਦਿੱਤਾ ਕਿ ਉਹ ਹਮੇਸ਼ਾ ਪੰਜਾਂ ਪਿਆਰਿਆਂ ਦੀ ਆਗਿਆ ਦਾ ਪਾਲਣ ਕਰੇਗਾ। ਗੁਰੂਦੇਵ ਨੇ ਆਪਣੇ ਹੱਥ-ਲਿਖਤ ਹੁਕਮਨਾਮੇ ਦਿੱਤੇ

ਜਿਹੜੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਵੱਸਦੇ ਸਿੱਖਾਂ ਦੇ ਨਾਂਵਾਂ ਤੇ ਸਨ। ਇਨ੍ਹਾਂ ਵਿਚ ਆਦੇਸ਼ ਸੀ ਕਿ ਉਹ ਸਾਰੇ ਬੰਦਾ ਸਿੰਘ ਦੀ ਸੈਨਾ ਵਿਚ ਸ਼ਾਮਲ ਹੋ ਕੇ ਦੁਸ਼ਟਾਂ ਨੂੰ ਹਰਾਉਣ ਦੇ ਅਭਿਆਨ ਵਿਚ ਕਿਰਿਆਸ਼ੀਲ ਹੋ ਜਾਣ, ਨਾਲ ਹੀ ਬੰਦਾ ਸਿੰਘ ਨੂੰ ਖਾਲਸੇ ਦਾ ਜਥੇਦਾਰ ਨਿਯੁਕਤ ਕਰਕੇ 'ਬਹਾਦਰ' ਖਿਤਾਬ ਦੇ ਕੇ ਨਿਵਾਜਿਆ ਅਤੇ ਪੰਜ ਪਿਆਰਿਆਂ ਭਾਈ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਰਣ ਸਿੰਘ ਅਤੇ ਭਾਈ ਰਾਮ ਸਿੰਘ ਦੀ ਅਗਵਾਈ ਵਿਚ ਪੰਜਾਬ ਭੇਜਿਆਂ । ਉਸਨੂੰ ਨਿਸ਼ਾਨ ਸਾਹਿਬ, ਨਗਾਰਾ ਅਤੇ ਇੱਕ ਸੈਨਿਕ ਟੁਕੜੀ ਵੀ ਦਿੱਤੀ, ਜਿਸ ਨੂੰ ਲੈ ਕੇ ਉਹ ਉੱਤਰ ਭਾਰਤ ਵੱਲ ਚੱਲ ਪਿਆ।

## ਬੰਦਾ ਸਿੰਘ ਦੇ ਪੰਜਾਬ ਵੱਲ ਚਾਲੇ

ਗੁਰੂ ਗੋਬਿੰਦ ਸਿੰਘ ਜੀ ਤੋਂ ਵਿਦਾਇਗੀ ਲੈ ਕੇ ਬੰਦਾ ਸਿੰਘ ਪੰਜਾਬ ਵੱਲ ਚੱਲ ਪਿਆ ਰਾਹ ਵਿਚ ਜਥੇ ਦੇ ਸਿੰਘਾਂ ਨੇ ਉਸ ਨੂੰ ਗੁਰੂਦੇਵ ਜੀ ਦੇ ਅਤੇ ਉਨ੍ਹਾਂ ਤੋਂ ਪਹਿਲਾਂ ਹੋਏ ਗੁਰੂਆਂ ਦੇ ਜੀਵਨ ਬਿਰਤਾਂਤ ਸੁਣਾਏ ਜਿਨ੍ਹਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਸੀ। ਬੰਦਾ ਸਿੰਘ ਇਹਨਾਂ ਘਟਨਾਵਾਂ ਨੂੰ ਸੁਣ ਕੇ ਜ਼ਾਲਮ ਦੁਸ਼ਮਣਾਂ ਤੋਂ ਬਦਲਾ ਲੈਣ ਲਈ ਵਿਆਕੁਲ ਹੋ ਗਿਆ। ਉਹ ਭਾਵੁਕਤਾ ਵਿਚ ਕਦੇ- ਕਦੇ ਆਵੇਸ਼ ਵਿਚ ਆ ਜਾਂਦਾ। ਇਸ ਤਰ੍ਹਾਂ ਉਸ ਦਾ ਕ੍ਰੋਧ ਵੀਰਤਾ ਵਿਚ ਬਦਲ ਗਿਆ। ਉਹ ਜਲਦੀ ਆਪਣੀ ਮੰਜ਼ਿਲ ਤੇ ਪਹੁੰਚਣਾ ਚਾਹੁੰਦਾ ਸੀ ਅਤੇ ਉਹ ਤੀਬਰਤਾ ਨਾਲ ਉਡੀਕ ਕਰਨ ਲੱਗਾ ਕਿ ਜਲਦੀ ਉਸ ਕੋਲ ਲੋੜੀਂਦੀ ਗਿਣਤੀ ਵਿਚ ਸੈਨਾ ਇਕੱਠੀ

ਹੋਵੇ, ਜਿਸ ਨਾਲ ਯੁੱਧ ਸ਼ੁਰੂ ਕੀਤੇ ਜਾ ਸਕਣ। ਪਰ ਅਜੇ ਉਸ ਕੋਲ ਅਮਾਨਤ ਦੇ ਰੂਪ ਵਿਚ ਇੱਕ ਨਿਸ਼ਾਨ ਸਾਹਿਬ (ਝੰਡਾ) ਇੱਕ ਨਗਾਰਾ, ਇੱਕ ਛੋਟੀ ਸੈਨਿਕ ਟੁਕੜੀ, ਇੱਕ ਪੰਜਾਬ ਦੇ ਸਿੰਘਾਂ ਦੇ ਨਾਮ ਹੁਕਨਾਮਾ ਅਤੇ ਪੰਜ ਤੀਰ ਹੀ ਸਨ।

ਬੰਦਾ ਸਿੰਘ ਨੂੰ ਰਾਹ ਵਿਚ ਖਰਚ ਦੇ ਲਈ ਧਨ ਦੀ ਲੋੜ ਮਹਿਸੂਸ ਹੋਈ। ਉਸ ਨੂੰ ਗੁਰੂਦੇਵ ਦਾ ਬਚਨ ਯਾਦ ਸੀ, ਜਦ ਕਦੇ ਮੁਸ਼ਕਲ ਮਹਿਸੂਸ ਹੋਵੇ ਤਾਂ ਪੰਜ ਪਿਆਰਿਆਂ ਨੂੰ ਸਾਮੂਹਿਕ ਰੂਪ ਵਿਚ ਬੇਨਤੀ ਕਰਨਾ, ਕਾਰਜ ਸਿੰਧ ਹੋਵੇਗਾ। ਬਸ, ਬੰਦਾ ਸਿੰਘ ਨੇ ਆਪਣੀ ਮੁਸ਼ਕਲ ਸਾਥੀ ਸਿੰਘਾ ਨੂੰ ਦੱਸੀ, ਉਨ੍ਹਾਂ ਨੇ ਉਸੇ ਪਲ ਮਿਲ ਕੇ ਗੁਰੂ ਚਰਨਾਂ ਵਿਚ ਪ੍ਰਾਰਥਨਾ ਕੀਤੀ, ਗੁਰੂ ਸਾਹਿਬ ਨੇ ਬਚਨ ਕੀਤਾ ਸੀ, ਹੱਥ ਖਾਲਸੇ ਦਾ ਅਤੇ ਖਜ਼ਾਨਾ ਗੁਰੂ ਦਾ ਹੋਵੇਗਾ। ਹੁਣ ਉਹ ਸਮਾਂ ਆ ਗਿਆ ਹੈ। ਸਾਨੂੰ ਧਨ ਦੀ ਸਖਤ ਲੋੜ ਹੈ।

ਇਧਰ ਸਿੰਘਾ ਨੇ ਅਰਦਾਸ ਸਮਾਪਤ ਕੀਤੀ ਹੀ ਸੀ ਕਿ ਉਪਰ ਇੱਕ ਵਿਅਕਤੀ ਨੇ ਤੁਰੰਤ ਸੁਨੇਹਾ ਦਿੱਤਾ। ਇਕ ਵਣਜਾਰਾ ਤੁਹਾਡੀ ਖੋਜ ਕਰ (ਤੁਹਾ ਨੂੰ ਲੱਭ) ਰਿਹਾ ਹੈ, ਉਸ ਨੂੰ ਪਤਾ ਲੱਗਾ ਹੈ ਕਿ ਤੁਸੀਂ ਗੁਰੂ ਦੇ ਬੰਦੇ ਹੋ। ਉਹ ਆਪਣਾ ਦਸਵੰਧ ਗੁਰੂ ਘਰ ਦੇ ਕੰਮ ਲਈ ਜਮ੍ਹਾਂ ਕਰਵਾਉਣਾ ਚਾਹੁੰਦਾ ਹੈ। ਇਹ ਸੁਣਦਿਆਂ ਹੀ ਸਾਰੇ ਸਿੱਖਾਂ ਦਾ ਵਿਸ਼ਵਾਸ ਗੁਰੂ-ਬਚਨਾਂ ਤੇ ਹੋਰ ਪੱਕਾ ਹੋ ਗਿਆ। ਉਸ ਵਣਜਾਰੇ ਸਿੱਖ ਨੇ ਬੰਦਾ ਸਿੰਘ ਨੂੰ ਪੰਜ ਸੌ ਰੁਪਏ ਦਿੱਤੇ ਅਤੇ ਕਿਹਾ ਇਹ ਹਾਸ਼ੀ ਗੁਰੂ ਦੀ ਅਮਾਨਤ ਹੈ, ਉਨ੍ਹਾਂ ਨੂੰ ਪਹੁੰਚਾ ਦਿਉ। ਇਸ ਪ੍ਰਕਾਰ ਬੰਦਾ ਸਿੰਘ ਪੰਜਾਬ ਵੱਲ ਵੱਧਦਾ ਹੀ ਚਲਾ ਗਿਆ।

ਰਾਹ ਵਿਚ ਗਵਾਲੀਅਰ ਨਗਰ ਦੇ ਨੇੜੇ ਇੱਕ ਪਿੰਡ ਵਿਚ ਲੋਕ ਬਹੁਤ ਸਹਿਮੇ ਹੋਏ ਵਿਖਾਈ ਦਿੱਤੇ, ਦਿੱਤੇ, ਉਹ ਲੋਕ ਬੰਦਾ ਸਿੰਘ ਅਤੇ ਉਸਦੇ ਜਥੇ ਨੂੰ ਡਾਕ ਸਮਝ ਰਹੇ ਸਨ। ਨੂੰ ਵਿਸ਼ਵਾਸ਼ ਵਿਚ ਲਿਆ ਅਤੇ ਕਿਹਾ, ਅਸੀ ਤਾਂ ਯਾਤਰੀ ਹਾਂ, ਪੰਜਾਬ ਜਾ ਰਹੇ ਹਾਂ, ਸਾਡੇ ਤੋਂ ਭੈ-ਭੀਤ ਹੋਣ ਦੀ ਲੋੜ ਨਹੀ ਸਗੋ ਅਸੀ ਕਮਜ਼ੋਰ ਦੇ ਰਖਿਅਕ ਹਾਂ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਵਾਲੇ ਹਾਂ ਤੁਸੀਂ ਜਦੋਂ ਚਾਹੋ, ਅਜ਼ਮਾ ਸਕਦੇ ਹੋ। ਇਹ ਸੁਣ ਕੇ ਪਿੰਡ ਦਾ ਮੁਖੀਆ ਬੋਲਿਆ, ਸਾਨੂੰ ਡਾਕੂਆਂ ਨੇ ਚੁਣੌਤੀ ਦਿੱਤੀ ਹੋਈ ਹੈ ਕਿ ਉਹ ਕਦੇ ਵੀ ਇਸ ਇਲਾਕੇ ਤੇ ਹਮਲਾ ਕਰ ਸਕਦੇ ਹਨ। ਇਸ ਲਈ ਅਸੀਂ ਪਿੰਡ ਛੱਡ ਕੇ ਭੱਜ ਰਹੇ ਹਾਂ, ਇਹ ਸੁਣ ਕੇ ਬੰਦਾ ਸਿੰਘ ਨੇ ਜੁਆਬ ਦਿੱਤਾ ਜੇ ਤੁਸੀ ਲੋਕ ਹੌਸਲਾ ਰਖੋ ਅਤੇ ਸਾਡੇ ਕਹਿਣ ਅਨੁਸਾਰ ਵਿਵਹਾਰ ਕਰੋ ਤਾਂ ਅਸੀਂ ਤੁਹਾਨੂੰ ਸਭ ਨੂੰ ਸਦਾ ਲਈ ਡਾਕੂਆਂ ਦੇ ਡਰ ਤੋਂ ਮੁਕਤੀ ਦਿਵਾ ਸਕਦੇ ਹਾਂ, ਪਿੰਡ ਦੇ ਮੁਖੀਏ ਨੇ ਤੁਰੰਤ ਪਿੰਡ ਦੀ ਪੰਚਾਇਤ ਬੁਲਾਈ ਅਤੇ ਜਥੇਦਾਰ ਬੰਦਾ ਸਿੰਘ ਦੇ ਪ੍ਰਸਤਾਵ ਤੇ ਵਿਚਾਰ ਹੋਣ ਲੱਗਾ ਪਿੰਡ ਵਾਲਿਆਂ ਨੇ ਬੰਦਾ ਸਿੰਘ ਤੋਂ ਪੁਛਿਆ ਕਿ ਉਨ੍ਹਾਂ ਨੂੰ ਇਸ ਕੰਮ ਲਈ ਕੀ ਕਰਨਾ ਪਵੇਗਾ?

ਜੁਆਬ ਵਿਚ ਬੰਦਾ ਸਿੰਘ ਨੇ ਕਿਹਾ, ਅਸੀਂ ਤੁਹਾਡੇ ਲਈ ਡਾਕੂਆਂ ਦਾ ਸਾਹਮਣਾ ਕਰਾਂਗੇ, ਤੁਸੀਂ ਸਿਰਫ਼ ਘਰੇਲੂ ਰਖਿਅਕ ਸਮੱਗਰੀ ਕੁਹਾੜੀ, ਡਾਂਗ, ਬਰਛਾ ਆਦਿ ਲੈ ਕੇ ਸਾਡੇ ਪਿਛੇ ਦੂਜੀ ਲਾਈਨ ਵਿਚ ਡਟੇ ਰਹਿਣਾ ਅਤੇ ਡਾਕੂਆਂ ਤੇ ਹਮਲਾ ਬੋਲਣ ਦੀਆਂ ਆਵਾਜਾਂ ਵਿਚ ਗੱਜਦੇ ਰਹਿਣਾ ਬਾਕੀ ਅਸੀਂ ਸੰਭਾਲ ਲਵਾਂਗੇ।

ਜਥੇਦਾਰ ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਤਾਂ ਇਸੇ ਪਿੰਡ ਵਿਚ ਮੋਰਚਾ ਲਾ

ਲਿਆ ਅਤੇ ਪਿੰਡ ਵਾਲਿਆ ਨੂੰ ਸੈਨਿਕ ਸਿਖਿਆ ਦੇਣ ਲੱਗੇ। ਸਿਖਿਆ ਪ੍ਰਾਪਤ ਕਰਦਿਆ ਹੀ ਉਥੋਂ ਦੇ ਨੌਜੁਆਨਾ ਦਾ ਆਤਮ ਵਿਸ਼ਵਾਸ ਜਾਗਾ ਪਿਆ ਅਤੇ ਉਹ ਅਗੰਮੀ ਹੌਸਲੇ ਵਿਚ ਜਿਉ ਉਠੇ। ਫਿਰ ਤਾਂ ਉਹ ਡਾਕੂਆਂ ਦੇ ਆਉਣ ਦੀ ਉਡੀਕ ਕਰਨ ਲੱਗੇ। ਦੇਖਦਿਆਂ-ਦੇਖਦਿਆਂ ਹੀ ਉਹ ਵੇਲਾ ਵੀ ਆ ਗਿਆ। ਡਾਕੂਆਂ ਨੇ ਆਪਣੇ ਨਿਸ਼ਚਿਤ ਕੀਤੇ ਸਮੇਂ ਤੇ ਪਿੰਡ ਤੇ ਹਮਲਾ ਕਰ ਦਿੱਤਾ। ਪਰ ਇਸ ਵਾਰ ਉਨ੍ਹਾਂ ਨੂੰ ਆਪਣੀ ਕਲਪਨਾ ਦੇ ਉਲਟ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਥੇਦਾਰ ਬੰਦਾ ਸਿੰਘ ਨੇ ਬਹੁਤ ਸਾਵਧਾਨੀ ਨਾਲ ਇੱਕ ਚੱਕਰਵਿਊ ਦੀ ਰਚਨਾ ਕਰ ਦਿੱਤੀ ਸੀ। ਉਸਨੇ ਪਿੰਡ ਦੇ ਸਾਰੇ ਘਰਾਂ ਵਿਚ ਇਕ ਹੀ ਤਰ੍ਹਾਂ ਦੇ ਚਾਨਣ ਦਾ ਪ੍ਰਬੰਧ ਕਰ ਦਿੱਤਾ ਪਰ ਘਰਾਂ ਨੂੰ ਖਾਲੀ ਕਰਵਾ ਲਿਆ ਅਤੇ ਖੁਦ ਪਿੰਡ ਦੀ ਸਾਰੀ ਜਨਤਾ ਨੂੰ ਨਾਲ ਲੈ ਕੇ ਹਨੇਰੇ ਵਿਚ ਲੱਕ ਗਏ। ਜਿਉਂ ਹੀ ਡਾਕੂਆਂ ਨੇ ਘਰਾਂ ਤੇ ਹਮਲਾ ਕੀਤਾ ਉਸੇ ਵੇਲੇ ਪਿਛਲੇ ਪਾਸਿਉ ਉਨ੍ਹਾਂ ਡਾਕੂਆਂ ਨੂੰ ਘੇਰ ਲਿਆ ਗਿਆ। ਇਸ ਤਰਕੀਬ ਦੇ ਕਰਕੇ ਕੋਈ ਵੀ ਡਾਕੂ ਵਾਪਸ ਨਹੀ ਭੱਜ ਸਕਿਆ, ਸਭ ਨੂੰ ਉਥੇ ਹੀ ਲਲਕਾਰ ਦੇ ਸਿੰਘਾ ਅਤੇ ਪਿੰਡ ਵਾਲਿਆਂ ਨੇ ਮਿਲ ਜੁਲ ਕੇ ਘੇਰ ਕੇ ਢੇਰੀ ਕਰ ਦਿੱਤਾ।

ਉਨ੍ਹਾਂ ਦੇ ਹਥਿਆਰ ਅਤੇ ਘੋੜੇ ਆਦਿ ਕਬਜ਼ੇ ਵਿਚ ਲੈ ਲਏ। ਇਹ ਬਹੁਤ ਵੱਡੀ ਜਿੱਤ ਸੀ, ਇਸ ਤੋਂ ਉਤਸ਼ਾਹਿਤ ਹੋ ਕੇ ਉਸ ਪਿੰਡ ਦੇ ਨੌਜੁਆਨਾਂ ਨੇ ਬੰਦਾ ਸਿੰਘ ਦੀ ਸੈਨਾ ਵਿਚ ਭਰਤੀ ਹੋਣ ਲਈ ਉਨ੍ਹਾਂ ਬੇਨਤੀ ਕੀਤੀ। ਇਸ ਸਫਲਤਾ ਨੇ ਸਾਰਿਆਂ ਦਾ ਮਨੋ-ਬਲ ਵਧਾ ਦਿੱਤਾ ਸੀ। ਬੰਦਾ ਸਿੰਘ ਨੇ ਇਸ ਮੌਕੇ ਦਾ ਫਾਇਦਾ ਉਠਾਉਦਿਆਂ ਹੋਇਆ ਰਿਸ਼ਟ-ਪੁਸ਼ਟ ਨੌਜੁਆਨਾ ਨੂੰ ਆਪਣੀ ਸੈਨਾ ਵਿਚ ਭਰਤੀ ਕਰ ਲਿਆ ਅਤੇ

ਅੱਗੇ ਵੱਧਣ ਲੱਗੇ। ਝਾਂਸੀ ਦੇ ਇਲਾਕੇ ਦੇ ਨੇੜੇ ਉਨ੍ਹਾਂ ਨੇ ਪੜਾਅ ਕੀਤਾ। ਭੋਜਨ ਦਾ ਪ੍ਰਬੰਧ ਕਰਨ ਸਮੇਂ ਇੱਕ ਥਾਂ ਤੇ ਚੁੱਲ੍ਹਾ ਬਣਾਉਂਦਿਆਂ, ਹੇਠਾਂ ਧਰਤੀ ਵਿਚ ਗੱਡਿਆ ਹੋਇਆ ਖਜ਼ਾਨਾ ਮਿਲ ਗਿਆ। ਅਨੁਮਾਨ ਲਾਇਆ ਗਿਆ ਕਿ ਇਹ ਖਜ਼ਾਨਾ ਕਿਸੇ ਡਾਕੂ ਗਰੋਹ ਦੁਆਰਾ ਧਰਤੀ ਪੁੱਟ ਕੇ ਦਬਾਇਆ ਤੇ ਛਿਪਾਇਆ ਗਿਆ ਸੀ। ਖਜ਼ਾਨਾ ਮਿਲਣ ਤੇ ਬੰਦਾ ਸਿੰਘ ਦੇ ਲਸ਼ਕਰ ਦੀ ਆਰਥਿਕ ਹਾਲਤ ਬਹੁਤ ਮਜ਼ਬੂਤ ਹੋ ਗਈ। ਇਸੇ ਤਰ੍ਹਾਂ ਅੱਗੇ ਵਧਦੇ ਹੋਏ ਆਗਰੇ ਦੇ ਇਲਾਕੇ ਦੇ ਨੇੜੇ ਇੱਕ ਦਿਨ ਹਾਰ ਵਿਚ ਵਣਜਾਰਿਆਂ ਦੇ ਕਾਫਲੇ ਨਾਲ ਸਾਹਮਣਾ ਹੋ ਗਿਆ। ਵਣਜਾਰਿਆਂ ਦਾ ਕਦਾਫਲਾ ਬੰਦਾ ਸਿੰਘ ਦੀ ਪਲਟਨ ਵੇਖ ਦੇ ਡਰ ਗਿਆ ਅਤੇ ਉਹ ਲੋਕ ਇਧਰ-ਉਧਰ ਲੁਕਣ ਦੀ ਕੋਸ਼ਿਸ ਕਰਨ ਲਗੇ। ਬੰਦਾ ਸਿੰਘ ਉਨ੍ਹਾਂ ਦੇ ਡਰ ਦਾ ਕਾਰਣ ਜਾਣਵਾ ਚਾਹੁੰਦੇ ਸਨ ਇਸ ਲਈ ਉਨ੍ਹਾਂ ਨੇ ਉਨ੍ਹਾਂ ਵਿਚੋਂ ਕੁਝ ਨੂੰ ਫੜ੍ਹ ਲਿਆ ਅਤੇ ਪੁੱਛ-ਗਿੱਛ ਕੀਤੀ।

ਪੁੱਛਣ ਤੇ ਪਤਾ ਲੱਗਾ ਕਿ ਉਹ ਲੋਕ ਬੰਦਾ ਸਿੰਘ ਦੇ ਸੈਨਿਕਾਂ ਨੂੰ ਮੁਗਲ ਸੈਨਾ ਸਮਝ ਰਹੇ ਸਨ।

ਮੁਗਲ ਸੈਨਿਕਾਂ ਦਾ ਵਤੀਰਾ ਵਣਜਾਰਿਆ ਦੇ ਪ੍ਰਤੀ ਚੰਗਾ ਨਹੀਂ ਸੀ, ਉਹ ਇਨ੍ਹਾਂ ਦਾ ਸ਼ੋਸਣ ਕਰਦੇ ਅਤੇ ਧਮਕਾਉਂਦੇ ਰਹਿੰਦੇ ਸਨ। ਜਦੋਂ ਵਣਜਾਰਿਆਂ ਨੂੰ ਮਾਲੂਮ ਹੋਇਆ ਕਿ ਜਿਨ੍ਹਾਂ ਨੂੰ ਉਹ ਸ਼ਾਹੀ ਸੈਨਿਕ ਸਮਝ ਰਹੇ ਸਨ, ਉਹ ਤਾਂ ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਕ ਹਨ ਤਾਂ ਉਹ ਸਾਰੇ ਇਕੱਠੇ ਹੋ ਕੇ ਜਥੇਦਾਰ ਬੰਦਾ ਸਿੰਘ ਦੀ ਸ਼ਰਨ ਵਿਚ ਹਾਜ਼ਰ ਹੋਏ। ਤਦ ਉਨ੍ਹਾਂ ਨੇ ਦਸਿਆ ਕਿ ਉਹ ਨਾਨਕ -

ਪੰਥੀ ਹਨ ਪਰਉਹ ਆਪਣੀ ਪਹਿਚਾਣ ਲੁਕਾ ਕੇ ਰਹਿੰਦੇ ਹਨ, ਨਹੀ ਤਾਂ ਉਨ੍ਹਾਂ ਨੂੰ ਹਾਕਮਾਂ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਪ੍ਰਕਾਰ ਜਥੇਦਾਰ ਬੰਦਾ ਸਿੰਘ ਨੂੰ ਇਕ ਸੁਭ ਮੌਕਾ ਹੱਥ ਲਗਾ ਗਿਆ, ਉਸਨੇ ਆਪਣੀ ਸੰਖਿਆ (ਗਿਣਤੀ) ਵਧਾਉਣ ਦੇ ਵਿਚਾਰ ਨਾਲ ਵਣਜਾਰਿਆਂ ਦੇ ਸਨਮੁੱਖ ਇਕ ਪ੍ਰਸਤਾਵ ਰਖਿਆ ਅਤੇ ਉਨ੍ਹਾਂ ਨੂੰ ਆਪਣਾ ਉਦੇਸ ਦਸਿਆ ਕਿ ਸਾਡਾ ਇੱਕੋ-ਇੱਕ ਉਦੇਸ਼ ਅਤਿਆਚਾਰੀ ਸ਼ਾਸਕਾਂ ਤੋਂ ਬਲਦਾ ਲੈਣਾ ਹੈ। ਜੇ ਤੁਸੀਂ ਲੋਕ ਸਾਨੂੰ ਸਹਿਯੋਗ ਦੇਵੋ ਤਾਂ ਇਹ ਕੰਮ ਬਹੁਤ ਆਸਾਨ ਹੋ ਸਕਦਾ ਹੈ। ਬੰਦਾ ਸਿੰਘ ਨੇ ਉਨ੍ਹਾਂ ਨੂੰ ਦਸਿਆ ਕਿ ਉਹ ਚਾਹੁੰਦੇ ਹਨ ਕਿ ਉਹ ਲੋਕ ਆਪਣੇ ਨੌਜੁਆਨਾਂ ਨੂੰ ਸਿੱਖ ਸੈਨਾ ਵਿਚ ਭਰਤੀ ਕਰਵਾਉਣ, ਨਾਲ ਹੀ ਰਸਦ ਤੇ ਹਥਿਆਰ ਵੀ ਭੇਜਦੇ ਰਹਿਣ, ਜਿਨ੍ਹਾਂ ਦਾ ਉਹ ਨਕਦ ਭੁਗਤਾਨ ਕਰਵਗੇ, ਵਣਜਾਰੇ ਖੁਸ਼ ਹੋ ਗਏ, ਉਹ ਇਸੇ ਪ੍ਰਕਾਰ ਦੀ ਸੰਧੀ ਚਾਹੁੰਦੇ ਸਨ।

ਉਨ੍ਹਾਂ ਦਿਨਾਂ ਵਿਚ ਮੱਧ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਵਣਜਾਰੇ (ਨਾਨਕ-ਪੰਥੀ) ਲੋਕ ਦੂਰ-ਦੁਰੇਡੇ ਇਲਾਕਿਆਂ ਵਿਚ ਫੈਲ ਕੇ ਆਦਿ ਵਾਸੀਆਂ ਵਾਲਾ ਜੀਵਨ ਬਤੀਤ ਕਰ ਰਹੇ ਸਨਾ ਇਨ੍ਹਾਂ ਵਿਚ ਵਧੇਰੇ ਸਿਕਲੀਗਰ ਸਨ, ਜਿਹੜੇ ਹਥਿਆਰ ਬਣਾਉਣ ਦੇ ਕੰਮ ਵਿਚ ਨਿਪੁੰਨ ਸਨ। ਭੂਤ ਕਾਲ ਵਿਚ ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਫੀ ਮਾਤਰਾ ਵਿਚ ਹਥਿਆਰ ਭੇਜਦੇ ਰਹਿੰਦੇ ਸਨ।

ਇਸ ਸਮੇਂ ਬੰਦਾ ਸਿੰਘ ਨੇ ਵਣਜਾਰਾ ਬਿਰਾਦਰੀ ਨੂੰ ਵਿਸ਼ਵਾਸ਼ ਵਿਚ ਲੈ ਲਿਆ

ਸੀ ਅਤੇ ਨੌਜੁਆਨਾਂ ਨੂੰ ਆਪਣੀ ਸੈਨਾ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਥੋੜ੍ਹੇ ਹੀ ਸਮੇਂ ਵਿਚ ਬੰਦਾ ਸਿੰਘ ਦੀ ਸੈਨਿਕ ਸ਼ਕਤੀ ਵਿਸ਼ਾਲ ਰੂਪ ਧਾਰਣ ਕਰਨ ਲੱਗੀ, ਫਿਰ ਉਹ ਹੋਲੀ-ਹੋਲੀ ਅਗੇ ਵਧਦੇ ਹੋਏ ਰੋਹਤਕ ਜ਼ਿਲੇ ਵਿਚੋਂ ਹੁੰਦੇ ਹੋਏ ਪਿੰਡ ਸਹੇਰੀ ਅਤੇ ਖੰਡਾਂ ਦੇ ਵਿਚਕਾਰ ਪੜਾਅ ਕਰਕੇ ਬੈਠ ਗਏ। ਉਨ੍ਹਾਂ ਦਿਨਾਂ ਵਿਚ ਇਸ ਪੂਰੇ ਇਲਾਕੇ ਨੂੰ ਬਾਂਗਰ ਦੇਸ਼ ਕਹਿੰਦੇ ਸਨ।

ਹੁਣ ਬੰਦਾ ਸਿੰਘ ਦੇ ਸਾਹਮਣੇ ਉਸ ਦਾ ਮੁੱਖ ਉਦੇਸ਼ ਸਰਹੰਦ ਨਗਰ ਬਹੁਤ ਨੇੜੇ ਸੀ। ਇਸ ਵੇਲੇ ਉਨਾਂ ਦੇ ਸਾਹਮਣ ਉਦੇਸ਼ ਦੀ ਪ੍ਰਾਪਤੀ ਲਈ ਯੋਜਨਾ-ਬੱਧ ਪ੍ਰੋਗਰਾਮ ਤਿਆਰ ਕਰਨਾ ਅਤੇ ਪੰਜਾਬ ਵਿਚ ਵਸਦੇ ਵੱਖ-ਵੱਖ ਇਲਾਕਿਆਂ ਦੇ ਸਿੱਖਾਂ ਨੂੰ ਗੁਰੂਦੇਵ ਜੀ ਦਾ ਹੁਕਮਾਨਾਮਾ ਭੇਜਣਾ ਸੀ, ਜਿਸ ਦੇ ਮਿਲਣ ਤੇ ਗੁਰੂਦੇਵ ਦੇ ਸਮਰਪਿਤ ਸਿੱਖ ਸਿਰ ਤੇ ਖੱਫਣ (ਕਫਨ) ਬੰਨ੍ਹ ਕੇ ਉਸ ਨੂੰ ਸਹਿਯੋਗ ਦੇਣ ਵਾਲਿਆਂ ਦੇ ਕਾਫਲੇ ਦੇ ਰੂਪ ਵਿਚ ਇਕੱਠੇ ਹੋ ਜਾਣ।

ਬੰਦਾ ਸਿੰਘ ਨੇ ਆਪਣੇ ਸਾਥੀ ਸਿੱਖਾਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਘਰਾਂ ਨੂੰ ਜਾਣ ਅਤੇ ਸਾਰੇ ਨੇੜੇ ਦੇ ਇਲਾਕਿਆਂ ਵਿਚ ਗੁਰੂਦੇਵ ਦਾ ਹੁਕਮਨਾਮਾ ਸੁਣਾਉਣ ਅਤੇ ਖਿੰਡੇ ਹੋਏ ਸਿੱਖਾਂ ਨੂੰ ਇਕੱਠੇ ਕਰਨ ਦੀ ਮੁਹਿੰਮ ਚਲਾਉਣ। ਜਦੋਂ ਤੱਕ ਪੰਜਾਬ ਦੇ ਸਿੱਖ ਇਸ ਮੁਹਿੰਮ ਵਿਚ ਸ਼ਾਮਲ ਨਹੀ ਹੁੰਦੇ ਤਦ ਤੱਕ ਮੁੱਖ ਉਦੇਸ਼ ਅਨੁਸਾਰ ਧਾਵਾ ਨਹੀ ਬੋਲਿਆ ਜਾ ਸਕਦਾ।

ਜੁਆਬ ਵਿਚ ਸਿੰਘਾਂ ਦੇ ਕਿਹਾ, ਸਾਨੂੰ ਘਰ ਜਾਣ ਲਈ ਕੁਝ ਧਨ (ਪੈਸਾ) ਚਾਹੀਦਾ ਹੈ, ਅਸੀ ਖਾਲੀ ਹੱਥ ਨਹੀਂ ਜਾਣਾ ਚਾਹੁੰਦੇ। ਉਸ ਸਮੇਂ ਹੀ ਸੂਚਨਾ ਮਿਲੀ ਕਿ

ਲਾਹੌਰ ਤੋਂ ਦਿੱਲੀ ਸ਼ਾਹੀ ਖਜ਼ਾਨਾ ਜਾ ਰਿਹਾ ਹੈ। ਬਸ ਫਿਰ ਕੀ ਸੀ, ਬੰਦਾ ਸਿੰਘ ਨੇ ਤੁਰੰਤ ਸ਼ਾਹੀ ਖਜਾਨਾ ਲੁੱਟਣ ਦਾ ਆਦੇਸ਼ ਦੇ ਦਿੱਤਾ। ਥੋੜ੍ਹੇ ਸਮੇਂ ਵਿਚ ਹੀ ਉਸ ਦੇ ਸੈਨਿਕਾਂ ਨੇ ਜਰਨੈਲੀ ਸੜਕ ਨੂੰ ਘੇਰ ਕੇ ਸ਼ਾਹੀ ਖਜਾਨਾ ਲੁੱਟ ਲਿਆ।

ਸ਼ਾਹੀ ਸੈਨਾ ਨਾਲ ਇਹ ਪਹਿਲੀ ਮੁੱਠ-ਭੇੜ ਸੀ ਸ਼ਾਹੀ ਖਜਾਨਾ ਹੱਥ ਲੱਗਦਿਆਂ ਹੀ ਬੰਦਾ ਸਿੰਘ ਨੇ ਘਰ ਜਾਣ ਵਾਲੇ ਸਿੱਖਾਂ ਨੂੰ ਕਿਹਾ, ਖਜ਼ਾਨਾ ਤੁਹਾਡੇ ਸਾਹਮਣੇ ਹੈ, ਜਿੰਨੀ ਇੱਛਾ ਹੈ ਲੈ ਜਾਉ, ਇਸ ਗੱਲ ਤੇ ਸਾਰੇ ਬਹੁਤ ਖੁਸ਼ ਹੋਏ ਅਤੇ ਸੰਤੁਸ਼ਟ ਹੋ ਕੇ ਘਰਾਂ ਨੂੰ ਚਲੇ ਗਏ।

ਇਨ੍ਹਾਂ ਦਿਨਾਂ ਵਿਚ ਸਮਾਰਾਟ ਬਹਾਦਰ ਸ਼ਾਹ ਰਾਜਪੂਤਾਂ ਨਾਲ ਯੁੱਧ ਵਿਚ ਉਲਝਿਆ ਹੋਇਆ ਸੀ। ਦਿੱਲੀ ਵਿਚ ਜ਼ਿਮੇਵਾਰੀ ਨਿਭਾਉਣ ਵਾਲਾ ਕੋਈ ਸਿਆਸੀ ਪ੍ਰਬੰਧਕ ਨਹੀਂ ਸੀ। ਇਸ ਲਈ ਖਜ਼ਾਨਾ ਲੁੱਟੇ ਜਾਣ ਤੇ ਕਿਸੇ ਤਰ੍ਹਾਂ ਦੀ ਕੋਈ ਪ੍ਰਤਿਕਿਰਿਆ ਨਹੀ ਹੋਈ, ਬਹੁਤ ਵੱਡੀ ਦੌਲਤ ਹੱਥ ਲੱਗਣ ਨਾਲ ਬੰਦਾ ਸਿੰਘ ਨੇ ਆਪਣੀ ਸੈਨਾ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਸਭ ਤਰ੍ਹਾਂ ਦੀ ਯੁੱਧ ਸਮੱਗਰੀ ਖਰੀਦ ਲਈ, ਸਹੇਰੀ-ਖੰਡਾਂ ਪਿੰਡਾਂ ਦਾ ਵਿਚਲਾ-ਸਥਾਨ ਉਸ ਦੀਆਂ ਸੈਨਿਕ ਤਿਆਰੀਆਂ ਦੇ ਲਈ ਬਹੁਤ ਸਹੀ ਸਿੱਧ ਹੋਇਆ। ਦੂਜੇ ਪਾਸੇ ਜਦੋਂ ਬੰਦਾ ਸਿੰਘ ਤੋਂ ਵਿਦਾਇਗੀ ਲੈ ਕੇ ਸਿੰਘ ਆਪਣੇ ਘਰਾਂ ਵਿਚ ਪਹੁੰਦੇ ਤਾਂ ਉਨ੍ਹਾਂ ਦੇ ਪਰਿਵਾਰਾਂ ਨੇ ਗੁਰੂਦੇਵ ਦੀ ਰਾਜੀ-ਖੁਸ਼ੀ ਪੁੱਛੀ। ਜੁਆਬ ਵਿਚ ਸਿੰਘਾ ਨੇ ਦਸਿਆ ਕਿ ਗੁਰੂ ਜੀ ਨੇ ਆਪਣੇ ਇੱਕ ਬੰਦੇ ਨੂੰ ਭੇਜਿਆ ਹੈ, ਜਿਸ ਦੀ ਅਗਵਾਈ ਵਿਚ ਸਾਨੂੰ ਸੰਗਠਿਤ ਹੋਣ ਦਾ ਆਦੇਸ਼ ਹੈ। ਉਹ ਬੰਦਾ ਸਾਹਿਬਜ਼ਾਦਿਆਂ ਦੀ ਹੱਤਿਆ ਅਤੇ ਹੋਰ ਹੱਤਿਆਵਾਂ ਦਾ

ਬਦਲਾ ਜ਼ਾਲਮ ਦੁਸ਼ਟਾਂ ਤੋਂ ਲਵੇਗਾ। ਬਸ ਫਿਰ ਕੀ ਸੀ, ਇਹ ਸੁਨੇਹਾ ਮਿਲਦਿਆਂ ਹੀ, ਪਿੰਡ-ਪਿੰਡ ਵਿਚੋਂ ਨੌਜੁਆਨਾਂ ਦੇ ਦਿਲ ਵਿਚ ਗੁਰੂ ਦੇ ਨਾਂ ਤੇ ਮਰ ਮਿਟਣ ਦੀ ਇੱਛਾ ਜਾਗਰਤ ਹੋ ਗਈ, ਉਹ ਇਕੱਠੇ ਹੋ ਕੇ ਕਾਫਲਿਆਂ ਦੇ ਰੂਪ ਵਿਚ ਬੰਦਾ ਸਿੰਘ ਦੇ ਕੋਲ ਪਿੰਡ ਸਹੇਰੀ ਪਹੁੰਚਣ ਲੱਗੇ, ਪੂਰੇ ਪੰਜਾਬ ਵਿਚ ਇਹ ਲਹਿਰ ਚੱਲ ਪਈ। ਕਈ ਪਰਿਵਾਰਾਂ ਨੇ ਆਪਣੇ ਘਰਾ ਦੀਆਂ ਮੱਝਾਂ ਵੇਚ ਕੇ ਘੋੜੇ ਖਰੀਦ ਲਏ, ਕਈਆਂ ਨੇ ਤਾਂ ਆਪਣੇ ਸਾਰੇ ਪੁੱਤਰਾਂ ਨੂੰ ਗੁਰੂ ਦੇ ਨਾਂ ਤੇ ਨਿਛਾਵਰ ਹੋਣ ਲਈ ਭੇਜ ਦਿੱਤਾ। ਪੰਜਾਬ ਦੇ ਮਾਲਵਾ ਇਲਾਕੇ ਦੇ ਸਿੱਖ ਬੰਦਾ ਸਿੰਘ ਕੋਲ ਪਹਿਲਾਂ ਪਹੁੰਚ ਗਏ ਕਿਉਂਕਿ ਬਾਂਗੜ ਦੇਸ਼ ਮਾਲਵਾ ਇਲਾਕੇ ਦੇ ਬਿਲਕੁਲ ਨਾਲ ਹੀ ਸੀ ਪਰ ਪੰਜਾਬ ਦੇ ਦੁਆਬੇ ਅਤੇ ਮਾਝੇ ਦੇ ਇਲਾਕਿਆਂ ਦੇ ਸਿੱਖ ਦੂਰੀ ਵਧੇਰੇ ਹੋਣ ਕਰਕੇ ਰਾਹ ਵਿਚ ਹੀ ਸਨ।

ਜਥੇਦਾਰ ਬੰਦਾ ਸਿੰਘ ਦੀ ਪੰਚਾਇਤ ਨੇ ਮਹਿਸੂਸ ਕੀਤਾ ਕਿ ਉਸ ਸਮੇਂ ਤੱਕ ਉਨ੍ਹਾਂ ਦੇ ਕੋਲ ਲੋੜੀਂਦੀ ਸੰਖਿਆ ਵਿਚ ਸੈਨਿਕ ਸ਼ਕਤੀ ਇਕੱਠੀ ਹੋ ਗਈ ਹੈ। ਇਸ ਵਿਸ਼ਾਲ ਸੈਨਾਦਾ ਨੂੰ ਬਿਨ੍ਹਾਂ ਕਿਸੇ ਉਦੇਸ਼ ਦੇ ਬੈਠਾ ਕੇ ਰਖਣਾ ਨੁਕਸਾਨਦਾਇਕ ਹੋ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਛੋਟੇ-ਛੋਟੇ ਉਦੇਸ਼ ਦਿੱਤੇ ਜਾਣ, ਜਿਨ੍ਹਾਂ ਨਾਲ ਇਨ੍ਹਾਂ ਦਾ ਤਜਰਬਾ ਵਧੇ ਅਤੇ ਸੰਯੁਕਤ ਰੂਪ ਵਿਚ ਕੰਮ ਕਰਨ ਦੀ ਯੋਗਤਾ ਪੈਦਾ ਹੋ ਸਕੇ, ਇਸ ਲਈ ਉਨ੍ਹਾਂ ਨੇ ਸੋਨੀਪਤ ਜਿੱਤਣ ਦਾ ਫੈਸਲਾ ਕੀਤਾ। ਸੋਨੀਪਤ ਦੀ ਸੈਨਿਕ ਚੌਂਕੀ ਦਾ ਕਮਜੋਰ ਹੋਣਾ ਵੀ ਇਸ ਫੈਸਲਾ ਦਾ ਇੱਕ ਕਾਰਨ ਸੀ।

ਬੰਦਾ ਸਿੰਘ ਨੇ ਪੰਜ ਪਿਆਰਿਆ ਦੀ ਆਗਿਆ ਅਨੁਸਾਰ ਅਰਦਾਸਾ ਸੋਧ ਕੇ ਸੋਨੀਪਤ ਤੇ ਹਮਲਾ ਕਰ ਦਿੱਤਾ। ਅਨੁਮਾਨ (ਅੰਦਾਜ਼ਾ) ਠੀਕ ਨਿਕਲਿਆ ਉਥੇ ਦੇ

ਮੁਗਲ ਫੌਜਦਾਰ ਆਪਣੀ ਸਥਿਤੀ ਕਮਜ਼ੋਰ ਵੇਖ ਕੇ ਦਿੱਲੀ ਭੱਜ ਗਏ। ਸਿੱਖਾਂ ਦਾ ਬਚੀ ਹੋਈ ਯੁੱਧ ਸਮੱਗਰੀ ਕਬਜ਼ੇ ਵਿਚ ਲੈ ਲਈ ਅਤੇ ਉਥੋਂ ਦੀ ਜਨਤਾ ਦੀ ਪੰਜਾਇਤ ਬੁਲਾ ਲਈ। ਨਗਰ ਦਾ ਪ੍ਰਬੰਧ ਉਨ੍ਹਾਂ ਦੇ ਹਵਾਲੇ ਕਰਕੇ ਆਪ ਉਥੋਂ ਚਾਲੇ ਪਾ ਲਏ

ਸੋਨੀਪਤ ਦੀ ਜਿੱਤ ਨਾਲ ਸਾਰੇ ਸਿੱਖਾਂ ਦਾ ਹੌਸਲਾ ਵਧਦਾ ਗਿਆ। ਪੰਜਾਬ ਤੋਂ ਹਰ ਰੋਜ਼ ਸਿੱਖਾਂ ਦੇ ਨਵੇਂ-ਨਵੇਂ ਕਾਫਲੇ ਬੰਦਾ ਸਿੰਘ ਦੇ ਕੋਲ ਪਹੁੰਚ ਰਹੇ ਸਨ। ਇਨ੍ਹਾਂ ਸਾਰੇ ਸਮਾਚਾਰਾਂ ਦੇ ਮਿਲਣ ਤੇ ਸਰਹੰਦ ਦੇ ਸੂਬੇਦਾਰ ਵਜੀਰ ਖਾਨ ਨੂੰ ਡਰ ਸਤਾਉਣ ਲੱਗਾ ਕਿ ਕਿਤੇ ਇਹ ਗੁਰੂ ਦਾ ਬੰਦਾ ਮੇਰੇ ਉਤੇ ਹਮਲਾ ਨਾ ਕਰ ਦੇਵੇ। ਇਸ ਲਈ ਉਹ ਚੇਤੰਨ ਹੋ ਗਿਆ। ਉਸਨੇ ਮਲੇਰ ਕੋਟਲੇ ਦੇ ਨਵਾਬ ਸ਼ੇਰ ਖਾਂ ਨੂੰ ਆਦੇਸ ਦਿੱਤਾ ਕਿ ਉਹ ਪੰਜਾਬ ਦੇ ਸਾਝੇ ਇਲਾਕੇ ਦੇ ਸਿੱਖਾਂ ਨੂੰ ਬੰਦਾ ਸਿੰਘ ਦੀ ਸੈਨਾ ਵਿਚ ਨਾ ਜਾਣ ਦੇਵੇ, ਉਨ੍ਹਾਂ ਨੂੰ ਸਤਲੁਜ ਨਦੀ ਤੇ ਹੀ ਰੋਕ ਕੇ ਰਖਿਆਂ ਜਾਣਾ ਚਾਹੀਦਾ ਹੈ।

ਜਥੇਦਾਰ ਬੰਦਾ ਸਿੰਘ ਨੇ ਮਹਿਸੂਸ ਕੀਤਾ ਕਿ ਉਸ ਦੇ ਕੋਲ ਹੁਣ ਵਿਸ਼ਾਲ ਸੈਨਿਕ ਸ਼ਕਤੀ ਹੈ ਇਸ ਲਈ ਉਸ ਨੂੰ ਹੁਣ ਆਪਣੀ ਸ਼ਕਤੀ ਦੁਸ਼ਮਣ ਨੂੰ ਕਮਜ਼ੋਰ ਕਰਨ ਤੇ ਲਾਉਣੀ ਚਾਹੀਦੀ ਹੈ। ਹੁਣ ਉਸ ਨੇ ਬਾਗੜ ਦੇਸ਼ ਦੇ ਸਭ ਤੋਂ ਅਮੀਰ ਨਗਰ ਨੂੰ ਨਾਸ ਕਰਨ ਦਾ ਪ੍ਰੋਗਰਾਮ ਉਲੀਕਿਆ। ਉਸ ਦਾ ਮੁੱਖ ਕਾਰਣ ਇਹ ਸੀ ਕਿ ਇਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਜਲਾਲੂਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਾਲੇ ਜਲਾਦ ਸ਼ਾਸਨ ਬੇਗ ਤੇ ਬਾਸ਼ਲ ਬੇਗ ਤੇ ਬਾਸ਼ਲ ਬੇਗ ਰਹਿੰਦੇ ਸਨ। ਇਸ ਨਗਰ ਦਾ ਨਾਂ ਸਮਾਣਾ ਸੀ। ਇਸ ਨਗਰ ਦੀ ਸੁਰੱਖਿਆ ਦੇ ਲਈ ਉਨ੍ਹਾਂ ਦਿਨਾਂ ਵਿਚ ਸ਼ਾਹੀ ਸੈਨਾ ਦੀ ਇੱਕ ਪਲਟਨ ਨਿਯੁਕਤ ਸੀ।

ਜਥੇਦਾਰ ਬੰਦਾ ਸਿੰਘ ਨੇ ਪੰਜ ਪਿਆਰਿਆਂ ਨਾਲ ਇਸ ਵਿਸ਼ੇ ਤੇ ਸਲਾਹ ਕਰਕੇ ਆਪਣੀ ਨਵੀ ਸੰਗਠਿਤ ਸੈਨਾ ਨੂੰ ਸੰਬੋਧਿਤ ਕਰਦੇ ਹੋਏ ਆਦੇਸ਼ ਦਿੱਤਾ, "ਮੇਰੇ ਪਿਆਰੇ ਭਰਾਵਾਂ ਦੇ ਰੂਪ ਵਿਚ ਨੌਜੁ ਆਨੋ, ਸਾਡਾ ਇਕੋ-ਇਕੋ ਉਦੇਸ਼ ਦੁਸ਼ਟਾਂ - ਅਪਰਾਧੀਆਂ ਨੂੰ ਸਜ਼ਾ ਦੇ ਕੇ ਸਬਕ ਸਿਖਾਉਣਾ ਹੈ। ਇਸ ਦੇ ਨਾਲ ਹੀ ਦੁਸ਼ਮਣ ਦੀ ਸੈਨਿਕ ਸ਼ਕਤੀ ਨੂੰ ਕਮਜ਼ੋਰ ਕਰਕੇ ਅਗਲੇ ਕੰਮਾਂ ਦੇ ਲਈ ਧਨ ਦਾ ਪ੍ਰਬੰਧ ਕਰਨਾ ਹੈ। ਅਸੀਂ ਸਾਰੇ ਗੁਰੂ ਦੇ ਸੇਵਕ ਹਾਂ ਇਸ ਲਈ ਅਜਿਹਾ ਕੋਈ ਕੰਮ ਉਤੇਜਨਾ ਵਿਚ ਨਾ ਹੋ ਜਾਵੇ, ਜੋ ਗੁਰੂ ਨੂੰ ਸਵੀਕਾਰ ਨਾ ਹੋਵੇ। ਮੇਰਾ ਭਾਵ ਇਹ ਹੈ ਕਿ ਅਸੀ ਕਿਸੇ ਨਿਰਦੋਸ਼ ਨੂੰ ਤੰਗ ਨਹੀ ਕਰਨਾ ਅਤੇ ਨਾ ਹੀ ਕਿਸੇ ਔਰਤ ਦਾ ਅਪਮਾਨ ਕਰਨਾ ਹੈ। ਜੇ ਅਸੀ ਆਪਣੇ ਕਰਤੱਵ ਤੇ ਡਟੇ ਰਹੇ ਤਾਂ ਗੁਰੂ ਸਾਡੇ ਅੰਗ ਸੰਗ ਰਹੇਗਾ ਅਤੇ ਜਿੱਤ ਹਮੇਸ਼ਾ ਸਾਡੀ ਹੋਵੇਗੀ,"।

ਇਹ ਸੁਣਦਿਆ ਹੀ ਸਾਰੇ ਸਿੰਘ ਸਿਪਾਹੀਆਂ ਨੇ ਜੈ-ਕਾਰਾ ਬੁਲੰਦ ਕੀਤਾ, "ਦੇਗ ਤੇਗ ਫਤਹਿ, ਪੰਥ ਦੀ ਜੀਤ॥ ਰਾਜ ਕਰੇਗਾ ਖਾਲਸਾ, ਆਕੀ ਰਹੈ ਨਾ ਕੋਇ"॥ ਫੌਰਨ ਜਿੱਤ ਪ੍ਰਾਪਤੀ ਦੇ ਵਿਸ਼ਵਾਸ ਨਾਲ ਸਮਾਣਾ ਨਗਰ ਤੇ ਹਮਲਾ ਕਰ ਦਿੱਤਾ। ਉਸ ਸਮੇਂ ਸਮਾਣੇ ਦਾ ਫੌਜਦਾਰ ਸਿੰਘਾਂ ਦੀ ਸੈਨਿਕ ਗਤੀ-ਵਿਧੀ ਤੋਂ ਬੇਖਬਰ ਐਸ਼-ਇਸ਼ਰਤ ਵਿਚ ਗੁਆਚਿਆ ਮਸਤ ਪਿਆ ਸੀ। ਉਸ ਨੂੰ ਇਹ ਉਮੀਦ ਕਦੇ ਵੀ ਨਹੀ ਸੀ ਕਿ ਕੋਈ ਸ਼ਾਹੀ ਸੈਨਾ ਨਾਲ ਲੋਹਾ ਲੈਣ ਲਈ ਉਸਦੇ ਕਿਲ੍ਹੇ ਵਰਗੇ ਨਗਰ ਤੇ ਹਮਲਾ ਕਰ ਸਕਦਾ ਹੈ।

ਥੋੜ੍ਹੇ ਸਮੇਂ ਵਿਚ ਹੀ ਸਿੱਖਾਂ ਨੇ ਨਗਰ ਦੇ ਦਰਵਾਜ਼ੇ ਤੋੜ ਦਿੱਤੇ ਅਤੇ 'ਬੋਲੇ ਸੋ

ਨਿਹਾਲ, ਸਤਿ ਸ੍ਰੀ ਅਕਾਲ," ਦੇ ਨਾਅਰੇ ਲਾਉਂਦੇ ਹੋਏ ਨਗਰ ਦੇ ਅੰਦਰ ਦਾਖਲ ਹੋ ਗਏ। ਕੁਝ ਸਥਾਨਾਂ ਤੇ ਸਿੰਘਾਂ ਨੂੰ ਥੋੜ੍ਹਾ- ਬਹੁਤ ਵਿਰੋਧ ਦਾ ਸਾਹਮਾਣਾ ਕਰਨਾ ਪਿਆ ਪਰ ਛੋਟੀਆਂ-ਮੋਟੀਆਂ ਝੱੜਪਾਂ ਤੋ ਬਾਅਦ ਬਹੁਤ ਜਲਦੀ ਸੰਪੂਰਨ ਸਮਾਣਾ ਸਿੰਘਾ ਦੇ ਕਬਜ਼ੇ ਵਿਚ ਸੀ। ਸਮਾਣੇ ਤੇ ਕਬਜ਼ਾ ਕਰਦਿਆ ਹੀ ਬੰਦਾ ਸਿੰਘ ਨੇ ਆਪਣੇ ਉਦੇਸ਼ ਅਨੁਸਾਰ ਉਨ੍ਹਾਂ ਦੁਸ਼ਟਾਂ ਦੀਆਂ ਹਵੇਲੀਆਂ ਨੂੰ ਚੁਣਿਆ ਜਿਨ੍ਹਾਂ ਤੋਂ ਬਦਲਾ ਲੈਣਾ ਸੀ। ਉਨ੍ਹਾਂ ਨੂੰ ਨਸ਼ਟ ਕਰਨ ਲਈ ਅੱਗ ਦੀ ਭੇਟ ਚੜ੍ਹਾ ਦਿੱਤਾ। ਪੂਰੀ ਸ਼ਾਹੀ ਸੈਨਾ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਕਰ ਦਿੱਤਾ, ਵਧੇਰੇ ਸ਼ਾਹੀ ਫੌਜੀ ਮਾਰੇ ਜਾ ਚੁੱਕੇ ਸਨ। ਇਸ ਲਈ ਜਥੇਦਾਰ ਬੰਦਾ ਸਿੰਘ ਨੂੰ ਬਹੁਤ ਵੱਡੀ ਮਾਤਰਾ ਵਿਚ ਸੈਨਿਕ ਸਮੱਗਰੀ ਹੱਥ ਲੱਗ ਗਈ।

ਆਮ ਜਨਤਾ ਸਿੰਘਾਂ ਦੇ ਹਮਲੇ ਤੋਂ ਬਹੁਤ ਡਰ ਗਈ ਸੀ। ਖਾਸ ਕਰਕੇ ਔਰਤਾਂ ਇਸ ਭੱਜ-ਦੋੜ ਵਿਚ ਵਿਰਲਾਪ ਕਰ ਰਹੀਆਂ ਸਨ। ਸਭ ਨੂੰ ਬੰਦਾ ਸਿੰਘ ਨੇ ਵਿਸ਼ਵਾਸ਼ ਕਰ ਲਿਆ ਅਤੇ ਕਿਹਾ -ਸਾਰੀਆਂ ਔਰਤਾਂ ਸਾਡੀਆਂ ਮਾਤਾਵਾਂ, ਭੈਣਾਂ ਅਤੇ ਬੇਟੀਆਂ ਹਨ, ਕਿਸੇ ਨੂੰ ਵੀ ਚਿੰਤਾ ਕਰਨ ਦੀ ਲੋੜ ਨਹੀ, ਅਸੀ ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਕਸ਼ਟ ਨਹੀ ਦੇਣਾ ਚਾਹੁੰਦੇ । ਇਸ ਜਿਤ ਨਾਲ ਬੰਦਾ ਸਿੰਘ ਦੇ ਹੱਥ ਇੱਕ ਵੱਡਾ ਸਰਕਾਰੀ ਖਜ਼ਾਨਾ ਆਇਆ। ਬੰਦਾ ਸਿੰਘ ਨੇ ਕਿਸੇ ਪ੍ਰਕਾਰ ਦਾ ਵਾਧੂ ਖੂਨ-ਖਰਾਬਾ ਹੋਣ ਹੀ ਨਹੀ ਦਿੱਤਾ। ਕਿਉਂਕਿ ਉਹ ਖੁਦ ਬਹੁਤ ਹੀ ਕੋਮਲ ਹਿਰਦੇ ਦਾ ਸੁਆਮੀ ਸੀ।

ਉਸ ਦਾ ਪਿਛਲਾ ਜੀਵਨ ਵੈਰਾਗੀ ਸਾਧੂ ਦਾ ਸੀ, ਜਿਸਨੇ ਹਿਰਨੀ ਦੇ ਸ਼ਿਕਾਰ

ਕਰਨ ਤੇ ਉਸਦੇ ਪੇਟ ਵਿਚਲੇ ਬੱਚਿਆਂ ਦੇ ਮਰਨ ਤੇ ਸੰਨਿਆਸ ਲੈ ਲਿਆ ਸੀ। ਇਸ ਸਮੇਂ ਉਹ ਆਪਣੇ ਗੁਰੂ ਦੇ ਬੱਚਿਆਂ ਤੇ ਹੋਏ ਅਤਿਆਚਾਰ ਦਾ ਬਦਲਾ ਲੈਣ ਆਇਆ ਸੀ। ਇਸ ਤਰ੍ਹਾਂ ਉਹ ਖੁਦ ਦੂਸਰਿਆਂ ਤੇ ਅਤਿਆਚਾਰ ਤਾਂ ਕਰ ਹੀ ਨਹੀ ਸਕਦਾ ਸੀ। ਜਦ ਕਿ ਉਸ ਦੇ ਗੁਰੂ ਦਾ ਆਦੇਸ਼ ਸੀ ਕਿ ਗਰੀਬ ਦੇ ਲਈ ਤੁਸੀਂ ਰਖਿਅਕ ਬਣੋਗੇ ਅਤੇ ਦੁਸ਼ਟਾ ਦੇ ਲਈ ਮਹਾਂਕਾਲ।

ਜਥੇਦਾਰ ਬੰਦਾ ਸਿੰਘ ਨੇ ਸਮਾਣਾ ਨਗਰ ਨੂੰ ਜਿੱਤਣ ਤੋਂ ਬਾਅਦ ਉਥੋਂ ਦੇ ਸ਼ਾਸਨ ਪ੍ਰਬੰਧ ਲਈ ਯੋਗ ਅਤੇ ਸਾਹਸੀ ਵੀਰ ਫਤਹਿ ਸਿੰਘ ਨੂੰ ਉਥੋ ਦਾ ਫੌਜਦਾਰ ਨਿਯੁਕਤ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਕਾਨੂੰਨ ਵਿਵਸਥਾ ਦੇ ਸੰਚਾਲਕ ਉੱਚ ਸੈਨਿਕ ਅਧਿਕਾਰੀ ਹੀ ਹੁੰਦੇ ਸਨ। ਸਮਾਣੇ ਨਗਰ ਦੀ ਜਿੱਤ ਨਾਲ ਜਥੇਦਾਰ ਬੰਦਾ ਸਿੰਘ ਨੂੰ ਅਨੇਕ ਰਾਜਨੀਤਿਕ ਲਾਭ ਹੋਏ। ਪਹਿਲਾ- ਸਿੱਖ ਫੌਜਾਂ ਦੀ ਚਾਰੇ ਪਾਸੇ ਧਾਂਕ ਜੰਮ ਗਈ। ਅਜਿਹਾ ਸੁਣ ਕੇ ਸਾਰੇ ਨਾਨਕ-ਪੰਥੀ ਸਿੰਘ ਸੱਜ ਕੇ (ਕੇਸਧਾਰੀ ਰੂਪ ਧਾਰਨ ਕਰਕੇ) ਖਾਲਸਾ ਫੌਜ ਵਿਚ ਭਰਤੀ ਹੋ ਗਏ। ਇਸ ਤਰ੍ਹਾਂ ਬੰਦਾ ਸਿੰਘ ਦੀ ਅਗਵਾਈ ਵਿਚ ਵਿਸ਼ਾਲ ਸਿੱਖ ਸੈਨਾ ਮੁੜ ਸੰਗਠਿਤ ਹੋ ਗਈ। ਦੂਸਰੇ ਪਾਸੇ ਮੁਗਲ ਸੈਨਾ ਦੇ ਹੌਸਲੇ ਟੁੱਟ ਗਏ ਉਹ ਜਥੇਦਾਰ ਬੰਦਾ ਸਿੰਘ ਦੇ ਨਾਂ ਤੋਂ ਕੰਬਣ ਲੱਗ। ਉਹ ਨਾ ਦਾ ਵਿਚਾਰ ਸੀ ਕਿ ਬੰਦਾ ਸਿੰਘ ਕਿਸੇ ਚਮਤਕਾਰੀ ਸ਼ਕਤੀ ਦਾ ਮਾਲਕ ਹੈ । ਜਿਸ ਦੇ ਸਾਹਮਣੇ ਟਿਕਣਾ ਸੰਭਵ ਹੀ ਨਹੀਂ।

ਸਮਾਣੇ ਦੀ ਹਾਰ ਸੁਣ ਕੇ ਰਾਜਪੂਤਾਨੇ ਦੇ ਸਮਰਾਟ ਬਹਾਦਰ ਸ਼ਾਹ ਨੇ ਸਰਹੰਦ ਦੇ ਸੂਬੇਦਾਰ ਵਜੀਦ ਖਾਨ ਨੂੰ ਆਦੇਸ਼ ਭੇਜਿਆ ਕਿ ਉਹ ਬੰਦਾ ਸਿੰਘ ਨੂੰ ਹਰਾ ਦੇਵੇ ਅਤੇ

ਉਸ ਦੀ ਸਹਾਇਤਾ ਲਈ ਦਿੱਲੀ ਤੇ ਲਾਹੌਰ ਤੋ ਸੈਨਾਵਾਂ ਭੇਜੀਆਂ ਗਈਆਂ। ਆਦੇਸ਼ ਮਿਲਦਿਆ ਹੀ ਵਜੀਦ ਖਾਨ ਨੇ ਆਪਣੇ ਗੁਪਤਚਰ ਵਿਭਾਗ ਨੂੰ ਬੰਦਾ ਸਿੰਘ ਦੀ ਸੈਨਿਕ ਸ਼ਕਤੀ ਦਾ ਅਨੁਮਾਨ ਲਾਉਣ ਦਾ ਕੰਮ ਸੌਂਪ ਦਿੱਤਾ।

ਜਿਉਂ ਹੀ ਵਜੀਦ ਖਾਨ ਦਾ ਗੁਪਤਚਰ ਵਿਭਾਗ ਹਰਕਤ ਵਿਚ ਆਇਆ, ਬੰਦਾ ਸਿੰਘ ਦੇ ਜੁਆਨਾਂ ਦੁਆਰਾ ਫੜਿਆ ਗਿਆ ਅਤੇ ਜਥੇਦਾਰ ਬੰਦਾ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ। ਤਦ ਬੰਦਾ ਸਿੰਘ ਨੇ ਆਪਣੇ ਪੰਜ ਪਿਆਰਿਆਂ ਵਾਲੀ ਪੰਚਾਇਤ ਬੁਲਾ ਕੇ ਇਸ ਵਿਸ਼ੇ ਤੇ ਵਿਚਾਰ ਗੋਸ਼ਟੀ ਕੀਤੀ। ਫੈਸਲਾ ਇਹ ਹੋਇਆ ਕਿ ਇਨ੍ਹਾਂ ਗੁਪਤਚਰ ਕਰਮਚਾਰੀਆਂ ਦੇ ਰਾਹੀ ਵਜੀਦ ਖਾਨ ਨੂੰ ਚਿਤਾਵਨੀ ਭੇਜੀ ਜਾਣੀ ਚਾਹੀਦੀ ਹੈ ਕਿ ਅਸੀਂ ਆਪਣੇ ਗੁਰੂ ਜੀ ਦੇ ਬੇਟਿਆਂ ਦੀ ਹੱਤਿਆ ਦਾ ਬਦਲਾ ਲੈਣ ਆ ਰਹੇ ਹਾਂ, ਉਹ ਠੀਕ ਸਮੇਂ ਤੇ ਆਪਣੀ ਸੁਰੱਖਿਆ ਦਾ ਪ੍ਰਬੰਧ ਕਰ ਲਵੇ।

ਜਦੋਂ ਇਨ੍ਹਾਂ ਗੁਪਤਚਰ ਕਰਮਚਾਰੀਆਂ ਨੇ ਵਜੀਦ ਖਾਨ ਨੂੰ ਬੰਦਾ ਸਿੰਘ ਦੀ ਸੈਨਿਕ ਸ਼ਕਤੀ ਬਾਰੇ ਦਸਿਆ। ਉਹ ਬਹੁਤ ਭੈ-ਭੀਤ ਹੋ ਗਿਆ। ਉਸਨੇ ਨਵੀਂ ਫੌਜੀ ਭਰਤੀ ਕਰਨੀ ਸ਼ੁਰੂ ਕਰ ਦਿੱਤੀ। ਸਮਰਾਟ ਦੇ ਆਦੇਸ਼ ਅਨੁਸਾਰ ਦਿੱਲੀ ਤੇ ਲਾਹੌਰ ਦੇ ਸੂਬਿਆਂ ਤੋਂ ਸੈਨਿਕ ਸਹਾਇਤਾ ਜਲਦੀ ਭੇਜਣ ਦੀ ਬੇਨਤੀ ਕੀਤੀ। ਵਜੀਦ ਖਾਨ ਨੇ ਆਪਣਾ ਸਾਰਾ ਧਿਆਨ ਆਪਣੀ ਸੈਨਿਕ ਸ਼ਕਤੀ ਵਧਾਉਣ ਤੇ ਇਕਾਗਰ ਕਰ ਦਿੱਤਾ। ਉਹ ਹਰ ਪ੍ਰਕਾਰ ਦੀ ਸੈਨਿਕ ਸਮੱਗਰੀ ਤੇ ਰਸਦ ਇਕੱਠੀ ਕਰਨ ਵਿਚ ਜੁਟ ਗਿਆ।

ਜਥੇਦਾਰ ਬੰਦਾ ਸਿੰਘ ਨੂੰ ਪੰਜ ਪਿਆਰਿਆ ਦੀ ਪੰਚਾਇਤ ਨੇ ਸੁਝਾਅ ਦਿੱਤਾ ਕਿ ਇਹ ਬਿਲਕੁਲ ਸਹੀ ਵਕਤ ਹੈ, ਸਾਨੂੰ ਸਰਹੰਦ ਤੇ ਧਾਵਾ ਬੋਲ ਦੇਣਾ ਚਾਹੀਦਾ ਹੈ ਪਰ ਬੰਦਾ ਸਿੰਘ ਨੇ ਆਪਣਾ ਵਿਚਾਰ ਦਸਿਆ ਕਿ ਪੰਜਾਬ ਦੇ ਮਾਝੇ ਤੇ ਦੂਰ-ਦਰਾਜ ਦੇ ਇਲਾਕਿਆਂ ਦੇ ਸਿੰਘਾਂ ਨੂੰ ਵੀ ਆ ਜਾਣ ਦਿਦਾ ਕੁਝ ਸਿੰਘ ਨੇ ਕਿਹਾ ਕਿ ਜੇ ਅਸੀਂ ਮਾਝੇ ਦੇ ਸਿੰਘਾ ਦੀ ਉਡੀਕ ਕਰਾਂਗੇ ਤਾਂ ਦੂਜੇ ਪਾਸੇ ਸਮਰਾਟ ਦੇ ਸ਼ਾਹੀ ਸੈਨਿਕ ਵੀ ਲਾਹੌਰ ਤੇ ਦਿੱਲੀ ਤੋਂ ਵਜੀਦ ਖਾਨ ਦੀ ਸਹਾਇਤਾ ਲਈ ਪਹੁੰਚ ਜਾਣਗੇ। ਇਸ ਤਰ੍ਹਾਂ ਦੁਸ਼ਮਣ ਦੀ ਸਥਿਤੀ ਵਧੇਰੇ ਮਜ਼ਬੂਤ ਹੋ ਜਾਵੇਗੀ। ਇਸਤਰ੍ਹਾਂ ਵਧੇਰੇ ਸਖਤ ਮੁਕਾਬਲਾ ਕਰਨਾ ਪਵੇਗਾ। ਜੁਆਬ ਵਿਚ ਬੰਦਾ ਸਿੰਘ ਨੇ ਕਿਹਾ, "ਮੈਂ ਇਹੀ ਤਾਂ ਚਾਹੁੰਦਾ ਹਾਂ ਕਿ ਇਕ ਹੀ ਸਮੇਂ ਤੇ ਦੁਸ਼ਮਣ ਨੂੰ ਬੁਰੀ ਤਰ੍ਹਾਂ ਹਰਾ ਕੇ ਆਪਣੀ ਧਾਂਕ ਜਮਾ ਲਈ ਜਾਵੇ, ਜਿਸ ਨਾਲ ਅਗਲੇ ਯੁੱਧ ਖੇਤਰ ਫਤਹਿ ਕਰਨ ਵਿਚ ਮੁਸ਼ਕਲ ਨਹੀ ਹੋਵੇਗੀ।

ਬੰਦਾ ਸਿੰਘ ਆਪਣੇ ਸੈਨਿਕਾਂ ਨੂੰ ਖੁਸ ਰੱਖਣ ਦਾ ਹਰ ਸੰਭਵ ਯਤਨ ਕਰਦਾ ਸੀ। ਉਸ ਦੀ ਉਦਾਰਤਾ ਤੋਂ ਸਭ ਸੰਤੁਸ਼ਟ ਸਨ। ਉਸ ਨੂੰ ਆਪਣੇ ਲਈ ਕੁਝ ਨਹੀਂ ਚਾਹੀਦਾ ਸੀ, ਉਹ ਸਾਰਾ ਧਿਆਨ ਲੋਕ ਭਲਾਈ ਦੇ ਕੰਮਾਂ ਤੇ ਕੇਦਰਿਤ ਰਖਣਾ ਚਾਹੁੰਦਾ ਸੀ। ਇਸ ਲਈ ਉਥੋਂ ਦੀ ਜਨਤਾ ਬਹੁਤ ਖੁਸ਼ ਸੀ। ਵੱਡੇ-ਵੱਡੇ ਜਿਮੀਦਾਰਾ ਦੇ ਸਤਾਏ ਹੋਏ ਮਜ਼ਦੂਰ ਤੇ ਕਿਸਾਨ ਸਿੱਖਾਂ ਦੀ ਦਰਿਆ-ਦਿਲੀ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਦੇ ਹੱਕ ਵਿਚ ਹੋ ਗਏ ਸਨ। ਇਸ ਤਰ੍ਹਾਂ ਸਿੱਖਾ ਦੇ ਆਪਣੇ ਪਵਿੱਤਰ ਆਚਰਨ ਨਾਲ ਉਥੋਂ ਦੀ ਜਨਤਾ ਦਾ ਮਨ ਜਿੱਤ ਲਿਆ। ਆਮ ਜਨਤਾ ਵਿਚ ਮੁਗਲਾ ਦੀ ਗੁਲਾਮੀ ਤੋਂ ਆਜ਼ਾਦ ਹੋਣ ਦੀ ਲਹਿਰ ਚਲ ਪਈ। ਸਭ ਬੰਦਾ ਸਿੰਘ ਨੂੰ ਆਪਣਾ ਪ੍ਰਤੀਨਿਧ ਮੰਨਣ

ਲੱਗ ਪਏ ਅਤੇ ਉਸ ਨੂੰ ਸਭ ਪਕਾਰ ਦੀਆਂ ਆਪਣੀਆਂ-ਆਪਣੀਆਂ ਸੇਵਾਵਾਂ ਅਰਪਿਤ ਕਰਨ ਲੱਗੇ।

ਹੁਣ ਜਥੇਦਾਰ ਬੰਦਾ ਸਿੰਘ ਸਮਾਂ ਨਸਟ ਕਰੇ ਬਿਨ੍ਹਾਂ ਸਰਹੰਦ ਦੇ ਸਾਰੇ ਪਰਗਣਿਆਂ ਨੂੰ ਇੱਕ-ਇੱਕ ਕਰਕੇ ਜਿੱਤਣ ਦਾ ਪ੍ਰੋਗਰਾਮ ਲੈ ਕੇ ਚੱਲ ਪਿਆ। ਉਨ੍ਹਾਂ ਦਿਨਾਂ ਵਿਚ ਘੁੜਾਮ ਨਾਂ ਦਾ ਕਸਬਾ ਇੱਕ ਛਾਉਣੀ ਸੀ। ਸਰਹੰਦ ਨੂੰ ਫਤਹਿ ਕਰਨ ਤੋਂ ਪਹਿਲਾਂ ਅਜਿਹੇ ਮਹਤੱਪੂਰਨ ਸਥਾਨਾਂ ਨੂੰ ਆਪਣੇ ਕਬਜ਼ੇ ਵਿਚ ਲੈਣਾ ਬਹੁਤ ਜ਼ਰੂਰੀ ਸੀ। ਇਸ ਲਈ ਖਾਲਸਾ ਦਲ ਨੇ ਘੁੜਾਮ ਨੂੰ ਘੇਰ ਲਿਆ। ਘੁੜਾਮ ਦਾ ਫੌਜਦਾਰ ਹਾਰ ਮੰਨਣ ਵਾਲਿਖਆਂ ਵਿਚੋਂ ਨਹੀਂ ਸੀ, ਉਸਨੇ ਚੁਣੋਤੀ ਨੂੰ ਸਵੀਕਾਰ ਕੀਤਾ ਅਤੇ ਉਥੇ ਭਿਆਨਕ ਯੁੱਧ ਹੋਇਆ, ਦੋਹਾਂ ਧਿਰਾਂ ਨੂੰ ਭਾਰੀ ਨੁਕਸਾਨ ਸਹਿਣਾ ਪਿਆ ਪਰ ਬੰਦਾ ਸਿੰਘ ਦੀ ਵਿਸਾਲ ਸੈਨਿਕ ਸ਼ਕਤੀ ਦੇ ਸਾਹਮਣੇ ਉਹ ਇੱਕ ਘੜੀ ਵੀ ਟਿੱਕ ਨਾ ਸਕੇ ਅਤੇ ਮੈਦਾਨ ਛੱਡ ਕੇ ਭੱਜ ਗਏ, ਦਲ ਖਾਲਸਾ ਨੇ ਉਨ੍ਹਾਂ ਦੀ ਖ਼ੂਬ ਭੁਗਤ ਸਵਾਰੀ। ਇਸ ਤੋ ਬਾਅਦ ਖਾਲਸਾ ਦਲ 'ਡਸਕੇ' ਨਾਮਕ ਸਥਾਨ ਤੇ ਪਹੁੰਚਿਆ, ਇਥੋਂ ਦੇ ਪੀਰ ਬਹੁਤ ਚਮਤਕਾਰੀ ਸ਼ਕਤੀਆਂ ਵਾਲੇ ਸਨ, ਇਸ ਲਈ ਉਥੋ ਦੇ ਹਾਕਮ ਵਿਚਾਰ ਕਰ ਰਹੇ ਸਨ ਕਿ ਬੰਦਾ ਸਿੰਘ ਦੀ ਇਥੇ ਖੈਰ ਨਹੀ, ਅਸੀਂ ਉਸ ਨੂੰ ਨਗਰ ਦੇ ਨੇੜੇ ਵੀ ਨਹੀਂ ਆਉਣ ਦਿਆਗੇ। ਪਰ ਪੀਰਾਂ ਦੀ ਇੱਕ ਨਾ ਚੱਲੀ। ਖਾਲਸਾ ਦਲ ਦੇ ਸਾਹਮਣੇ ਉਹ ਘੜੀ ਪਲ ਵੀ ਨਾ ਠਹਿਰ ਸਕੇ। ਖਾਲਸਾ ਦਲ ਦੇ ਨਗਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਉਥੋਂ ਦਾ ਪੀਰ ਜਾਫਰ ਅਲੀ ਖਾਨ ਖੁਦ ਕੰਬਦੇ ਹੋਏ, ਮੂੰਹ ਵਿਚ ਘਾਹ ਲੈਕੇ ਬੰਦਾ ਸਿੰਘ ਦੇ ਸਾਹਮਣੇ ਹਾਜ਼ਰ ਹੋਇਆ ਅਤੇ ਕਹਿਣ ਲੱਗਾ, " ਮੈਨੂੰ ਮੁਆਫ ਕਰ

ਦਿਉ, ਮੈਂ ਤੁਹਾਡੀ ਗਾਂ ਹਾਂ।"ਬੰਦਾ ਸਿੰਘ ਬਹੁਤ ਦਿਆਲੂ ਸੁਭਾਅ ਵਾਲਾ ਸੀ। ਉਸਨੇ ਸ਼ਰਨ ਆਏ ਦੀ ਲਾਜ ਰੱਖ ਲਈ ਅਤੇ ਕਿਹਾ," ਅੜੇ ਸੋ ਝੜੇ, ਸ਼ਰਨ ਪੜੇ ਸੋ ਤਰੈ।" ਇਸ ਤਰ੍ਹਾਂ ਉਸਨੇ ਡਸਕੇ ਇਲਾਕੇ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀ ਪਹੁੰਚਾਇਆ ਕੇਵਲ ਸੈਨਿਕ ਸਮੱਗਰੀ ਅਤੇ ਨਕਦੀ ਦੀ ਮੰਗ ਕੀਤੀ ਜੋ ਕਿ ਉਸਨੂੰ ਉਥੋਂ ਦੀ ਜਨਤਾ ਨੇ ਨਜ਼ਾਰਾਨੇ ਦੇ ਰੂਪ ਵਿਚ ਭੇਟਾ ਕੀਤੀ ਹੁਣ ਵਾਰੀ ਸੀ ਥਾਨੇਸ਼ਰ ਦੀ ਪਰ ਬੰਦਾ ਸਿੰਘ ਕਿਸੇ ਵੀ ਤੀਰਥ ਅਸਥਾਨ ਦਾ ਅਪਮਾਨ ਨਹੀਂ ਕਰਨਾ ਚਾਹੁੰਦਾ ਸੀ। ਉਹ ਬਹੁਤ ਧਾਰਮਿਕ ਪ੍ਰਵਿਰਤੀ ਰਖਦਾ ਸੀ, ਇਸ ਲਈ ਥਾਨੇਸਰ ਉਤੇ ਹਮਲਾ ਕਰਨ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਸ਼ਾਹਬਾਦ ਦੀ ਵਾਰੀ ਆਈ। ਉਥੋਂ ਦਾ ਫੌਜਦਾਰ ਬੰਦਾ ਸਿੰਘ ਦੇ ਆਉਣ ਦੀ ਖਬਰ ਸੁਣ ਕੇ ਕੰਬਣ ਲੱਗ ਉਸ ਨੂੰ ਸਮਾਣੇ ਦੀ ਦੁਰਦਸ਼ਾ ਬਾਰੇ ਸਾਰੀ ਜਾਣਕਾਰੀ ਮਿਲ ਚੁਕੀ ਸੀ। ਉਹ ਪਰਿਵਾਰ ਸਮੇਤ ਦਿੱਲੀ ਭੱਜ ਗਿਆ । ਬੰਦਾ ਸਿੰਘ ਦੇ ਦਲ ਖਾਲਸਾ ਦੇ ਸਾਹਮਣੇ ਉਥੋਂ ਦੇ ਫੌਜੀਆਂ ਨੇ ਸਫੇਦ ਝੰਡਾ ਲਹਿਰਾ ਦਿੱਤਾ। ਹੁਣ ਖ਼ੂਨਖਰਾਬੇ ਦਾ ਪ੍ਰਸ਼ਨ ਹੀ ਪੈਦਾ ਨਹੀ ਸੀ ਹੁੰਦਾ। ਬੰਦਾ ਸਿੰਘ ਨੇ ਸਾਰਿਆਂ ਨੂੰ ਵਿਸ਼ਵਾਸ਼ ਵਿਚ ਲਿਆ ਅਤੇ ਇਥੋਂ ਵੀ ਸਨ ਅਤੇ ਸੈਨਿਕ ਸਮੱਗਰੀ ਪ੍ਰਾਪਤ ਕੀਤੀ।

ਇਥੇ ਬੰਦਾ ਸਿੰਘ ਬਹਾਦਰ ਨੂੰ ਦਸਿਆ ਗਿਆ ਕਿ ਕੁੰਜਪੁਰਾ ਨਾਮ ਦਾ ਸਥਾਨ ਵਜੀਦਖਾਨ ਦਾ ਜੱਦੀ ਪਿੰਡ ਹੈ। ਬਸ ਫਿਰ ਕੀ ਸੀ ਬੰਦਾ ਸਿੰਘ ਨੇ ਦਲ ਖਾਲਸੇ ਨੂੰ ਆਦੇਸ ਦਿੱਤਾ ਪਹਿਲਾ ਕੁੰਜਪੁਰਾ ਪਿੰਡ ਨੂੰ ਨਸ਼ਟ ਕਰ ਦਿੱਤਾ ਜਾਵੇ। ਉਧਰ ਵਜੀਦ ਖਾਨ ਨੂੰ ਵੀ ਅਨੁਮਾਨ ਸੀ ਕਿ ਵਧਦੇ ਹੋਏ ਦਲ ਖਾਲਸੇ ਦਾ ਅਗਲਾ ਨਿਸ਼ਾਨਾ ਮੇਰਾ

ਜੱਦੀ ਪਿੰਡ ਕੁੰਜਪੁਰਾ ਹੀ ਹੇਵੇਗਾ। ਇਸ ਲਈ ਉਸ ਨੇ ਪਿੰਡ ਦੀ ਸੁਰੱਖਿਆ ਲਈ ਦੋ ਹਜ਼ਾਰ ਘੋੜ ਸਵਾਰ ਅਤੇ ਚਾਰ ਹਜ਼ਾਰ ਪਿਆਦੇ ਤੇ ਦੋ ਵੱਡੀਆਂ ਤੋਪਾਂ ਭੇਜ ਦਿੱਤੀਆ। ਉਹ ਇਥੇ ਹੀ ਸਿੱਖਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣਾ ਚਾਹੁੰਦਾ ਸੀ। ਪਰ ਸ਼ਾਹੀ ਸੈਨਾ ਦੇ ਉਥੇ ਪਹੁੰਚਣ ਤੋਂ ਪਹਿਲਾ ਹੀ ਦਲ ਖਾਲਸਾ ਨੇ ਕੁੰਜਪੁਰਾ ਨੂੰ ਨਸ਼ਟ ਕਰ ਦਿੱਤਾ। ਜਦੋਂ ਸ਼ਾਹੀ ਸੈਨਾ ਪਹੁੰਚੀ ਤਾਂ ਘਮਸਾਨ ਦਾ ਯੁੱਧ ਹੋਇਆ। ਦਲ ਖਾਲਸਾ ਨੇ ਆਪਣੀ ਵਧੇਰੇ ਗਿਣਤੀ ਦੀ ਤਾਕਤ ਨਾਲ ਤੋਪਾਂ ਤੇ ਕਬਜਾ ਕਰ ਲਿਆ ਅਤੇ ਸ਼ਾਹੀ ਸੈਨਾ ਨੂੰ ਹਰਾ ਕੇ ਭਜਾ ਦਿੱਤਾ। ਇਸ ਭਗਦੜ ਵਿਚ ਮੁਗਲ ਸੈਨਾ ਬਹੁਤ ਸਾਰੀ ਸਮੱਗਰੀ ਅਤੇ ਘੋੜੇ ਆਦਿ ਪਿਛੇ ਛੱਡ ਗਈ। ਇਸ ਯੁੱਧ ਵਿਚ ਸਿੱਖਾ ਦੇ ਹੱਥ ਮੁਸਤਫਾਬਾਦ ਦਾ ਇਲਾਕਾ ਆ ਗਿਆ।(ਇਹ ਸਥਾਨ ਜਗਾਧਰੀ ਦੇ ਨੇੜੇ ਹੈ।)

ਇਸ ਜਿੱਤ ਦੀ ਖੁਸ਼ੀ ਵਿਚ ਕੁਝ ਸਿੰਘ ਚੰਹਾਂ ਪਾਸਿਆਂ ਦੇ ਪਿੰਡਾਂ ਕਸਬਿਆਂ ਦਾ ਸਰਵੇਖਣ ਕਰ ਰਹੇ ਸਨ ਕਿ ਉਨ੍ਹਾਂ ਨੂੰ ਇੱਕ ਥਾਂ ਤੇ ਕੁਝ ਵਿਅਕਤੀ ਗਊਆਂ ਦੀ ਹੱਤਿਆ ਕਰਦੇ ਵਿਖਾਈ ਦਿੱਤੇ, ਸਿੰਘਾਂ ਨੇ ਕਸਾਈਆਂ ਨੂੰ ਲਲਕਾਰਿਆ। ਪਰ ਉਹ ਨਹੀਂ ਮੰਨੇ, ਕਹਿਣ ਲੱਗੇ, ਅੱਜ ਬਕਰੀਦ ਹੈ, ਇਸ ਲਈ ਅਸੀ ਤਿਉਹਾਰ ਗਊ ਦੇ ਮਾਸ ਨਾਲ ਹੀ ਮਨਾਉਣਾ ਹੈ। ਉਥੇ ਲੜਾਈ-ਲਗੜਾ ਸ਼ੁਰੂ ਹੋ ਗਿਆ, ਤਲਵਾਰਾ ਚਲ ਪਈਆਂ ਅਤੇ ਖੂਨ ਖਰਾਬਾ ਹੋ ਗਿਆ। ਵੇਖਦਿਆਂ ਹੀ ਵੇਖਦਿਆਂ ਪੂਰਾ ਪਿੰਡ ਸਿੰਘਾਂ ਤੇ ਟੁੱਟ ਪਿਆ, ਸਿੰਘ ਜਖਮੀ ਹੋ ਗਏ। ਜਿਉਂ ਹੀ ਇਹ ਸੂਚਨਾ ਦਲ-ਖਾਲਸੇ ਕੋਲ ਪਹੁੰਚੀ, ਉਹ ਸਹਾਇਤਾ ਲਈ ਦੌੜ ਪਏ ਅਤੇ ਸਾਰੇ ਦੋਸ਼ੀਆਂ ਨੂੰ ਪਹਿਚਾਣ ਕੇ ਫੜ ਲਿਆਏ ਤੇ ਉਨ੍ਹਾਂ ਨੂੰ ਬੰਦਾ ਸਿੰਘ ਦੇ ਸਾਹਮਣੇ ਪੇਸ ਕੀਤਾ। ਜਥੇਦਾਰ ਸ਼ਾਸਨ ਪ੍ਰਬੰਧ ਨੂੰ

ਠੀਕ ਰੱਖਣ ਲਈ ਨਿਆਂ ਤੇ ਬਹੁਤ ਜ਼ੋਰ ਦੇਦੇ ਸਨ। ਉਨ੍ਹਾਂ ਨੇ ਇਨ੍ਹਾਂ ਅਪਰਾਧੀਆਂ ਨੂੰ ਨਿਆ ਦੇਣ ਲਈ ਪੂਰੀ ਘਟਨਾ ਨੂੰ ਤਰਤੀਬ ਅਨੁਸਾਰ ਸੁਣਿਆ ਅਤੇ ਦੋਹਾਂ ਪੱਖਾ ਦੇ ਅਪਰਾਧੀਆਂ ਨੂੰ ਉਚਿਤ ਦੰਡ ਦੇਣ ਦਾ ਐਲਾਨ ਕਰ ਦਿੱਤਾ।

ਇਸ ਘਟਨਾ ਤੋਂ ਬਾਅਦ ਹਿੰਦੂ ਤੇ ਮੁਸਲਿਮ ਦੋਵੇਂ ਹੀ ਦਲ-ਖਾਲਸਾ ਨੂੰ ਪਸੰਦ ਕਰਨ ਲੱਗੇ। ਉਨ੍ਹਾਂ ਲੰਮੇ ਸਮੇਂ ਬਾਅਦ ਕੋਈ ਨਿਰਪੱਖ ਨਿਆਂ ਤੇ ਇਨਸਾਫ਼ ਆਪਣੀ ਅੱਖਾਂ ਨਾਲ ਵੇਖਿਆ ਸੀ। ਇਸ ਇਨਸਾਫ ਨੂੰ ਵੇਖ ਕੇ ਕਪੂਰੀ ਇਲਾਕੇ ਦੇ ਨਿਵਾਸੀ ਬੰਦਾ ਸਿੰਘ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਫਰਿਆਦ ਕਰਨ ਲੱਗੇ, ਕਪੂਰੀ ਦਾ ਹਾਕਮ ਕਦਮੂਦੀਨ ਬਹੁਤ ਵਿਲਾਸੀ ਪ੍ਰਵਿਰਤੀ ਦਾ ਹੈ। ਉਹ ਹਿੰਦੂ ਬਹੂ - ਬੇਟੀਆਂ ਦਾ ਸਤ ਭੰਗ ਕਰਦਾ ਰਹਿੰਦਾ ਹੈ। ਬਸ ਫਿਰ ਕੀ ਸੀ ਜਥੇਦਾਰ ਬੰਦਾ ਸਿੰਘ ਦੀ ਨੇ ਕਦਮੂਦੀਨ ਨੂੰ ਸੋਧਣ ਦਾ ਪ੍ਰੋਗਰਾਮ ਬਣਾ ਲਿਆ। ਦੂਜੀ ਸਵੇਰ ਦਲ ਖਾਲਸਾ ਕਪੂਰੀ ਤੇ ਕਬਜ਼ਾ ਕਰਨ ਵਿਚ ਸਫਲ ਹੋ ਗਿਆ ਅਤੇ ਉਨ੍ਹਾਂ ਨੇ ਹਾਕਮ ਕਦਮੂਦੀਨ ਨੂੰ ਉਸ ਦੀ ਹਵੇਲੀ ਵਿਚ ਹੀ ਭਸਮ ਕਰ ਦਿੱਤਾ।

ਦਲ-ਖਾਲਸੇ ਦਾ ਅਗਲਾ ਨਿਸਾਨਾ ਸਢੌਰਾ ਨਗਰ ਸੀ। ਇਥੋਂ ਦੇ ਹਾਕਮ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ ਜੀ (ਸੱਯਦ ਬਦਰੂਦੀਨ) ਦੀ ਹੱਤਿਆ ਕਰਵਾ ਦਿੱਤੀ ਸੀ ਕਿਉਂਕਿ ਪੀਰ ਜੀ ਨੇ ਭੰਗਾਣੀ ਦੇ ਯੁੱਧ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਸੀ ਇਸ ਯੁੱਧ ਵਿਚ ਪੀਰ ਜੀ ਆਪਣੇ ਚਾਰ ਪੁੱਤਰਾਂ ਦੋ ਭਰਾਵਾਂ ਤੇ 700 ਮੁਰੀਦਾਂ ਦੇ ਨਾਲ ਹਿੱਸਾ ਲੈਣ ਲਈ ਪਹੁੰਚੇ ਸਨ ਉਨਾਂ ਦੇ ਦੋ ਪੁੱਤਰ ਤੇ ਇੱਕ ਭਰਾ ਯੁੱਧ ਭੂਮੀ ਵਿਚ ਸ਼ਹੀਦ ਹੋ ਗਏ ਸਨ, ਇਹ ਯੁੱਧ ਹਿੰਦੂ ਪਹਾੜੀ

ਰਾਜਿਆਂ ਦੇ ਨਾਲ ਲੜਿਆ ਗਿਆ ਸੀ। ਦਲ ਖਾਲਸਾ ਭਲਾ ਆਪਣੇ ਗੁਰੂਦੇਵ ਦੇ ਹਿੱਤ ਵਿਚ ਜੂਝਣ ਵਾਲਿਆਂ ਦੇ ਉਪਕਾਰਾਂ ਨੂੰ ਕਿਵੇਂ ਭੁੱਲ ਸਕਦਾ ਸੀ। ਇਸ ਲਈ ਦਲ ਖਾਲਸਾ ਨੇ ਸਢੌਰਾ ਨਗਰ ਤੇ ਹਮਲਾ ਕਰ ਦਿੱਤਾ।

ਬੰਦਾ ਸਿੰਘ ਨੂੰ ਸੂਚਿਤ ਕੀਤਾ ਗਿਆ, ਇਥੋਂ ਦਾ ਹਾਕਮ ਉਸਮਾਨ ਖਾਨ ਬਹੁਤ ਕੱਟੜ-ਪੰਥੀ ਸੀ, ਉਹ ਹਿੰਦੂ ਜਨਤਾ ਦਾ ਦਮਨ ਕਰਦਾ ਰਹਿੰਦਾ ਸੀ ਅਤੇ ਕਈ ਤਰੀਕਿਆਂ ਨਾਲ ਪਰੇਸ਼ਾਨ ਕਰਦਾ ਰਹਿੰਦਾ ਸੀ। ਦਲ ਖਾਲਸੇ ਦਾ ਉਦੇਸ਼ ਤਾਂ ਦੁਸ਼ਟਾਂ ਦਾ ਦਮਨ ਕਰਨਾ ਹੀ ਸੀ। ਇਸ ਲਈ ਬੰਦਾ ਸਿੰਘ ਜੀ ਨੇ ਸਢੌਰਾ ਨਗਰ ਨੂੰ ਜਿੱਤਣ ਦਾ ਪ੍ਰੋਗਰਾਮ ਉਲੀਕਿਆ। ਇਸ ਸਮੇਂ ਦਲ ਖਾਲਸਾ ਬਹੁਤ ਮਜ਼ਬੂਤ ਸਥਿਤੀ ਵਿਚ ਸੀ। ਉਨ੍ਹਾਂ ਦੀ ਆਪਣੀ ਗਿਣਤੀ ਚਾਲੀ ਹਜ਼ਾਰ ਦੇ ਲਗਭਗ ਪਹੁੰਚ ਚੁਕੀ ਸੀ, ਫਿਰ ਵੀ ਉਨ੍ਹਾਂ ਨੇ ਦੁਸ਼ਮਣ ਨੂੰ ਕਮਜੋਰ ਨਹੀਂ ਸਮਝਿਆ। ਇਸ ਲਈ ਪੀਰ ਬੁੱਧੂ ਸ਼ਾਹ ਦੇ ਉਤਰਾਧਿਕਾਰੀ ਨੂੰ ਸੁਨੇਹਾ ਭੇਜਿਆ ਕਿ ਉਹ ਦਲ ਖਾਲਸਾ ਦੀ ਸਹਾਇਤਾ ਅਤੇ ਅਗਵਾਈ ਲਈ ਤਿਆਰ ਰਹੇ, ਜਿਉਂ ਹੀ ਦਲ ਖਾਲਸਾ ਸਢੌਰਾ ਨਗਰ ਦੇ ਨੇੜੇ ਪਹੁੰਚਿਆ। ਦੁਸ਼ਮਣ ਨੇ ਨਗਰ ਦੇ ਦਰਵਾਜੇ ਬੰਦ ਕਰ ਲਏ ਅਤੇ ਉਪਰੋਂ ਤੋਪਾਂ ਨਾਲ ਦਲ ਖਾਲਸੇ ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਭਿਅੰਕਰ ਹਾਲਾਤ ਸਨ। ਦਲ ਖਾਲਸਾ ਤਾਂ ਸ਼ਹੀਦੀ ਬਾਣਾ ਪਹਿਨ ਕੇ ਆਇਆ ਸੀ। ਉਨ੍ਹਾਂ ਨੇ ਕੁਰਬਾਨੀਆਂ ਦੇਂਦਿਆਂ ਨਗਰ ਦਾ (ਦਾਖਲ ਹੋਣ) ਦਰਵਾਜ਼ਾ ਤੋੜ ਦਿੱਤਾ ਅਤੇ ਨਗਰ ਦੇ ਅੰਦਰ ਵੜਨ ਵਿਚ ਸਫਲ ਹੋ ਗਏ, ਅੰਦਰ ਸੈਨਿਕ ਤਿਆਰੀਆਂ ਬਹੁਤ ਵੱਡੇ (ਪੱਧਰ) ਪੈਮਾਨੇ ਤੇ ਸਨ। ਸਿੱਟੇ ਵਜੋਂ ਭਿਅੰਕਰ ਯੁੱਧ ਹੋਇਆ, ਪੀਰ ਜੀ ਦੇ ਮੁਰੀਦਾ ਦੀ ਸਹਾਇਤਾ

ਮਿਲ ਗਈ ਇਸ ਲਈ ਕੁਝ ਘੰੜਿਆਂ ਵਿਚ ਹੀ ਸਢੌਰੇ ਨਗਰ ਤੇ ਖਾਲਸੇ ਦਾ ਕਬਜ਼ਾ ਹੋ ਗਿਆ। ਪਰ ਉਸਮਾਨ ਖਾਨ ਕਿਲ੍ਹੇ ਦੇ ਅੰਦਰ ਆਕੀ ਹੋ ਕੇ ਬੈਠ ਗਿਆ। ਕਿਲ੍ਹਾ ਫਤਹਿ ਕਰਨਾ ਕੋਈ ਸਰਲ ਕੰਮ ਨਹੀਂ ਸੀ ਪਰ ਦਲ ਖਾਲਸਾ ਨੇ ਆਪਣੀ ਵਧੇਰੇ ਗਿਣਤੀ ਦੀ ਸ਼ਕਤੀ ਨਾਲ ਅਤੇ ਯੁੱਧ ਨੀਤੀ ਦੇ ਅੰਤਰਗਤ ਪੀਰ ਬੁੱਧੂ ਸ਼ਾਹ ਦੇ ਮੁਰੀਦਾ ਦੀ ਸਹਾਇਤਾ ਪ੍ਰਾਪਤ ਕਰਕੇ ਇਹ ਮੁਸ਼ਕਲ ਵੀ ਹੱਲ ਕਰ ਲਈ। ਫਿਰ ਕਿਲ੍ਹੇ ਦਾ ਦਰਵਾਜਾ ਅੰਦਰੋਂ ਖੁਲ੍ਹਵਾ ਕੇ ਉਸਮਾਨ ਖਾਨ ਨੂੰ ਫੜ ਕੇ ਮੌਤ ਦੀ ਸਜ਼ਾ ਦੇ ਦਿੱਤੀ। ਬਾਕੀ ਸਾਰੇ ਅਮੀਰ ਚੌਧਰੀ, ਵਜ਼ੀਰ ਅਤੇ ਨਵਾਬ ਮੂੰਹ ਵਿਚ ਘਾਹ ਲੈ ਕੇ ਚਿੱਟਾ ਝੰਡਾ ਲਹਿਰਾਉਣ ਲੱਗੇ। ਉਹ ਬੰਦਾ ਸਿੰਘ ਦੀ ਕਮਜੋਰੀ ਜਾਣਦੇ ਸਨ।, ਉਨ੍ਹਾਂ ਨੇ ਬੰਦਾ ਸਿੰਘ ਤੋਂ ਮੁਆਫੀ ਮੰਗਦਿਆ ਹੋਇਆ ਕਿਹਾ, "ਅਸੀਂ ਤੁਹਾਡੀਆਂ ਗਊਆਂ ਹਾਂ, ਇਸ ਵਾਰ ਸਾਨੂੰ ਬਖਸ਼ ਦਿਉ।" ਬੰਦਾ ਸਿੰਘ ਖੂਨ-ਖਰਾਬਾ ਕਰਨਾ ਨਹੀਂ ਚਾਹੁੰਦਾ ਸੀ, ਇਸ ਲਈ ਬੰਦਾ ਸਿੰਘ ਨੇ ਉਨ੍ਹਾਂ ਤੋਂ ਦੁਬਾਰਾ ਗਦਾਰੀ ਨਾ ਕਰਨ ਦੀ ਸਹੁੰ ਲੈ ਕੇ ਮੁਆਫ ਕਰ ਦਿੱਤਾ।

ਇਸ ਜਿੱਤ ਨਾਲ ਜਿਥੇ ਲੱਖਾਂ ਦੀ ਨਕਦ ਦੌਲਤ ਦਲ ਖਾਲਸਾ ਦੇ ਹੱਥ ਆਈ, ਉਥੇ ਉਸ ਦੀ ਧਾਂਕ ਪੂਰੇ ਪੰਜਾਬ ਦੇ ਇਲਾਕੇ ਵਿਚ ਫੈਲ ਗਈ, ਬੰਦਾ ਸਿੰਘ ਅਜੇ ਸਢੌਰੇ ਨਗਰ ਦੇ ਸ਼ਾਸਨ ਪ੍ਰਬੰਧ ਵਿਚ ਹੀ ਰੁੱਝਾ ਹੋਇਆ ਸੀ ਕਿ ਇੱਕ ਅਦੁਭੁਤ ਘਟਨਾ ਵਾਪਰੀ। ਇੱਕ ਸਥਾਨ ਤੇ ਦਲ ਖਾਲਸਾ ਦੇ ਜੁਆਨ ਆਪਣੇ ਊਠ ਅਤੇ ਘੋੜੇ ਚਰਾ ਰਹੇ ਸਨ ਕਿ ਇੱਕ ਊਠ ਭੱਜ ਕੇ ਇੱਕ ਖੇਤ ਵਿਚ ਵੜ ਗਿਆ। ਉਸ ਜੁਆਨ ਨੇ ਊਠ ਨੂੰ ਕੁੱਟ ਕੇ ਵਾਪਸ ਲਿਆਉਣ ਲਈ ਇੱਕ ਰ ਹੀ ਤੋਂ ਬਾਂਸ ਖੋਹ ਕੇ ਊਠ ਨੂੰ

ਕੁੱਟਿਆ, ਬਾਂਸ ਅੰਦਰੋਂ ਖੋਖਲਾ ਸੀ, ਟੁੱਟ ਗਿਆ, ਪਰ ਇਹ ਕੀ? ਉਸ ਵਿਚੋਂ ਇੱਕ ਚਿੱਠੀ ਹੇਠਾਂ ਡਿੱਗੀ। ਜੁਆਨ ਨੇ ਉਹ ਚਿੱਠੀ ਪੜ੍ਹੀ ਤੇ ਉਹ ਰਾਹੀ ਜੋ ਭੱਜ ਰਿਹਾ ਸੀ, ਉਸ ਨੂੰ ਫੜ੍ਹ ਲਿਆ ਅਤੇ ਜਥੇਦਾਰ ਬੰਦਾ ਸਿੰਘ ਦੇ ਸਾਹਮਣੇ ਪੇਸ਼ ਕੀਤਾ। ਚਿੱਠੀ ਦੀ ਇਬਾਰਤ ਵਿਚ ਸਰਹੰਦ ਦੇ ਸੂਬੇਦਾਰ ਨੂੰ ਲਿਖਿਆ ਗਿਆ ਸੀ ਕਿ ਉਹ ਸਰਹੰਦ ਤੋਂ ਸਢੌਰੇ ਨਗਰ ਤੇ ਹਮਲਾ ਕਰ, ਦੇਵੇ, ਇੰਨੇ ਸਮੇਂ ਤੱਕ ਅਸੀਂ ਬੰਦਾ ਸਿੰਘ ਨੂੰ ਫੁਸਲਾ ਕੇ ਰਖਾਂਗੇ। ਜਦੋਂ ਹੀ ਬਾਹਰੋਂ ਹਮਲਾ ਹੋਵੇਗਾ, ਅਸੀਂ ਨਗਰ ਦੇਅੰਦਰੋਂ ਬਗਾਵਤ ਕਰ ਦਿਆਂਗੇ। ਇਸ ਤਰ੍ਹਾਂ ਬੰਦਾ ਸਿੰਘ ਅਤੇ ਉਸ ਦਾ ਦਲ ਇਸ ਖਾਸ ਤਰਕੀਬ ਨਾਲ ਘੇਰੇ ਵਿਚ ਫਸ ਸਕਦਾ ਹੈ। ਇਸ ਚਿੱਠੀ ਨੂੰ ਪੜ੍ਹ ਕੇ ਬੰਦਾ ਸਿੰਘ ਨੇ ਉਨ੍ਹਾਂ ਸਾਰੇ ਲੋਕਾਂ ਦੀ ਸਭਾ ਬੁਲਾਈ ਜਿਨ੍ਹਾਂ ਨੂੰ ਮੁਆਫੀ ਮੰਗਣ ਤੇ ਜੀਵਨ ਦਾਨ ਦਿੱਤਾ ਗਿਆ ਸੀ। ਇਨ੍ਹਾਂ ਲੋਕਾਂ ਨੇ ਛਲ ਕਪਟ ਨਾ ਕਰਨ ਦੀ ਸਹੁੰ ਖਾਧੀ ਸੀ। ਇਸ ਸਭਾ ਨੂੰ ਸੰਬੋਸਧਨ ਕਰਦਿਆਂ ਹੋਇਆ ਜਥੇਦਾਰ ਬੰਦਾ ਸਿੰਘ ਨੇ ਕਿਹਾ, ਤੁਹਾਡੇ ਵਿਚਾਰ ਵਿਚ ਜੇ ਕੋਈ ਸਹੁੰ ਖਾ ਕੇ ਧੋਖਾ ਕਰੇ ਉਸ ਸਮੇਂ ਉਸ ਨੂੰ ਕੀ ਦੰਡ ਦਿੱਤਾ ਜਾਣਾ ਚਾਹੀਦਾ ਹੈ। ਜੁਆਬ ਵਿਚ ਸਰੇ ਇੱਕ ਮਤ ਹੋ ਕੇ ਕਹਿ ਉਠੇ, ਮੌਤ ਦੀ ਸਜ਼ਾ ਦਾ ਅਧਿਕਾਰੀ ਹੈ ਉਹ। ਬਸ ਫਿਰ ਕੀ ਸੀ ਬੰਦਾ ਸਿੰਘ ਨੇ ਉਹ ਚਿੱਠੀ ਉਸ ਸਭਾ ਵਿਚ ਦਿਖਾਈ। ਉਸ ਚਿੱਠੀ ਨੂੰ ਵੇਖ ਕੇ ਸਾਰੇ ਅਮੀਰਾ, ਵਜੀਰਾਂ ਅਤੇ ਨਵਾਬਾਂ ਤੇ ਤਾਂ ਜਿਵੇਂ ਅਸਮਾਨੀ ਬਿਜਲੀ ਡਿੱਗ ਪਈ। ਉਹ ਹੈਰਾਨ ਹੋ ਗਏ ਕਿ ਉਹ ਗੁਪਤ ਚਿੱਠੀ ਬੰਦਾ ਸਿਘ ਦੇ ਕੋਲ ਕਿਵੇਂ ਪਹੁੰਚੀ। ਹੁਣ ਤਾਂ ਉਨ੍ਹਾਂ ਨੂੰ ਮੌਤ ਆਪਣੇ ਸਿਰ ਤੇ ਮੰਡਰਾਉਂਦੀ ਹੋਈ ਦਿਖਾਈ ਦੇਣ ਲੱਗੀ। ਪਰ ਉਹ ਬਹੁਤ ਚਾਲਾਕ ਸਨ, ਉਨ੍ਹਾਂ ਨੇ ਬੰਦਾ ਸਿੰਘ ਨੂੰ ਡੰਡੌਤ ਪ੍ਰਣਾਮ ਕੀਤੇ ਅਤੇ ਕਿਹਾ, ਇਸ ਵਾਰੀ ਸਾਨੂੰ ਮੁਆਫ ਕਰ ਦਿਉ। ਜੁਆਬ ਵਿਚ ਬੰਦਾ ਸਿੰਘ ਨੇ ਕਹਿ

ਦਿੱਤਾ, ਤੁਹਾਡੇ ਵਿਚੋਂ ਜੋ ਵਿਅਕਤੀ ਪੀਰ ਬੁੱਧੂ ਸ਼ਾਹ ਜੀ ਦੀ ਹਵੇਲੀ ਵਿਚ ਸ਼ਰਨ ਲੈ ਲਵੇਗਾ ਉਸ ਨੂੰ ਮੁਆਫ ਕਰ ਦਿੱਤਾ, ਬਾਕੀਆਂ ਨੂੰ ਮੌਤ ਦੀ ਸਜ਼ਾ। ਇਹ ਸੁਣਦਿਆਂ ਹੀ ਸਾਰੇ ਪੀਰ ਜੀ ਦੀ ਹਵੇਲੀ ਵਿਚ ਵੜਣ ਲਈ ਦੌੜੇ। ਜਦੋਂ ਪੀਰ ਜੀ ਦੀ ਹਵੇਲੀ ਪੂਰੀ ਤਰ੍ਹਾਂ ਭਰ ਗਈ ਤਾਂ ਬੰਦਾ ਸਿੰਘ ਨੇ ਆਦੇਸ਼ ਦਿੱਤਾ ਕਿ ਜੋ ਵਿਅਕਤੀ ਕਮਜੋਰ ਹੋਣ ਕਰਕੇ ਹਵੇਲੀ ਵਿਚ ਸ਼ਰਨ ਨਹੀ ਲੈ ਸਕੇ, ਉਨ੍ਹਾਂ ਨੂੰ ਮੁਆਫ਼ ਕੀਤਾ ਜਾਂਦਾ ਹੈ ਅਤੇ ਹਵੇਲੀ ਦੇ ਅੰਦਰ ਵੜੇ ਲੋਕਾਂ ਨੂੰ ਮੌਤ ਦੀ ਸਜ਼ਾ। ਬਸ ਫਿਰ ਕੀ ਸੀ? ਹੁਕਮ ਮਿਲਦਿਆਂ ਹੀ ਦਲ ਦੇ ਜੁਆਨਾਂ ਨੇ ਹਵੇਲੀ ਨੂੰ ਵੀ ਉਥੋਂ ਭੱਜਣ ਨਹੀ ਦਿੱਤਾ ਗਿਆ। ਸਾਰਿਆਂ ਨੂੰ ਅੱਗ ਨਾ ਦਿੱਤੀ। ਕਿਸੇ ਨੂੰ ਭਸਮ ਕਰ ਦਿੱਤਾ ਗਿਆ।

ਇਸ ਘਟਨਾ ਦੇ ਬਾਅਦ 15 ਨਵੰਬਰ, 17●9 ਨੂੰ ਸਢੌਰਾ ਨਗਰ ਦੇ ਸ਼ਾਸਨ ਪ੍ਰਬੰਧ ਲਈ ਖਾਲਸਾ ਪੰਚਾਇਤ ਦੀ ਸਥਾਪਨਾ ਕਰ ਦਿੱਤੀ। ਇਸ ਦੇ ਨਾਲ ਹੀ ਨੇੜੇ ਦੇ ਜੰਗਲਾਂ ਵਿਚੋਂ ਇੱਕ ਲੰਮਾ ਚੀੜ ਦਾ ਦਰੱਖਤ ਕੱਟਵਾ ਕੇ ਉਸ ਉਤੇ ਖਾਲਸੇ ਦਾ ਝੰਡਾ ਕੇਸਰੀ ਰੰਗ ਵਿਚ ਲਹਿਰਾ ਦਿੱਤਾ। ਹੁਣ ਖਾਲਸਾ ਦਲ ਨੂੰ ਆਪਣੇ ਲਈ ਕਿਸੇ ਸਰੁੱਖਿਅਤ ਕਿਲ੍ਹੇ ਦੀ ਲੋੜ ਸੀ। ਇਸ ਲਈ ਸਢੌਰਾ ਨਗਰ ਤੋਂ ਸੱਤ ਕੋਹ ਦੂਰ ਹਿੱਕ ਟੇਕਰੀ ਤੇ ਬਣੇ ਹੋਏ ਕਿਲ੍ਹੇ ਨੂੰ ਫਤਹਿ ਕਰਨ ਦਾ ਨਿਸ਼ਚਾ ਕੀਤਾ ਗਿਆ। ਇਸ ਕਿਲ੍ਹੇ ਦਾ ਨਾਂ ਮੁਖਲਸ ਗੜ੍ਹ ਸੀ। ਇਸ ਨੂੰ ਇਸ ਪਠਾਣ ਨੇ ਤਿਆਰ ਕਰਵਾਇਆ ਸੀ ਜਿਹੜਾ ਇਸ ਸਮੇਂ ਉਸ ਵਿਚ ਫੌਜਦਾਰ ਨਿਯੁਕਤ ਸੀ। ਪਰ ਫੜ੍ਹ ਲਿਆ ਗਿਆ ਅਤੇ ਸਦਾ ਦਾ ਨੀਂਦ ਸੁਆ ਦਿੱਤਾ ਗਿਆ। ਕਿਲ੍ਹੇ ਤੇ ਕਬਜ਼ਾ ਕਰਦਿਆਂ ਸਾਰ ਹੀ ਬੰਦਾ ਸਿੰਘ ਨੇ ਕਿਲ੍ਹੇ ਦਾ ਨਾਂ ਬਦਲ ਕੇ ਲੋਹ ਗੜ੍ਹ ਕਰ ਦਿੱਤਾ। ਦਲ ਖਾਲਸਾ ਨੇ ਆਪਣਾ

ਖਜ਼ਾਨਾ, ਰਸਦ, ਹਥਿਆਰ ਇਥੇ ਸੁਰੱਖਿਅਤ ਰਖੇ। ਇਸੇ ਕਿਲ੍ਹੇ ਨੂੰ ਕੇਂਦਰ ਬਣਾਕੇ ਅਗਲੀ ਯੋਜਨਾ ਬਣਾਉਣ ਲੱਗੇ।

## ਮਲੇਰਕੋਟਲੇ ਤੇ ਹਮਲਾ

ਦੁਸ਼ਮਣ ਤੇ ਜਿੱਤ ਤੇ ਜਿੱਤ ਪ੍ਰਾਪਤ ਕਰਨ ਦੀ ਦ੍ਰਿਸ਼ਟੀ ਨਾਲ ਖਾਲਸਾ ਦਲ ਦੇ ਨਾਇਕ ਬੰਦਾ ਸਿੰਘ ਬਹਾਦਰ ਨੇ ਅਗਲਾ ਕਦਮ ਮਲੇਰਕੋੁਟਲੇ ਵੱਲ ਵਧਾਇਆ। ਇਥੋਂ ਦੇ ਨਵਾਬਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ਼ਾਹੀ ਸੈਨਾ ਵਲੋਂ ਵੱਧ-ਚੜ੍ਹ ਕੇ ਹਮਲੇ ਕੀਤੇ ਸਨ, ਭਾਵੇ ਗੁਰੂਦੇਵ ਦੇ ਸਪੁੱਤਰਾਂ ਦੀ ਹੱਤਿਆ ਕਰਵਾਉਣ ਵਿਚ ਉਨ੍ਹਾਂ ਦਾ ਕੋਈ ਰੱਥ ਨਹੀ ਸੀ। ਇਸ ਸਮੇਂ ਉਸ ਪਰਿਵਾਰ ਦੇ ਸਾਰੇ ਪਰਸ਼ ਮੈਂਬਰ ਕੁਝ ਗੁਰੂ ਜੀ ਦੇ ਹੱਥੋਂ ਅਤੇ ਪਾਕੀ ਚੱਪੜ-ਚਿੜੀ ਦੀ ਰਣਭੂਮੀ ਵਿਚ ਮਾਰੇ ਜਾ ਚੁੱਕੇ ਸਨ। ਜਦੋਂ ਦਲ ਖਾਲਸਾ ਮਲੇਰ ਕੋਟਲਾ ਪਹੁੰਚਿਆ ਤਾਂ ਉਥੋਂ ਦੀ ਜਨਤਾ ਖ਼ੂਨ - ਖਰਾਬਾ ਹੋਣ ਦੇ ਡਰ ਨਾਲ ਕੰਬ ਉੱਠੀ, ਉਨ੍ਹਾਂ ਨੇ ਤੁਰੰਤ ਆਪਣਾ ਇੱਕ ਪ੍ਰਤਿਨਿਧ ਮੰਡਲ ਬਹੁਤ ਵੱਡੀ ਧਨ ਰਾਸ਼ੀ ਸਜ਼ਰਾਨੇ ਦੇ ਰੂਪ ਵਿਚ ਦੇ ਕੇ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਦੇ ਕੋਲ ਭੇਜਿਆ। ਬੰਦਾ ਸਿੰਘ ਇਸ ਨਗਰ ਨੂੰ ਕਿਸੇ ਪ੍ਰਕਾਰ ਦਾ ਨੁਕਸਾਨ ਪਹੁੰਚਾਉਣ ਦੇ ਪੱਖ ਵਿਚ ਨਹੀਂ ਸੀ ਕਿਉਂਕਿ ਉਸ ਨੂੰ ਪਤਾ ਲੱਗ ਗਿਆ ਸੀ ਕਿ ਇਥੋਂ ਦੇ ਨਵਾਬ ਸ਼ੇਰ ਮੁਹੰਮਦ ਖਾਨ ਦੇ ਗੁਰੂਦੇਵ ਦੇ ਦੋਹਾਂ ਛੋਟਾਂ ਸਾਹਿਬ ਜ਼ਾਦਿਆਂ ਦੀ ਹੱਤਿਆ ਦਾ ਵਿਰੋਧ ਕੀਤਾ ਸੀ। ਸਾਹਿਬ ਜ਼ਾਦਿਆ ਦੀ ਹੱਤਿਆ ਦਾ ਵਿਰੋਧ ਕੀਤਾ ਸੀ। ਸਾਹਿਬਜ਼ਾਦਿਆਂ ਪ੍ਰਤੀ ਵਿਖਾਈ ਹਮਦਰਦੀ ਦੇ ਕਰਕੇ ਕਿਸੇ ਪ੍ਰਕਾਰ ਦੇ ਬਦਲੇ ਦਾ

ਪ੍ਰਸਨ ਹੀ ਨਹੀਂ ਉਠਦਾ ਸੀ। ਇਸ ਲਈ ਉਹ ਪ੍ਰਤਿਨਿਧ ਮੰਡਲ ਨੂੰ ਬਹੁਤ ਸਦਭਾਵਨਾ ਭਰਪੂਰ ਵਾਤਾਵਰਣ ਵਿਚ ਮਿਲੇ ਅਤੇ ਨਜ਼ਰਾਨੇ ਸਵੀਕਾਰ ਕਰ ਲਏ। ਇਸ ਮੰਡਲ ਵਿਚ ਇੱਕ ਸਥਾਨਕ ਸ਼ਾਹੂਕਾਰ ਕਿਸ਼ਨ ਦਾਸ ਨੇ ਬੰਦਾ ਸਿੰਘ ਨੂੰ ਪਛਾਣ ਲਿਆ, ਲਗਭਗ ਦਸ ਸਾਲ ਪਹਿਲਾਂ ਇਕ ਵੈਰਾਗੀ ਸਾਧੂ ਦੇ ਰੂਪ ਵਿਚ ਆਪਣੇ ਗੁਰੂ ਰਾਮਦਾਸ ਦੇ ਨਾਲ ਮਾਧੋਦਾਸ ਦੇ ਨਾਂ ਨਾਲ ਉਨ੍ਹਾਂ ਦੇ ਘਰ ਜਿਹੜਾ ਵਿਅਕਤੀ ਠਹਿਰਿਆ ਸੀ, ਉਹ ਇਹੀ ਬੰਦਾ ਸਿੰਘ ਬਹਾਦਰ ਹੈ। ਇਸ ਭੇਦ ਦੇ ਪ੍ਰਗਟ ਹੁੰਦਿਆਂ ਦੀ ਡਰ ਪ੍ਰਸੰਨਤਾ ਵਿਚ ਬਦਲ ਗਿਆ ਅਤੇ ਸਾਰੇ ਆਪਸ ਵਿਚ ਇੱਕ-ਮਿਕ ਹੋ ਗਏ। ਤਦ ਬੰਦਾ ਸਿੰਘ ਨੇ ਸਥਾਨਕ ਪ੍ਰਤਿਨਿਧ ਮੰਡਲ ਨੂੰ ਵਚਨ ਦਿੱਤਾ ਕਿ ਜੇ ਇਥੋਂ ਦੇ ਸ਼ਾਸਕ ਸਾਡੀ ਅਧੀਨਤਾ ਸਵੀਕਾਰ ਕਰ ਲੈਣ ਤਾਂ ਇਥੇ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ ਜਾਵੇਗਾ, ਤਦ ਉਨ੍ਹਾਂ ਨੂੰ ਦਸਿਆ ਗਿਆ ਕਿ ਦਲ ਖਾਲਸਾ ਦੇ ਆਉਣ ਦੀ ਸੂਚਨਾ ਮਿਲਦਿਆਂ ਹੀ ਉਥੋਂ ਦਾ ਫੌਜਦਾਰ ਭੰਜ ਗਿਆ ਹੈ।

## ਅਨੂਪ ਕੌਰ ਦਾ ਪਿੰਜਰ ਬਰਾਮਦ

ਮਲੇਰਕੋਟਲੇ ਤੇ ਕਬਜ਼ਾ ਹੋ ਜਾਣ ਤੇ ਦਲ-ਖਾਲਸਾ ਦੇ ਨਾਇਕ ਬੰਦਾ ਸਿੰਘ ਨੂੰ ਪਤਾ ਲੱਗਾ ਕਿ ਇਥੋਂ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਦਸੰਬਰ 1704 ਈ. ਦੀ ਲੜਾਈ ਵਿਚ ਇੱਕ ਸਿੱਖ ਔਰਤ ਸ੍ਰੀ ਮਤੀ ਅਨੂਪ ਕੌਰ ਨੂੰ ਬੰਦੀ ਬਣਾ ਲਿਆ ਸੀ। ਇਹ ਔਰਤ ਆਨੰਦਗੜ੍ਹ ਖਾਲੀ ਕਰਦੇ ਸਮੇਂ ਕਾਫਲੇ ਤੋਂ ਵਿਛੜ ਗਈ ਸੀ। ਇਸ ਔਰਤ ਨੇ ਆਪਣੀ ਇਜ਼ਤ ਬਚਾਉਣ ਲਈ ਆਤਮ-ਹੱਤਿਆ ਕਰ ਲਈ ਸੀ। ਅਜਿਹਾ ਹੋਣ ਤੇ ਸ਼ੇਰ ਮੁਹੰਮਦ ਖਾਨ ਨੇ ਬਦਨਾਮੀ ਦੇ ਡਰ ਕਾਰਨ ਉਸ ਦਾ ਮ੍ਰਿਤਕ

ਸਰੀਰ ਆਪਣੇ ਮਹੱਲ ਦਾ ਨੇੜੇ ਹੀ ਦਫਨ ਕਰਵਾ ਦਿੱਤਾ ਸੀ। ਤਦ ਬੰਦਾ ਸਿੰਘ ਉਸ ਸਿੱਖ ਔਰਤ ਦੇ ਪਿੰਜਰ ਦੀ ਖੋਜ ਕਰਵਾਉਣ ਲੱਗੇ। ਉਨ੍ਹਾਂ ਨੇਇਸ ਕੰਮ ਲਈ ਕਈ ਕਬਰਾਂ ਖੁਦਵਾਈਆਂ ਅੰਤ ਵਿਚ ਉਨ੍ਹਾਂ ਨੂੰ ਉਹ ਪਿੰਜਰ ਮਿਲ ਹੀ ਗਿਆ। ਫਿਰ ਇਸ ਦਾ ਉਨ੍ਹਾਂ ਸਿੱਖ ਪਰੰਪਰਾ ਅਨੁਸਾਰ ਦਾਹ-ਸਸਕਾਰ ਸੰਪੂਰਨ ਕੀਤਾ।

## ਰਾਮ ਰਾਇ ਸੰਪਰਦਾਇ ਦੀ ਮੁਰੰਮਤ

ਰਾਮ ਰਾਇ ਸੰਪਰਦਾਇ ਦੇ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਗਈ ਅੰਮ੍ਰਿਤ ਧਾਰਣ ਕਰਨ ਦੀ ਰੀਤਿ ਦਾ ਮਖੌਲ ਉਡਾਉਦੇ ਤੇ ਪੰਜ ਕਕਾਰੀ ਸਿੰਘਾਂ ਦੀ ਵੀ ਖਿੱਲੀ ਉਡਾਉਂਦੇ ਸਨ। ਜਦੋਂ ਇਹ ਜਾਣਕਾਰੀ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਨੂੰ ਗੁਰੂ ਘਰ ਦੇ ਕੀਰਤਨੀਏ ਬੁਲਾਕਾ ਸਿੰਘ ਦੁਰਾ ਦਿੱਤੀ ਗਈ ਤਾਂ ਉਹ ਗੁਰੂ ਦੀ ਨਿੰਦਿਆ ਸਹਿਣ ਨਹੀ ਕਰ ਸਕੇ। ਉਨ੍ਹਾਂ ਨੇ ਤੁਰੰਤ ਇੱਕ ਸੈਨਿਕ ਟੁਕੜੀ ਘੁੜਾਮੀ ਪਿੰਡ ਭੇਜੀ ਅਤੇ ਪੰਥ ਵਿਰੋਧੀਆਂ ਦੀ ਮੁਰੰਮਤ ਕੀਤੀ। ਨਾਲ ਹੀ ਬੁਲਾਕਾ ਸਿੰਘ ਨੂੰ ਉਥੋਂ ਦੇ ਥਾਣੇ ਦਾ ਥਾਣੇਦਾਰ ਨਿਯੁਕਤ ਕਰ ਦਿੱਤਾ। ਇਥੇ ਹੀ ਧਰਮਕੋਟ ਅਤੇ ਦੂਜੇ ਇਲਾਕਿਆਂ ਦੇ ਚੌਧਰੀਆਂ ਨੇ ਬੰਦਾ ਸਿੰਘ ਨੂੰ ਨਜ਼ਰਾਨੇ ਪੇਸ਼ ਕੀਤੇ।

## ਜਥੇਦਾਰ ਬੰਦਾ ਸਿੰਘ ਦੀ ਸ਼ਾਸਨ ਪ੍ਰਣਾਲੀ

ਦਲ ਖਾਲਸਾ ਦੇ ਸੈਨਾ ਨਾਇਕ ਬੰਦਾ ਸਿੰਘ ਨੇ ਜਿੱਤੇ ਹੋਏ ਸਾਰੇ ਇਲਾਕਿਆਂ ਨੂੰ ਪ੍ਰਸ਼ਾਸਨ ਵਿਵਸਥਾ ਦੇ ਲਈ ਵੱਖ - ਵੱਖ ਯੋਗ ਵਿਅਕਤੀਆਂ ਵਿਚ ਵੰਡ ਦਿੱਤਾ। ਸਤਲੁਜ ਨਦੀ ਤੋਂ ਯਮੁਨਾ ਨਦੀ ਤੱਕ ਦਾ ਇਲਾਕਾ ਸਰਹੰਦ ਸੂਬੇ ਵਿਚ ਪੈਂਦਾ ਸੀ।

ਇਹ ਪ੍ਰਾਂਤ 28 ਪਰਗਣਿਆਂ ਵਿਚ ਵੰਡਿਆ ਹੋਇਆ ਸੀ। ਇਸ ਦਾ ਸੰਚਾਲਨ ਮੁਸਲਿਮ ਅਧਿਕਾਰੀ ਕਰਦੇ ਸਨ। ਸਰਹੰਦ ਦੀ ਜਿੱਤ ਨਾਲ ਇਹ ਸਾਰੇ ਪਰਗਣੇ ਖੁਦ ਹੀ ਬੰਦਾ ਸਿੰਘ ਦੀ ਛਤਰ-ਛਾਇਆ ਵਿਚ ਆ ਗਏ ਸਨ। ਇਸ ਲਈ ਬੰਦਾ ਸਿੰਘ ਸਰਹੰਦ ਦਾ ਗਵਰਨਰ ਨਿਯੁਕਤ ਕੀਤਾ ਅਤੇ ਉਸ ਦੀ ਸਹਾਇਤਾ ਲਈ ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾਇਆ ਗਿਆ। ਸਮਾਣਾ ਅਤੇ ਉਸ ਦੇ ਨੇੜੇ ਦੇ ਇਲਾਕਿਆਂ ਲਈ ਜੋ ਕਿ ਬਾਨੇਸਰ ਦੇ ਨੇੜੇ ਸਨ ਫਤਹਿ ਸਿੰਘ ਨੂੰ ਨਿਯੁਕਤ ਕੀਤਾ। ਇਸ ਤਰ੍ਹਾਂ ਪਾਣੀਪਤ ਅਤੇ ਕਰਨਾਲ ਦੇ ਇਲਾਕੇ ਸਰਦਾਰ ਵਿਨੋਦ ਸਿੰਘ ਨੂੰ ਸੌਂਪ ਦਿੱਤੇ। ਸਢੌਰਾ ਅਤੇ ਨਾਹਨ ਦੇ ਵਿਚਲੇ ਪਿੰਡ ਆਮੂਵਾਲ ਦੀ ਹੱਦ ਵਿਚ ਮੁਸਲਖਗੜ੍ਹ ਨੂੰ ਜੋ ਕਿ ਉੱਚੇ-ਨੀਵੇਂ ਟਿੱਲਿਆਂ ਅਤੇ ਖੱਡਿਆ ਵਿਚ ਘਿਰਿਆ ਸੀ, ਨੂੰ ਦਲ ਖਾਲਸਾ ਦੀ ਸਥਾਈ ਰਾਜਧਾਨੀ ਬਣਾਇਆ ਅਤੇ ਇਸ ਕਿਲ੍ਹੇ ਦਾ ਨਾਂ ਲੋਹਗੜ੍ਹ ਰੱਖ ਦਿੱਤਾ। ਇਸੇ ਕਿਲ੍ਹੇ ਨੂੰ ਖਾਲਸੇ ਦੀਆਂ ਅਗਲੀਆਂ ਗਤੀਵਿਧੀਆਂ ਲਈ ਸਥਾਈ ਕੇਂਦਰ ਬਣਾਇਆ।

ਅਨੁਮਾਨ ਲਾਇਆ ਜਾਂਦਾ ਹੈ ਕਿ ਦਲ ਖਾਲਸਾ ਨੂੰ ਤਿੰਨ੍ਹ ਕਰੋੜ ਰੁਪਏ ਦੀ ਧਨ ਰਾਸ਼ੀ ਸਰਹੰਦ ਦੀ ਜਿੱਤ ਦੇ ਸਮੇਂ ਹੱਥ ਲੱਗੀ ਸੀ ਜੋ ਕਿ ਇਸੇ ਕਿਲ੍ਹੇ ਵਿਚ ਸੁਰੱਖਿਅਤ ਰੱਖੀ ਗਈ ਅਤੇ ਇਥੋਂ ਹੀ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਫਾਰਸੀ ਅੱਖਰਾਂ ਵਿਚ ਅੰਕਿਤ ਸੋਨੇ ਦੇ ਸਿੱਕੇ ਜਾਰੀ ਕੀਤੇ। ਇਨ੍ਹਾਂ ਸਿੱਕਿਆਂ ਦੇ ਹੇਠ ਲਿਖੀ ਇਬਾਰਤ ਛਪੀ ਹੋਈ ਹੈ:

" ਸਿੱਕਾ ਮਾਰਿਆ ਦੋ ਜਹਾਨ ਉਤੇ

ਬਖਸ਼ਿਸ ਬਖਸ਼ਿਆ ਨਾਨਕ ਦੀ ਤੇਰਾ ਨੇ ਜੀ।

ਫਤਹਿ ਸ਼ਾਹਿ-ਸਾਹਾਨ ਗੁਰੂ ਗੋਬਿੰਦ ਸਿੰਘ ਦੀ,

ਮਿਹਰਾਂ ਕੀਤੀਆਂ ਰੱਬ ਇੱਕ ਨੇ ਜੀ।"

**ਜਗੀਰਦਾਰੀ ਪ੍ਰਥਾ ਦਾ ਅੰਤ: –** ਬੰਦਾ ਸਿੰਘ ਬਹਾਦਰ ਨੇ ਇੱਕ ਅਧਿਆਦੇਸ਼ ਜਾਰੀ ਕਰਕੇ ਐਲਾਨ ਕਰਵਾਇਆ। ਜ਼ਮੀਨ ਵਾਹੁਣ ਵਾਲੇ ਕਿਸਾਨ ਹੀ ਜ਼ਮੀਨ ਦੇ ਅਸਲੀ ਮਾਲਕ ਹੋਣਗੇ ਅਤੇ ਵਿਚੋਲੀਆ ਅਰਥਾਤ ਜ਼ਿਮੀਦਾਰੀ ਪ੍ਰਥਾ ਖਤਮ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਕਿਸਾਨਾ ਨੂੰ ਜ਼ਿਮੀਦਾਰਾਂ ਦੇ ਅਤਿਆਚਾਰਾਂ ਤੋਂ ਬਚਾਉਣ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਕਿਸਾਨ ਬਹੁ-ਗਿਣਤੀ ਵਿਚ ਹਨ ਇਸ ਲਈ ਉਹ ਅਪਣੇ ਹਿੱਤਾ ਦੀ ਰਖਿਆ ਖੁਦ ਆਪਣੇ ਬਾਹੂ -ਬਲ ਦੇ ਸਹਾਰੇ ਕਰਨ। ਇਸ ਤਰ੍ਹਾਂ ਕਿਸਾਨਾਂ ਨੇ ਪ੍ਰਸ਼ਾਸਨ ਤੋਂ ਪ੍ਰੇਰਨਾ ਲੈ ਕੇ ਜ਼ਿਮੀਦਾਰਾਂ ਨੂੰ ਸਦਾ ਲਈ ਪਾਸੇ ਕਰਕੇ ਖੁਦ ਆਪਣੀ ਭੂਮੀ ਦੇ ਮਾਲਕ ਬਣ ਗਏ। ਵਿਸ਼ਵ ਇਤਿਹਾਸ ਵਿਚ ਪਹਿਲੀ ਵਾਰੀ ਜ਼ਿਮੀਦਾਰੀ ਪ੍ਰਥਾ ਦਾ ਅੰਤ ਬੰਦਾ ਸਿੰਘ ਬਹਾਦਰ ਦੇ ਤਾਕਤ ਵਿਚ ਆਉਣ ਨਾਲ ਪੰਜਾਬ ਵਿਚ ਹੋ ਗਿਆ।

## ਪੰਜਾਬ ਦੇ ਮਾਝੇ ਇਲਾਕੇ ਦੇ ਸਿੰਘਾਂ ਨਾਲ ਸ਼ੇਰ ਖਾਨ ਦ ਯੁੱਧ

ਹੁਣ ਉਨ੍ਹਾਂ ਸਿੰਘਾਂ ਦਾ ਵਰਨਣ ਹੈ ਜੋ ਕੀਰਤਪੁਰ ਵਿਚ ਇਕੱਠੇ ਹੋ ਰਹੇ ਸਨ। ਇਸ ਖਬਰ ਨੇ ਕਿ "ਸਿੰਘ ਸਰਹੰਦ ਵੱਲ ਵੱਧਣ ਦਾ ਪ੍ਰੋਗਰਾਮ ਬਣਾ ਰਹੇ ਹਨ, ਵਜੀਦ ਖਾਨ ਦੀ ਨੀਂਦ

ਹਰਾਮ ਕਰ ਦਿੱਤੀ। ਉਸ ਨੇ ਸਿੰਘਾਂ ਦੇ ਦੋਹਾਂ ਦਲਾਂ ਨੂੰ ਮਿਲਣ ਤੋਂ ਰੋਕਣ ਲਈ ਪੂਰੀ ਸ਼ਕਤੀ ਲਾ ਦਿੱਤੀ। ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਕੀਰਤਪੁਰ ਵਾਲੇ ਸਿੰਘਾਂ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਭੇਜਿਆ। ਸ਼ੇਰ ਮੁਹੰਮਦ ਕੋਲ ਆਪਣੀਆਂ ਸੈਨਿਕ ਟੁਕੜੀਆਂ ਵੀ ਸਨ। ਨਵਾਬ ਦੇ ਨਾਲ ਉਸਦਾ ਭਰਾ ਖਿਜਰ ਖਾਨ ਅਤੇ ਦੋ ਭਤੀਜੇ ਖਾਨ ਵਲੀ ਤੇ ਮੁਹੰਮਦ ਬਖਸ਼ ਵੀ ਸਨ। ਉਸ ਸਮੇਂ ਦੂਜੇ ਪਾਸੇ ਸਿੱਖਾਂ ਦੀ ਗਿਣਤੀ ਇਨ੍ਹਾਂ ਦੀ ਤੁਲਨਾ ਵਿਚ ਬਹੁਤ ਘੱਟ ਸੀ। ਉਨ੍ਹਾਂ ਕੋਲ ਕੋਈ ਚੰਗੇ ਅਸਤਰ-ਸ਼ਸ਼ਤਰ ਵੀ ਨਹੀਂ ਸਨ। ਦੇ ਨੇੜੇ ਦੋਹਾਂ ਫੌਜਾਂ ਦਾ ਆਹਮਣਾ-ਸਾਹਮਣਾ ਹੋਇਆ। ਸਿੰਘ ਬਹੁਤ ਬਹਾਦਰੀ ਨਾਲ ਲੜੇ ਪਰ ਸ਼ਾਮ ਦੇ ਵੇਲੇ ਅਜਿਹਾ ਅਨੁਭਵ ਹੋ ਰਿਹਾ ਸੀ ਕਿ ਸ਼ੇਰ ਮੁਹੰਮਦ ਦਾ ਪਲੜਾ ਭਾਰੀ ਹੈ। ਪਰ ਰਾਤ ਨੂੰ ਸਿੰਘਾਂ ਦਾ ਇੱਕ ਦਲ ਮਾਝੇ ਦੇ ਇਲਾਕੇ ਤੋਂ ਆ ਪਹੁੰਚਿਆ, ਬਸ ਫਿਰ ਕੀ ਸੀ, ਦੂਜੇ ਦਿਨ ਸੂਰਜ ਚੜਦਿਆਂ ਹੀ ਸਿੱਘਾਂ ਨੇ ਖਿਜਰ ਖਾਨ ਤੇ ਹਮਲਾ ਕਰ ਦਿੱਤਾ। ਸਿੰਘ ਅੱਗੇ ਹੀ ਵਧਦੇ ਗਏ। ਦੋਹਾਂ ਪਾਸਿਆਂ ਦੀਆਂ ਫੌਜਾਂ ਏਨੀਆਂ ਨੇੜੇ-ਨੇੜੇ ਪਹੁੰਚ ਗਈਆਂ ਕਿ ਹੱਥੋ-ਹੱਥ ਯੁੱਧ ਸ਼ੁਰੂ ਹੋ ਗਿਆ। ਇਸ ਸਮੇਂ ਸਿੰਘਾਂ ਨੇ ਖੂਬ ਤਲਵਾਰ ਵਾਰੀ। ਖਿਜਰ ਖਾਨ ਨੇ ਸਿੱਖਾਂ ਨੂੰ ਹਥਿਆਰ ਸੁੱਟਣ ਲਈ ਲਲਕਾਰਿਆ, ਅਚਾਨਕ ਉਸ ਦੀ ਛਾਤੀ ਵਿਚ ਇੱਕ ਗੋਲੀ ਲੱਗੀ, ਜਿਸ ਨੇ ਉਸ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਬਾਕੀ ਪਠਾਣ, ਖਿਜਰ ਖਾਨ ਨੂੰ ਡਿੱਗਦਾ ਵੇਖ ਕੇ ਭੱਜ ਗਏ। ਸ਼ੇਰ ਮੁਹੰਮਦ ਖਾਨ ਅੱਗੇ ਵਧਿਆ। ਉਸਦੇ ਭਤੀਜੇ ਵੀ ਨਾਲ ਸਨ, ਜਿਹੜੇ ਆਪਣੇ ਪਿਤਾ ਦੀ ਲਾਸ਼ ਨੂੰ ਚੁੱਕਣਾ ਚਾਹੁੰਦੇ ਸਨ, ਪਰ ਸਿੱਖਾਂ ਨੇ ਉਨ੍ਹਾਂ ਦੋਹਾਂ ਨੂੰ ਵੀ ਜਹਨੱਮ ਪਹੁੰਚਾ ਦਿੱਤਾ। ਸ਼ੇਰ ਮੁਹੰਮਦ ਖਾਨ ਵੀ ਜ਼ਖਮੀ ਹੋ ਗਿਆ। ਮੁਗਲ ਫੌਜਾਂ ਸਿਰ ਤੇ ਪੈਰ ਰੱਖ ਕੇ ਭੱਜ ਉਠੀਆਂ। ਇਸ ਤਰ੍ਹਾਂ ਮੈਦਾਨ ਸਿੰਘਾਂ ਦੇ ਹੱਥ ਆ ਗਿਆ।

## ਵਜੀਦ ਖਾਨ ਦੀ ਤਿਆਰੀ

ਸਰਹੰਦ ਦੇ ਸੂਬੇਦਾਰ ਵਜੀਦ ਖਾਨ ਨੇ ਖਾਲਸਾ ਦਲ ਦੇ ਸੈਨਾਨਾਇਕ ਬੰਦਾ ਸਿੰਘ ਬਹਾਦਰ ਨਾਲ ਨਜਿੱਠਣ ਲਈ ਯੁੱਧ ਦੀਆਂ ਤਿਆਰਿਆਂ ਵਿਚ ਸਾਰੇ ਸੰਭਵ ਸਾਧਨ ਲਾ ਦਿੱਤੇ। ਸ਼ਾਹੀ ਸੈਨਾ ਨੇ ਦਿੱਲੀ ਤੇ ਲਾਹੌਰ ਤੋਂ ਫੌਜ ਮੰਗਵਾਈ। ਨਵੀਂ ਭਰਤੀ ਖੋਲ ਦਿੱਤੀ ਗਈ।

ਆਪਣੇ ਸੱਜਣ, ਮਿੱਤਰ ਰਾਜਵਾੜਿਆ ਨੂੰ ਸਹਾਇਤਾ ਲਈ ਬੁਲਾ ਲਿਆ ਅਤੇ ਜਹਾਦ ਦਾ ਨਾਅਰਾ ਲਾ ਕੇ ਰਾਜੀਆਂ ਦੇ ਝੁਰਮਟ ਇਕੱਠੇ ਕਰ ਲਏ । ਉਸਨੇ ਗੋਲਾ-ਬਾਰੂਦ ਨਾਲ ਗੋਦਾਮ ਭਰ ਲਏ। ਅਣਗਿਣਤ ਤੋਪਾਂ ਅਤੇ ਹਾਥੀ ਇਕੱਠੇ ਕਰ ਲਏ ਗਏ। ਇਤਿਹਾਸਕਾਰਾਂ ਦਾ ਅਨੁਮਾਨ ਹੈ ਕਿ ਇਨ੍ਹਾਂ ਸਾਰਿਆਂ ਲੜਾਕਿਆਂ ਦੀ ਸੰਖਿਆ ਇੱਕ ਲੱਖ ਦੇ ਕਰੀਬ ਹੋ ਗਈ ਸੀ । ਉਹ ਕਿਸੇ ਤਰ੍ਹਾਂ ਵੀ ਹਾਰ ਹੋਣ ਦਾ ਖਤਰਾ ਨਹੀਂ ਲੈਣਾ ਚਾਹੁੰਦਾ ਸੀ । ਇਸ ਲਈ ਉਸ ਨੇ ਦਲ ਖਾਲਸਾ ਦੀ ਸੰਖਿਆ ਅਤੇ ਸ਼ਕਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਉਪਾਅ ਕੀਤੇ । ਉਸ ਨੇ ਸੁੱਚਾ ਨੰਦ ਦੇ ਭਤੀਜੇ ਨੂੰ ਇੱਕ ਹਜ਼ਾਰ ਹਿੰਦੂ ਸੈਨਿਕ ਦੇ ਕੇ ਬੰਦਾ ਸਿੰਘ ਕੋਲ ਭੇਜਿਆ ਅਤੇ ਉਸ ਨੂੰ ਛਲ-ਕਪਟ ਕਰਨ ਦਾ ਨਾਟਕ ਕਰਨ ਲਈ ਕਿਹਾ, ਕਿ ਉਹ ਮੁਗਲਾਂ ਦੇ ਅਤਿਆਚਾਰਾਂ ਤੋਂ ਤੰਗ ਹੋ ਕੇ ਉਥੋਂ ਭੱਜ ਕੇ ਤੁਹਾਡੀ (ਬੰਦਾ ਬਹਾਦਰ) ਸ਼ਰਨ ਵਿੱਚ ਆਇਆ ਹੈ । ਇਸ ਦੇ ਪਿਛੇ ਯੋਜਨਾ ਇਸ ਸੀ ਕਿ ਜਿਵੇਂ ਹੀ ਸੁੱਚਾ ਨੰਦ ਦਾ ਭਤੀਜਾ ਉਸਦਾ (ਬੰਦਾ ਬਹਾਦਰ) ਵਿਸ਼ਵਾਸ-ਪਾਤਰ ਬਣ ਜਾਵੇਗਾ, ਠੀਕ ਯੁੱਧ ਦੇ ਸਮੇਂ ਗਰਮ ਰਣ-ਭੂਮੀ ਵਿਚੋਂ ਉਸ ਦੀ ਸੈਨਾ ਭੱਜ ਕੇ ਸ਼ਾਹੀ ਸੈਨਾ ਵਿੱਚ ਰਲ ਜਾਵੇਗੀ ਅਤੇ ਦਲ-ਖਾਲਸਾ ਦੇ ਗੁਪਤ ਭੇਦ ਦੱਸੇਗੀ। ਇਸ ਤਰ੍ਹਾਂ ਉਨ੍ਹਾਂ ਤੇ ਜਿੱਤ ਪ੍ਰਾਪਤ ਕਰਨੀ ਆਸਾਨ ਹੋ ਜਾਵੇਗੀ ।

## ਦਲ-ਖਾਲਸਾ ਦਾ ਯੋਜਨਾ-ਬੱਧ ਪ੍ਰੋਗਰਾਮ

ਦਲ ਖਾਲਸਾ ਦੇ ਜਥੇਦਾਰ ਬੰਦਾ ਸਿੰਘ ਬਹਾਦਰ ਨੂੰ ਉਸਦੇ ਸਹਾਇਕ ਸਲਾਹ ਦੇਣ ਲੱਗੇ ਕਿ ਸਾਨੂੰ ਹੋਰ ਦੇਰ ਨਹੀਂ ਕਰਨੀ ਚਾਹੀਦੀ, ਜਲਦੀ ਹੀ ਸਰਹੰਦ ਤੇ ਹਮਲਾ ਕਰ ਦੇਣਾ ਚਾਹੀਦਾ। ਤਦ ਬੰਦਾ ਸਿੰਘ ਨੇ ਵਿਚਾਰ ਪ੍ਰਗਟ ਕੀਤਾ ਕਿ ਉਹ ਹੌਲੀ ਹੌਲੀ ਅੱਗੇ ਵਧਦੇ ਹਨ ਅਤੇ ਮਾਝੇ ਇਲਾਕੇ ਦੇ ਸਿੰਘਾਂ ਦੇ ਪਹੁੰਚਣ ਤੱਕ ਸਥਾਨਕ ਗੁਰੂ ਦੇ ਸਿੱਖਾਂ ਨੂੰ ਪ੍ਰੇਰਿਤ ਕਰਕੇ ਸ਼ਸਤਰ ਉਠਾਉਣ ਦਾ ਯਤਨ ਕਰਦੇ ਹਾਂ । ਇਸ ਤਰ੍ਹਾਂ ਸਾਡੀ ਗਿਣਤੀ ਦੁਸ਼ਮਣ ਦੇ ਮੁਕਾਬਲੇ ਦੀ ਹੋ ਜਾਵੇ। ਬੰਦਾ ਸਿੰਘ ਦਾ ਵਿਚਾਰ ਉਤਮ ਸੀ ਕਿ ਇਹ ਇਲਾਕਾ ਗੁਰੂ ਘਰ ਦੇ ਸ਼ਰਧਾਲੂ ਦਾ ਹੈ। ਜਿਉਂ ਹੀ ਦਲ ਖਾਲਸਾ ਨੇ ਸੈਨਾ ਭਰਤੀ ਅਭਿਆਨ ਚਲਾਇਆ, ਆਲੇ ਦੁਆਲੇ ਦੇ ਲੋਕ ਗੁਰੂ ਸਾਹਿਬ ਦੇ ਹੁਕਮਨਾਮਿਆਂ ਲਈ ਅਤੇ ਬੰਦਾ ਸਿੰਘ ਦੀ ਚੁੰਬਕੀ ਖਿੱਚ ਦੇ ਕਰਕੇ,

ਗੁਰੂਦੇਵ ਦੇ ਬੱਚਿਆਂ ਦਾ ਬਦਲਾ ਲੈਣ ਦੇ ਵਿਚਾਰ ਨਾਲ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਦੀ ਅਗਵਾਈ ਵਿਚ ਇਕੱਠੇ ਹੋ ਗਏ। ਕੁਝ ਹੀ ਦਿਨਾਂ ਵਿਚ ਬੰਦਾ ਸਿੰਘ ਜਵਾਨਾਂ ਦੀ ਗਿਣਤੀ ਚਾਲੀ ਹਜ਼ਾਰ ਤੋਂ ਸੱਤਰ ਹਜ਼ਾਰ ਹੋ ਗਈ। ਅਸਲ ਵਿਚ ਲੋਕ ਬੰਦਾ ਸਿੰਘ ਨੂੰ ਗੁਰੂਦੇਵ ਦਾ ਪ੍ਰਤੀਨਿਧ ਸਮਝਦੇ ਹੋਏ ਆਪਣੇ ਆਪ ਨੂੰ ਸਮਰਪਿਤ ਕਰਨ ਲੱਗੇ। ਜਿਉਂ ਹੀ ਬੰਦਾ ਸਿੰਘ ਨੇ ਮਹਿਸੂਸ ਕੀਤਾ ਕਿ ਹੁਣ ਉਨ੍ਹਾਂ ਕੋਲ ਲੋੜੀਂਦੀ ਮਾਤਰਾ ਵਿੱਚ ਸਭ ਪ੍ਰਕਾਰ ਦੇ ਸਾਦਨ ਮੌਜੂਦ ਹਨ ਤਦ ਉਹ ਆਪਣੀ ਸੈਨਿਕ ਸ਼ਕਤੀ ਲੈ ਕੇ ਸਰਹੰਦ ਵੱਲ ਵਧਣ ਲੱਗੇ। ਇਥੇ ਹੀ ਉਸ ਨੂੰ ਸੁੱਚਾ ਨੰਦ ਦਾ ਭਤੀਜਾ ਇੱਕ ਹਜ਼ਾਰ ਸਿਪਾਹੀਆਂ ਦੇ ਨਾਲ ਮਿਲਿਆ ਅਤੇ ਉਸਨੇ ਦਲ ਖਾਲਸਾ ਤੋਂ ਸ਼ਰਨ ਮੰਗੀ। ਇਸ ਮੰਗ ਤੇ ਦਲ ਖਾਲਸਾ ਦੀ ਪੰਚਾਇਤ ਨੇ ਬਹੁਤ ਗੰਭੀਰਤਾ ਨਾਲ ਵਿਚਾਰ ਕੀਤਾ। ਪੰਚਾਇਤ ਦਾ ਮੱਤ ਸੀ ਕਿ ਇਹ ਦੁਸ਼ਮਣ ਦੇ ਪੱਖ ਦਾ ਬੰਦਾ ਹੈ, ਸਿਰਫ ਛਲ-ਕਪਟ ਦੀ ਰਾਜਨੀਤੀ ਕਰਕੇ ਸਾਡੇ ਕੋਲ ਪਹੁੰਚਿਆ ਹੈ, ਇਸ ਲਈ ਇਸ ਨੂੰ ਬਿਲਕੁਲ ਹੀ (ਕਦੇ ਨਹੀਂ) ਸ਼ਰਨ ਨਹੀਂ ਦੇਣੀ ਚਾਹੀਦੀ। ਇੱਕ ਵਿਚਾਰ ਇਹ ਵੀ ਸੀ ਕਿ ਇਸ ਨੂੰ ਵਾਪਸ ਭੇਜਣ ਨਾਲ ਦੁਸ਼ਮਣ ਦੀ ਤਾਕਤ ਵਧੇਗੀ। ਜੇਕਰ ਇਸ ਨੂੰ ਗਤੀਹੀਣ ਕਰਕੇ ਆਪਣੇ ਕੋਲ ਹੀ ਰਖਿਆ ਜਾਵੇ ਤਾਂ ਠੀਕ ਹੈ। ਇਸ ਲਈ ਇਸ ਨੂੰ ਸਭ ਤੋਂ ਅਖੀਰਲੀ ਲਾਈਨ ਵਿਚ ਰਖਿਆ ਜਾਣਾ ਚਾਹੀਦਾ ਹੈ ਤਾਂ ਕਿ ਕਿਸੇ ਪ੍ਰਕਾਰ ਦਾ ਨੁਕਸਾਨ ਨਾ ਪਹੁੰਚਾ ਸਕੇ।

ਦਲ ਖਾਲਸਾ ਨੂੰ ਆਸ ਸੀ ਕਿ ਬਨੂੜ ਇਲਾਕੇ ਵਿਚ ਪਹੁੰਚਣ ਤੇ ਵਜੀਦ ਖਾਨ ਦੀ ਸੈਨਾ ਨਾਲ ਆਹਮਣਾ-ਸਾਹਮਣਾ ਹੋ ਜਾਵੇਗਾ। ਪਰ ਵਜੀਦ ਖਾਨ ਦੀ ਸੈਨਾ ਅਤੇ ਉਸਦੇ ਸਹਿਯੋਗੀ ਸ਼ੇਰ ਮੁਹੰਮਦ ਖਾਨ ਰੋਪੜ ਦੇ ਨੇੜੇ ਕੀਰਤਪੁਰ ਤੋਂ ਆਏ ਮਾਝੇ ਇਲਾਕੇ ਦੇ ਸਿੰਘਾਂ ਨਾਲ ਜੂਝ ਰਿਹਾ ਸੀ। ਉਸ ਦੀ ਪੂਰੀ ਕੋਸ਼ਿਸ਼ ਸੀ ਕਿ ਇਥੋਂ ਕੋਈ ਸਿੱਖ ਦਲ ਖਾਲਸਾ ਨਾਲ ਨਾ ਮਿਲ ਸਕੇ। ਪਰ ਉਹ ਇਸ ਉਦੇਸ਼ ਵਿਚ ਸਫਲ ਨਾ ਹੋ ਸਕਿਆ। ਉਥੇ ਉਹ ਇੱਕ ਭਰਾ ਅਤੇ ਦੋ ਭਤੀਜੇ ਮਰਵਾ ਕੇ ਜ਼ਖਮੀ ਹਾਲਤ ਵਿਚ ਮਲੇਰਕੋਟਲਾ ਵਾਪਸ ਮੁੜ ਗਿਆ।

ਦਲ-ਖਾਲਸਾ ਦੀ ਸ਼ਕਤੀ ਦਾ ਸਾਹਮਣਾ ਬਨੂੜ ਦਾ ਫੌਜਦਾਰ ਨਾ ਕਰ ਸਕਿਆ ਅਤੇ ਜਲਦੀ ਹੀ ਹਾਰ ਗਿਆ। ਇਸ ਤਰ੍ਹਾਂ ਬਨੂੜ ਇਲਾਕਾ ਦਲ-ਖਾਲਸਾ ਦੇ ਕਬਜ਼ੇ ਵਿਚ ਆ

ਗਿਆ। ਇਥੋਂ ਬਹੁਤ ਵੱਡੀ ਗਿਣਤੀ ਵਿਚ ਦਲ ਨੂੰ ਅਸਤਰ-ਸ਼ਸਤਰ ਪ੍ਰਾਪਤ ਹੋਏ। ਹੁਣ ਦਲ ਖਾਲਸਾ ਨੇ ਫੈਸਲਾ ਕੀਤਾ ਕਿ ਪਹਿਲਾਂ ਮਾਝੈ ਦੇ ਇਲਾਕੇ ਤੋਂ ਆ ਰਹੇ ਸਿੰਘਾਂ ਨੂੰ ਮਿਲ ਲਿਆ ਜਾਵੇ ਤੇ ਉਹ ਰੋਪੜ ਵੱਲ ਚੱਲ ਪਏ। ਦੋਹਾਂ ਦਲਾਂ ਦਾ ਖਰੜ ਪਿੰਡ ਦੇ ਨੇੜੇ ਚੱਪੜਚਿੜੀ ਨਾਂ ਦੇ ਪਿੰਡ ਵਿਚ ਮੇਲ ਹੋ ਗਿਆ। ਦੋਹਾਂ ਪਾਸਿਆਂ ਤੋਂ ਖੁਸ਼ੀ ਦੇ ਜੈਕਾਰੇ ਬੁਲੰਦ ਕੀਤੇ ਗਏ, ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

## "ਚੱਪੜ ਚਿੜੀ ਦਾ ਇਤਿਹਾਸਕ ਯੁੱਧ"

ਸਰਹੰਦ ਦੇ ਸੂਬੇਦਾਰ ਵਜੀਦ ਖਾਨ ਨੂੰ ਸੂਚਨਾ ਮਿਲੀ ਕਿ ਬੰਦਾ ਸਿੰਘ ਦੀ ਅਗਵਾਈ ਵਿਚ ਦਲ-ਖਾਲਸਾ ਅਤੇ ਮਾਝੇ ਦੇ ਇਲਾਕੇ ਦੇ ਸਿੰਘਾਂ ਦਾ ਕਾਫਲਾ ਆਪਸ ਵਿਚ ਚੱਪੜਚਿੜੀ ਨਾਮਕ ਪਿੰਡ ਵਿਖੇ ਮਿਲਣ ਵਿਚ ਸਫਲ ਹੋ ਗਿਆ ਅਤੇ ਉਹ ਸਰਹੰਦ ਵੱਲ ਅੱਗੇ ਵੱਧਣ ਵਾਲੇ ਹਨ। ਇਹ ਜਾਣ ਕੇ ਉਹ ਆਪਣੇ ਨਗਰ ਦੀ ਸੁਰੱਖਿਆ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਸਿੱਖਾਂ ਨਾਲ ਲੋਹਾ ਲੈਣ ਲਈ ਆਪਣੀ ਫੌਜ ਲੈ ਕੇ ਚੱਪੜਚਿੜੀ ਵੱਲ ਵੱਧਣ ਲੱਗਾ। ਦਲ-ਖਾਲਸਾ ਨੇ ਉਥੇ ਹੀ ਮੋਰਚਾ ਬੰਦੀ ਸ਼ੁਰੂ ਕਰ ਦਿੱਤੀ। ਵਜੀਦ ਖਾਨ ਦੀ ਸੈਨਾ ਨੇ ਅੱਗੇ ਹਾਥੀ, ਉਸ ਦੇ ਪਿੱਛੇ ਊਂਠ, ਫਿਰ ਘੋੜ ਸਵਾਰ ਅਤੇ ਉਸ ਦੇ ਪਿਛੇ ਤੋਪਚੀ ਤੇ ਸਿਪਾਹੀ (ਪਿਆਦੇ), ਅੰਤ ਵਿਚ ਹੈਦਰੀ ਝੰਡੇ ਦੇ ਹੇਠਾਂ, ਗਾਜੀ ਜਹਾਦ ਦਾ ਨਾਅਰਾ ਲਾਉਂਦੇ ਹੋਏ ਚਲੇ ਆ ਰਹੇ ਸਨ, ਅਨੁਮਾਨ ਅਨੁਸਾਰ ਇਨ੍ਹਾਂ ਸਾਰਿਆਂ ਦੀ ਗਿਣਤੀ ਇੱਕ ਲੱਖ ਦੇ ਲਗਭਗ ਸੀ। ਸਰਹੰਦ ਨਗਰ ਚਪੜਚਿੜੀ ਤੋਂ ਲਗਭਗ 20 ਮੀਲ ਦੂਰ ਹੈ।

ਇਧਰ ਦਲ ਖਾਲਸਾ ਦੇ ਸੈਨਾਨਾਇਕ ਜਥੇਦਾਰ ਬੰਦਾ ਸਿੰਘ ਬਹਾਦਰ ਨੇ ਆਪਣੀ ਸੈਨਾ ਦਾ ਪੁਨਰ-ਗਠਨ ਕਰਕੇ ਆਪਣੇ ਸਹਾਇਕ ਫਤਹਿ ਸਿੰਘ, ਕਰਮ ਸਿੰਘ, ਪਰਮ ਸਿੰਘ ਅਤੇ ਆਲੀ ਸਿੰਘ ਨੂੰ ਮਾਲਵਾ ਇਲਾਕੇ ਦੀ ਸੈਨਾ ਨੂੰ ਵੰਡ ਕੇ ਉਪ-ਸੈਨਾਨਾਇਕ ਬਣਾਇਆ। ਮਾਝੇ ਇਲਾਕੇ ਦੀ ਸੈਨਾ ਦੀ ਵਿਨੋਦ ਸਿੰਘ ਤੇ ਬਾਜ਼ ਸਿੰਘ ਦੀ ਅਗਵਾਈ ਵਿਚ ਮੋਰਚਾ ਬੰਦੀ ਕਰਵਾ ਦਿੱਤੀ। ਇੱਕ ਵਿਸ਼ੇਸ਼ ਸੈਨਿਕ ਟੁਕੜੀ (ਪਲਟਨ) ਆਪਣੇ ਕੋਲ ਸੰਕਟ-ਕਾਲੀਨ ਸਥਿਤੀ

ਲਈ ਸੁਰੱਖਿਤ ਰੱਖ ਲਈ ਅਤੇ ਖੁਦ (ਆਪ) ਇੱਕ ਟਿੱਲੇ ਤੇ ਬਿਰਾਜਮਾਨ ਹੋ ਕੇ ਯੁੱਧ ਨੂੰ ਦੂਰਬੀਨ ਨਾਲ ਪ੍ਰਤੱਖ ਵੇਖ ਕੇ ਠੀਕ ਫੈਸਲੇ ਲੈ ਕੇ ਆਦੇਸ਼ ਦੇਣ ਲੱਗੇ। ਦਲ ਖਾਲਸਾ ਦੇ ਕੋਲ ਜਿਹੜੀਆਂ ਛੇ ਛੋਟੇ ਆਕਾਰ ਦੀਆਂ ਤੋਪਾਂ ਸਨ, ਉਨ੍ਹਾਂ ਨੂੰ ਧਰਤੀ ਦੇ ਅੰਦਰ ਮੋਰਚਿਆ ਵਿਚ ਸਥਿਰ ਕਰਕੇ ਸ਼ਾਹਬਾਜ਼ ਸਿੰਘ ਨੂੰ ਤੋਪਖਾਨੇ ਦਾ ਸਰਦਾਰ ਨਿਯੁਕਤ ਕੀਤਾ। ਇਨ੍ਹਾਂ ਤੋਪਾਂ ਨੂੰ ਚਲਾਉਣ ਲਈ ਬੁੰਦੇਲਖੰਡ ਦੇ ਮਾਹਿਰ ਵਿਅਕਤੀ ਨੂੰ ਜ਼ਿਮੇਵਾਰੀ ਸੌਂਪੀ ਗਈ। ਤੋਪਚੀਆਂ ਦਾ ਮੁੱਖ ਉਦੇਸ਼, ਦੁਸ਼ਮਣ ਸੈਨਾ ਦੀਆਂ ਤੋਪਾਂ ਨੂੰ ਉਖਾੜਨਾ ਅਤੇ ਹਾਥੀਆਂ ਨੂੰ ਅੱਗੇ ਵੱਧਣ ਤੋ ਰੋਕਣਾ ਸੀ। ਸਭ ਤੋਂ ਪਿਛੇ ਨਵੇਂ ਭਰਤੀ ਕੀਤੇ ਜਵਾਨ ਰੱਖੇ ਗਏ ਅਤੇ ਉਸ ਤੋਂ ਪਿਛੇ ਸੁੱਚਾ ਨੰਦ ਦੇ ਭਤੀਜੇ ਗੰਡਾ ਮਲ ਦੇ ਇੱਕ ਹਜ਼ਾਰ ਜਵਾਨ ਸਨ।

ਸੂਰਜ ਦੀ ਪਹਿਲੀ ਕਿਰਨ ਧਰਤੀ ਦੇ ਪੈਂਦਿਆ ਹੀ ਯੁੱਧ ਸ਼ੁਰੂ ਹੋ ਗਿਆ। ਸ਼ਾਹੀ ਸੈਨਾ ਨਾਅਰਾ-ਏ-ਤਕਬੀਰ-ਅੱਲਾ ਹੂੰ ਅਕਬਰ ਦੇ ਨਾਅਰੇ ਬੁਲੰਦ ਕਰਦੇ ਹੋਏ ਸਿੰਘਾਂ ਦੇ ਮੋਰਚਿਆਂ ਤੇ ਟੁੱਟ ਪਈ। ਦੂਜੇ ਪਾਸੇ ਤੋਂ ਦਲ ਖਾਲਸਾ ਨੇ ਜੁਆਬ ਵਿਚ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਜੋਸ਼ੀਲੇ ਜੁਆਬ ਦਿੱਤੇ ਤੇ ਛੋਟੀਆਂ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ। ਇਹ ਤੋਪਾਂ ਧਰਤੀ ਦੇ ਅੰਦਰ ਗੁਪਤ ਮੋਰਚਿਆਂ ਵਿਚ ਸਨ। ਇਨ੍ਹਾਂ ਦੀ ਮਾਰ ਨੇ ਸ਼ਾਹੀ ਸੈਨਾ ਦੀ ਅਗਲੀ ਲਾਈਨ ਉਡਾ ਦਿੱਤੀ। ਬਸ ਫਿਰ ਕੀ ਸੀ ਸ਼ਾਹੀ ਸੈਨਾ ਨੇ ਵੀ ਆਪਣੀਆਂ ਅਣਗਿਣਤ ਵੱਡੀਆਂ ਤੋਪਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ। ਦਲ-ਖਾਲਸਾ ਦਰੱਖਤ ਦੀ ਆੜ ਵਿਚ ਹੋ ਗਿਆ। ਜਿਉਂ ਹੀ ਦੁਸ਼ਮਣ ਸੈਨਾ ਦੀ ਤੋਪਾਂ ਦੀ ਸਥਿਤੀ ਸਪਸ਼ਟ ਹੋਈ, ਸ਼ਾਹਬਾਜ਼ ਸਿੰਘ ਦੇ ਤੋਪਚੀਆਂ ਨੇ ਆਪਣੇ ਪੱਕੇ ਨਿਸ਼ਾਨਿਆਂ ਨਾਲ ਦੁਸ਼ਮਣ ਦੀਆਂ ਤੋਪਾਂ ਨੂੰ ਸਦਾ ਲਈ ਸ਼ਾਂਤ ਕਰਨ ਦਾ ਅਭਿਆਨ ਸ਼ੁਰੂ ਕਰ ਦਿੱਤਾ। ਜਲਦੀ ਹੀ ਗੋਲਾ-ਬਾਰੀ ਦੀ ਰਫਤਾਰ ਬਹੁਤ ਹੀ ਘੱਟ ਗਈ ਕਿਉਂਕਿ ਦੁਸ਼ਮਣ ਦੇ ਵਧੇਰੇ ਤੋਪਜੀ ਮਾਰੇ ਗਏ ਸਨ। ਤਦ ਮੁਗਲ ਸੈਨਾ ਨੇ ਹਾਥੀਆਂ ਦੀ ਲਾਈਨ ਨੂੰ ਸਾਹਮਣੇ ਕੀਤਾ ਪਰ ਦਲ ਖਾਲਸਾ ਨੇ ਆਪਣੀ ਨਿਰਧਾਰਿਤ ਨੀਤੀ ਦੇ ਅੰਤਰਗਤ ਉਹੀ ਸਥਿਤੀ ਰੱਖ ਕੇ ਹਾਥੀਆਂ ਉਤੇ ਤੋਪ ਦੇ ਗੋਲੇ ਵਰਸਾਏ, ਇਸ ਨਾਲ ਹਾਥੀਆਂ ਵਿਚ ਭਾਜੜ ਪੈ ਗਈ। ਇਸ ਗੱਲ ਦਾ ਫਾਇਦਾ ਉਠਾਉਂਦਿਆਂ ਹੋਈ ਘੋੜ ਸਵਾਰ ਸਿੰਘ ਦੁਸ਼ਮਣ ਦੇ ਖੇਮੇ ਵਿਚ ਵੜਨ ਵਿਚ ਸਫਲ ਹੋ ਗਏ ਅਤੇ ਹਾਥੀਆਂ ਦੀ ਲਾਈਨ ਟੁੱਟ ਗਈ। ਬਸ ਫਿਰ

ਕੀ ਸੀ? ਸਿੰਘਾਂ ਦੇ ਹਿਰਦਿਆਂ ਵਿਚ ਲੰਮੇ ਸਮੇਂ ਤੋਂ ਪਲ ਰਹੀ ਬਦਲੇ ਦੀ ਭਾਵਨਾ ਨੂੰ ਮੌਕਾਂ ਮਿਲ ਗਿਆ, ਉਸ ਅੱਗ ਨੂੰ ਜੁਆਲਾ ਬਣਾ ਕੇ ਉਹ ਦੁਸ਼ਮਣ ਤੇ ਟੁੱਟ ਪਏ। ਘਮਾਸਾਨ ਦਾ ਯੁੱਧ ਹੋਇਆ। ਸ਼ਾਹੀ ਸੈਨਾ ਸਿਰਫ ਗਿਣਤੀ ਦੇ ਜ਼ੋਰ ਤੇ ਜਿੱਤ ਦੀ ਆਸ ਨਾਲ ਲੜ ਰਹੀ ਸੀ। ਉਨ੍ਹਾਂ ਵਿਚੋਂ ਕੋਈ ਵੀ ਮਰਨਾ ਨਹੀਂ ਸੀ ਚਾਹੁੰਦਾ ਜਦ ਕਿ ਦਲ ਖਾਲਸਾ ਜਿੱਤ ਜਾਂ ਸਹੀਦੀ ਵਿਚੋਂ ਕੇਵਲ ਇੱਕ ਹੀ ਇੱਛਾ ਰੱਖਦੇ ਸਨ। ਇਸ ਲਈ ਜਲਦੀ ਹੀ ਮੁਗਲ ਫੌਜਾਂ ਕੇਵਲ ਆਪਣੇ ਬਚਾਉ ਦੀ ਲੜਾਈ ਲੜਨ ਲੱਗੇ । ਵੇਖਦਿਆਂ ਹੀ ਵੇਖਦਿਆਂ ਚਾਰੇ ਪਾਸੇ ਲਾਸ਼ਾ ਦੇ ਢੇਰ ਵਿਖਾਈ ਦੇਣ ਲੱਗੇ। ਚਾਰੇ ਪਾਸਿਉਂ ਮਾਰੋ-ਮਾਰੋ ਦੀਆਂ ਆਵਾਜ਼ਾਂ ਹੀ ਆ ਰਹੀਆਂ ਸਨ । ਜ਼ਖਮੀ ਜਵਾਨ ਪਾਣੀ-ਪਾਣੀ ਚੀਕ ਰਹੇ ਸਨ । ਦੋ ਘੰਟਿਆ ਦੀ ਗਰਮੀ ਨੇ ਰਣ-ਖੇਤਰ ਨੂੰ ਤਪਾ ਦਿੱਤਾ ਸੀ। ਜਿਵੇਂ - ਜਿਵੇਂ ਦੁਪਹਿਰ ਹੁੰਦੀ ਗਈ ਜਹਾਦੀਆਂ ਦਾ ਦਮ ਟੁੱਟਣ ਲੱਗਾ, ਉਨ੍ਹਾਂ ਨੂੰ ਜਹਾਦ ਦਾ ਨਾਅਰਾ ਧੋਖਾ ਲੱਗਣ ਲੱਗਾ। ਇਸ ਤਰ੍ਹਾਂ ਗਾਜੀ ਹੌਲੀ-ਹੌਲੀ ਖਿਸਕਣ ਲੱਗੇ। ਦਲ ਖਾਲਸੇ ਦਾ ਮਨੋਬਲ ਚੜਦੀ ਕਲਾ ਵਿਚ ਸੀ। ਉਹ ਮਰਨਾ ਤਾਂ ਜਾਣਦੇ ਸਨ, ਪਿਛੇ ਹਟਣਾ ਨਹੀਂ ਤਦ ਗੱਦਾਰ ਸੁੱਚਾ ਨੰਦ ਦੇ ਭਤੀਜੇ ਗੰਡਾ ਮਲ ਨੇ ਉਸ ਸਮੇਂ ਭੱਜਣਾ ਸ਼ੁਰੂ ਕਰ ਦਿੱਤਾ ਜਦ ਖਾਲਸਾ ਦਲ ਮੁਗਲਾਂ ਤੇ ਹਾਵੀ ਹੋ ਰਿਹਾ ਸੀ । ਇਸ ਨਾਲ ਸਿੰਘਾਂ ਦੇ ਪੈਰ ਉਖੜਨ ਲੱਗੇ ਕਿਉਂਕਿ ਕੁਝ ਨਵੇਂ ਭਰਤੀ ਹੋਏ ਸੈਨਿਕ ਵੀ ਗਰਮੀ ਦੀ ਪਰੇਸ਼ਾਨੀ ਨਾ ਸਹਿੰਦੇ ਹੋਏ ਪਿਛੇ ਹੱਟਣ ਲੱਗੇ । ਇਹ ਵੇਖ ਕੇ ਮੁਗਲ ਸੈਨਿਕਾਂ ਦੀ ਵਾਛਾਂ ਖਿਲ ਉਠੀਆਂ । ਇਸ ਸਮੇਂ ਅਬਦੂਲ ਰਹਿਮਾਨ ਨੇ ਵਜੀਦ ਖਾਨ ਨੂੰ ਸੂਚਨਾ ਭੇਜੀ, "ਗੰਡਾਮਲ ਬ੍ਰਾਹਮਣ ਨੇ ਆਪਣਾ ਇਕਰਾਰ ਪੂਰਾ ਕਰਕੇ ਵਿਖਾ ਦਿੱਤਾ ਹੈ, ਜਹਾਂਪਨਾਹ।" ਇਸ ਤੇ ਵਜੀਦ ਖਾਨ ਠਹਾਕਾ ਮਾਰ ਕੇ ਹੱਸਿਆ ਅਤੇ ਕਹਿਣ ਲੱਗਾ, 'ਹੁਣ ਮਰਦੂਦ ਬੰਦੇ ਦੀ ਕੁਮਕ ਕੀ ਕਰਦੀ ਹੈ, ਬਸ ਵੇਖਣਾ ਤਾਂ ਇਹੀ ਹੈ । ਹੁਣ ਦੇਰੀ ਨਾ ਕਰੋ ਬਾਕੀ ਫੌਜ ਵੀ ਮੈਦਾਨ-ਏ-ਜੰਗ ਵਿਚ ਭੇਜ ਦਿਉ, ਇਨਸ਼ਾ-ਅੱਲਾ ਜਿੱਤ ਸਾਡੀ ਹੀ ਹੋਵੇਗੀ ।

ਦੂਜੇ ਪਾਸੇ ਜਥੇਦਾਰ ਬੰਦਾ ਸਿੰਘ ਅਤੇ ਆਪਣੇ ਸੰਕਟ ਕਾਲੀਨ ਸਾਥੀ ਅਜੀਤ ਸਿੰਘ ਨਾਲ ਇਹ ਦ੍ਰਿਸ਼ ਦੇਖ ਰਹੇ ਸਨ । ਅਜੀਤ ਸਿੰਘ ਨੇ ਆਗਿਆ ਮੰਗੀ, ਗੰਡਾਮਲ ਤੇ ਉਸ ਦੇ ਸਵਾਰਾਂ ਨੂੰ ਗੱਦਾਰੀ ਦਾ ਇਨਾਮ ਦਿੱਤਾ ਜਾਵੇ, "ਪਰ ਬੰਦਾ ਸਿੰਘ ਹੱਸ ਕੇ ਕਹਿਣ ਲੱਗਾ, "ਮੈਂ ਇਹ

ਪਹਿਲਾਂ ਹੀ ਜਾਣਦਾ ਸਾ ਖੈਰ – ਹੁਣ ਤੁਸੀਂ ਤਾਜ਼ਾ ਦਮ ਸੰਕਟ ਕੁਮਕ ਲੈ ਕੇ ਔਖੇ ਹਾਲਾਤਾਂ ਵਿਚ ਪਏ ਸੈਨਿਕਾਂ ਦਾ ਸਥਾਨ ਲਉ।"

ਅਜੀਤ ਸਿੰਘ ਤੁਰੰਤ ਆਦੇਸ਼ ਪਾਲਣ ਕਰਦਾ ਹੋਇਆ ਉਥੇ ਪਹੁੰਚਿਆ ਜਿਥੇ ਸਿੰਘਾਂ ਨੂੰ ਕੁਝ ਪਿਛੇ ਹਟਣਾ ਪੈ ਗਿਆ ਸੀ। ਦੁਬਾਰਾ ਘਮਸਾਨ ਦੀ ਲੜਾਈ ਸ਼ੁਰੂ ਹੋ ਗਈ। ਮੁਗਲਾਂ ਦੀ ਆਸ ਦੇ ਉਲਟ ਸਿੰਘਾਂ ਦੀ ਤਾਜ਼ਾ ਦਮ ਫੌਜ ਨੇ ਰਣ-ਖੇਤਰ ਦਾ ਪਾਸਾ ਹੀ ਮੋੜ ਦਿੱਤਾ। ਸਿੰਘ ਦੁਬਾਰਾ ਅੱਗੇ ਵਧਣ ਲੱਗੇ। ਇਸ ਪ੍ਰਕਾਰ ਯੁੱਧ ਲੜਦਿਆਂ ਦੁਪਹਿਰ ਢਲਣ ਲੱਗੀ। ਜਿਹੜੇ ਮੁਗਲ ਕੁਝ ਹੀ ਸਮੇਂ ਵਿਚ ਆਪਣੀ ਜਿੱਤ ਦੇ ਅੰਦਾਜ਼ੇ ਲਾ ਰਹੇ ਸਨ ਉਹ ਭੁੱਖ ਪਿਆਸ ਦੇ ਮਾਰੇ ਪਿੱਛੇ ਹਟਣ ਲੱਗੇ ਪਰ ਉਹ ਵੀ ਜਾਣਦੇ ਸਨ ਕਿ ਇਸ ਵਾਰ ਦੀ ਹਾਰ ਨਾਲ ਉਨ੍ਹਾਂ ਦੇ ਹੱਥੋਂ ਸਰਹੰਦ ਤਾਂ ਜਾਵੇਗਾ ਹੀ, ਨਾਲ ਹੀ ਮੌਤ ਵੀ ਨਿਸ਼ਚਿਤ ਹੈ। ਇਸ ਲਈ ਉਹ ਆਪਣਾ ਆਖਰੀ ਦਾਅ ਵੀ ਲਾਉਣਾ ਚਾਹੁੰਦੇ ਸਨ। ਇਸ ਵਾਰ ਵਜੀਦ ਖਾਨ ਨੇ ਆਪਣਾ ਸਾਰਾ ਕੁਝ ਦਾਅ ਤੇ ਲਾ ਕੇ ਫੌਜ਼ ਨੂੰ ਲਲਕਾਰਿਆ ਅਤੇ ਕਿਹਾ, "ਚਲੋ ਗਾਜਿਓ ਅੱਗੇ ਵਧੋ ਅਤੇ ਕਾਫਰਾਂ ਨੂੰ ਮਾਰ ਕੇ ਇਸਲਾਮ ਤੇ ਮੰਡਰਾ ਰਹੇ ਖਤਰੇ ਨੂੰ ਸਦਾ ਦੇ ਲਈ ਖਤਮ ਕਰ ਦਿਉ। ਇਸ ਹੱਲਾ ਸ਼ੇਰੀ ਨਾਲ ਯੁੱਧ ਇੱਕ ਵਾਰ ਫਿਰ ਭੜਕ ਉਠਿਆ। ਇਸ ਵਾਰ ਉਪ ਸੈਨਾ ਨਾਇਕ ਬਾਜ਼ ਸਿੰਘ, ਜਥੇਦਾਰ ਬੰਦਾ ਸਿੰਘ ਦੇ ਕੋਲ ਪਹੁੰਚਿਆ ਅਤੇ ਉਸਨੇ ਬਾਰ-ਬਾਰ ਸਥਿਤੀ ਬਦਲਣ ਦੀ ਗੱਲ ਦੱਸੀ। ਇਸ ਵਾਰ ਬੰਦਾ ਸਿੰਘ ਆਪ ਉਠਿਆ ਅਤੇ ਬਾਕੀ ਰਹਿੰਦੀ ਸੰਕਟ ਕਾਲੀਨ ਸੈਨਾ ਲੈ ਕੇ ਜੰਗ ਦੇ ਮੈਦਾਨ ਵਿਚ ਆ ਗਿਆ। ਉਸ ਨੂੰ ਵੇਖ ਕੇ ਦਲ ਖਾਲਸਾ ਵਿਚ ਨਵਾਂ ਜ਼ੋਸ਼ ਆ ਗਿਆ। ਦੁਬਾਰਾ ਘਮਸਾਨ ਦੀ ਲੜਾਈ ਹੋਣ ਲੱਗੀ। ਇਸ ਸਮੇਂ ਸੂਰਜ ਡੁੱਬਣ ਵਿਚ ਇੱਕ ਘੱਟਾ ਬਾਕੀ ਰਹਿੰਦਾ ਸੀ। ਉਪ ਨਾਇਕ ਬਾਜ਼ ਸਿੰਘ ਅਤੇ ਫਤਹਿ ਸਿੰਘ ਨੇ ਵਜੀਦ ਖਾਨ ਦੇ ਹਾਥੀ ਨੂੰ ਘੇਰ ਲਿਆ। ਸਾਰੇ ਜਾਣਦੇ ਸਨ ਕਿ ਯੁੱਧ ਦਾ ਨਤੀਜਾ ਆਖੀਰੀ ਦਾਅ ਵਿਚ ਲੁਕਿਆ ਹੋਇਆ ਹੈ, ਇਸ ਲਈ ਦੋਹਾਂ ਪਾਸਿਆਂ ਦੇ ਸੈਨਿਕ ਕੋਈ ਕਸਰ ਨਹੀਂ ਛੱਡਣਾ ਚਾਹੁੰਦੇ ਸਨ। ਸਾਰੇ ਸੈਨਿਕ ਇੱਕ ਦੂਜੇ ਨਾਲ ਗੁੱਥਮ-ਗੁੱਥੀ ਹੋ ਕੇ ਜੇਤੂ ਹੋਣ ਦੀ ਇੱਛਾ ਰਖਦੇ ਸਨ।

ਅਜਿਹੇ ਹਾਲਾਤਾਂ ਵਿਚ ਬੰਦਾ ਸਿੰਘ ਨੇ ਆਪਣੇ ਗੁਰੂਦੇਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦੁਆਰਾ ਬਖਸ਼ਿਆ ਉਹ ਬਾਣ ਕਢਿਆ, ਜਿਹੜਾ ਉਸ ਨੂੰ ਸੰਕਟ ਕਾਲ ਵਿਚ ਵਰਤਣ ਲਈ ਦਿੱਤਾ ਗਿਆ ਸੀ। ਗੁਰੂਦੇਵ ਜੀ ਨੇ ਉਸ ਨੂੰ ਦਸਿਆ ਸੀ ਕਿ ਇਹ ਬਾਣ ਆਤਮ-ਬਲ ਦਾ ਪ੍ਰਤੀਕ ਹੈ। ਇਸ ਦੀ ਵਰਤੋਂ ਕਰਨ ਤੇ ਸਾਰੀਆਂ ਗੁਪਤ ਸ਼ਕਤੀਆਂ ਤੇਰੀ ਸਹਾਇਤਾ ਕਰਨਗੀਆਂ।

ਅਜਿਹਾ ਹੀ ਹੋਇਆ, ਦੇਖਦਿਆਂ ਹੀ ਦੇਖਦਿਆਂ ਵਜੀਦ ਖਾਨ ਮਾਰਿਆ ਗਿਆ ਅਤੇ ਪਲਾਂ ਵਿਚ ਹੀ ਦੁਸ਼ਮਣ ਦੀ ਸੈਨਾ ਦੇ ਪੈਰ ਉਖੜ ਗਏ ਅਤੇ ਉਹ ਭੱਜਣ ਲੱਗੇ। ਇਸ ਮੌਕੇ ਦਾ ਸਿੰਘਾਂ ਨੇ ਭਰਪੂਰ ਲਾਭ ਉਠਾਇਆ। ਉਨ੍ਹਾਂ ਨੇ ਤੁਰੰਤ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਅਤੇ ਖਵਾਜਾ ਅਲੀ ਨੂੰ ਘੇਰ ਲਿਆ। ਉਹ ਇਕੱਲੇ ਰਹਿ ਗਏ ਸਨ। ਉਨ੍ਹਾਂ ਦੀ ਸੈਨਾ ਭੱਜਣ ਵਿਚ ਹੀ ਆਪਣਾ ਭਲਾ ਸਮਝ ਰਹੀ ਸੀ। ਇਨ੍ਹਾਂ ਦੋਹਾਂ ਨੂੰ ਵੀ ਬਾਜ਼ ਸਿੰਘ ਤੇ ਫਤਹਿ ਸਿੰਘ ਨੇ ਰਣ ਭੂਮੀ ਵਿਚ ਮੁਕਾਬਲੇ ਵਿਚ ਮਾਰ ਦਿੱਤਾ। ਇਨ੍ਹਾਂ ਦੇ ਮਰਦਿਆਂ ਹੀ ਪੂਰੀ ਮੁਗਲ ਸੈਨਾ ਜਾਨ ਬਚਾਉਂਦੀ ਹੋਈ ਸਰਹੰਦ ਵੱਲ ਭੱਜ ਗਈ। ਸਿੰਘਾਂ ਨੇ ਉਨਾਂ ਦਾ ਪਿੱਛਾ ਕੀਤਾ ਪਰ ਜਥੇਦਾਰ ਨੇ ਉਨ੍ਹਾਂ ਨੂੰ ਤੁਰੰਤ ਵਾਪਸ ਆਉਣ ਦਾ ਆਦੇਸ਼ ਭੇਜਿਆ, ਉਨ੍ਹਾਂ ਦਾ ਵਿਚਾਰ ਸੀ ਕਿ ਸਾਨੂੰ ਸਮੇਂ ਤੇ ਹਾਲਾਤਾਂ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਆਪਣੇ ਜ਼ਖਮੀਆਂ ਦੀ ਸੇਵਾ ਪਹਿਲਾਂ ਕਰਨੀ ਚਾਹੀਦੀ ਹੈ। ਉਸ ਤੋਂ ਬਾਅਦ ਜਿੱਤੇ ਹੋਏ ਸੈਨਿਕਾਂ ਦੀ ਸਮਗਰੀ ਕਬਜ਼ੇ ਵਿਚ ਲੈਣੀ ਚਾਹੀਦੀ ਹੈ। ਉਪਰੰਤ ਸ਼ਹੀਦਾਂ ਨੂੰ ਸੈਨਿਕ ਸਨਮਾਨ ਦੇ ਨਾਲ ਅੰਤਿਮ ਸਸਕਾਰ ਉਨ੍ਹਾਂ ਦੀ ਰੀਤ-ਰਿਵਾਜ਼ ਅਨੁਸਾਰ ਕਰਨੇ ਚਾਹੀਦੇ ਹਨ।

ਇਹ ਇਤਿਹਾਸਕ ਜਿੱਤ 12 ਮਈ 1710 ਨੂੰ ਦਲ ਖਾਲਸਾ ਨੂੰ ਪ੍ਰਾਪਤ ਹੋਈ। ਇਸ ਸਮੇਂ ਦਲ ਦੀ ਕੁਲ ਸੰਖਿਆ 70 ਹਜ਼ਾਰ ਦੇ ਲਗਭਗ ਸੀ। ਇਸ ਯੁੱਧ ਵਿਚ 30 ਹਜ਼ਾਰ ਸਿੰਘ ਸ਼ਹੀਦ ਹੋਏ ਅਤੇ ਲਗਭਗ 20 ਹਜ਼ਾਰ ਜ਼ਖਮੀ ਹੋਏ। ਲਗਭਗ ਇਹੀ ਸਥਿਤੀ ਦੁਸ਼ਮਣ ਫੌਜ ਦੀ ਸੀ। ਉਨ੍ਹਾਂ ਦੇ ਗਾਜੀ ਵਧੇਰੇ ਭੱਜ ਗਏ ਸਨ। ਯੁੱਧ ਸਮੱਗਰੀ ਵਿਚ ਸਿੰਘਾਂ ਨੂੰ 45 ਵੱਡੀਆਂ ਤੋਪਾਂ, ਹਾਥੀ, ਘੋੜੇ ਅਤੇ ਬੰਦੂਕਾਂ ਵੱਡੀ ਗਿਣਤੀ ਵਿਚ ਪ੍ਰਾਪਤ ਹੋਈਆਂ।

ਨਵੇਂ ਭਰਤੀ ਹੋਏ ਸੈਨਿਕ ਜਿਹੜੇ ਭੱਜ ਗਏ ਸਨ, ਉਨ੍ਹਾਂ ਵਿਚ ਬਹੁਤੇ ਵਾਪਸ ਪਰਤ

ਆਏ ਅਤੇ ਜਥੇਦਾਰ ਤੋਂ ਮੁਆਫੀ ਮੰਗ ਕੇ ਦੁਬਾਰਾ ਦਲ ਵਿਚ ਸ਼ਾਮਲ ਹੋ ਗਏ। ਜਥੇਦਾਰ ਬੰਦਾ ਸਿੰਘ ਨੇ ਖਾਲਸੇ-ਦਲ ਦਾ ਜਲਦੀ ਨਾਲ ਪੁਨਰਗਠਨ ਕੀਤਾ ਅਤੇ ਸਾਰਿਆਂ ਨੂੰ ਸੰਬੋਧਨ ਕਰਕੇ ਕੁਝ ਆਦੇਸ਼ ਸੁਣਾਏ।

1. ਕੋਈ ਵੀ ਸੈਨਿਕ ਕਿਸੇ ਨਿਰਦੋਸ਼ ਵਿਅਕਤੀ ਨੂੰ ਤੰਗ ਨਹੀਂ ਕਰੇਗਾ।
2. ਕੋਈ ਵੀ ਔਰਤਾਂ ਤੇ ਬੱਚਿਆਂ ਤੇ ਅਤਿਆਚਾਰ ਤੇ ਸ਼ੋਸ਼ਣ ਨਹੀਂ ਕਰੇਗਾ। ਕੇਵਲ ਦੁਸ਼ਮਣ ਦਾ ਦਮਨ ਕਰਨਾ ਹੈ ਅਤੇ ਗਰੀਬ ਦੀ ਰੱਖਿਆ ਕਰਨੀ ਹੈ।
3. ਇਸ ਲਈ ਕਿਸੇ ਵੀ ਧਾਰਮਿਕ ਭਵਨ (ਇਮਾਰਤ) ਨੂੰ ਨੁਕਸਾਨ ਨਹੀਂ ਪਹੁੰਚਾਉਣਾ। ਸਾਡਾ ਉਦੇਸ਼ ਕੇਵਲ ਅਪਰਾਧੀਆਂ ਨੂੰ ਸਜ਼ਾ ਦੇਣਾ ਅਤੇ ਦਲ ਖਾਲਸਾ ਨੂੰ ਸੁਦ੍ਰਿੜ ਕਰਨ ਲਈ ਆਪਣੀ ਸ਼ਕਤੀ ਨਾਲ ਉਪਾਅ ਕਰਨਾ ਹੈ।

14 ਮਈ ਨੂੰ ਦਲ ਖਾਲਸੇ ਨੇ ਸਰਹੰਦ ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਸੂਬੇ ਵਜੀਦ ਖਾਨ ਦੀ ਲਾਸ਼ ਨਾਲ ਲੈ ਲਈ ਅਤੇ ਉਸ ਦਾ ਪ੍ਰਦਰਸਨ ਕਰਨ ਲੱਗੇ। ਇਤਨੇ ਸਮੇਂ ਵਿਚ ਵਜੀਦ ਖਾਨ ਦਾ ਬੇਟਾ ਸਮੰਦ ਖਾਨ ਪਰਿਵਾਰ ਸਮੇਤ ਬਹੁਤ ਸਾਰਾ ਧਨ ਲੈ ਕਿ ਦਿੱਲੀ ਭੱਜ ਗਿਆ। ਉਸ ਨੂੰ ਵੇਖਦਿਆਂ ਹੋਇਆਂ ਨਗਰ ਦੇ ਕਈ ਅਮੀਰਾਂ ਨੇ ਵੀ ਇਸੇ ਤਰ੍ਹਾਂ ਕੀਤਾ ਕਿਉਂਕਿ ਉਨ੍ਹਾਂ ਨੂੰ ਅੰਦਾਜ਼ਾ ਹੋ ਚੁਕਿਆ ਸੀ ਕਿ ਦੁਸ਼ਮਣ ਸੈਨਾ ਦੇ ਨਾਲ ਹੁਣ ਮੁਕਾਬਲਾ ਨਹੀਂ ਹੋ ਸਕਦਾ। ਇਸ ਲਈ ਭੱਜਣ ਵਿਚ ਹੀ ਭਲਾਈ ਹੈ। ਆਮ ਜਨਤਾ ਵੀ ਜਾਣਦੀ ਸੀ ਕਿ ਦਲ ਖਾਲਸਾ ਹੀ ਹੁਣ ਸਰਹੰਦ ਤੇ ਪੂਰਨ ਤੌਰ ਤੇ ਕਬਜ਼ਾ ਕਰ ਲਵੈਗਾ।

ਉਸ ਸਮੇਂ ਫਿਰ ਖੂਨ ਖਰਾਬਾ ਹੋਣਾ ਹੀ ਹੈ ਇਸ ਲਈ ਕੁਝ ਦਿਨਾਂ ਲਈ ਨਗਰ ਛੱਡ ਕੇ ਜਾਣ ਵਿਚ ਹੀ ਭਲਾਈ ਹੈ। ਇਸ ਪ੍ਰਕਾਰ ਦਲ ਖਾਲਸੇ ਦੇ ਸਰਹੰਦ ਪਹੁੰਚਣ ਤੋਂ ਪਹਿਲਾਂ ਹੀ ਨਗਰ ਵਿੱਚ ਭੱਜ ਦੋੜ ਮੱਚ ਗਈ ਸੀ। ਦਲ ਖਾਲਸਾ ਨੂੰ ਸਰਹੰਦ ਵਿਚ ਅੰਦਰ ਦਾਖਣ ਹੋਣ ਲਈ ਇੱਕ ਛੋਟੀ ਜਿਹੀ ਝੜਪ ਕਰਨੀ ਪਈ ਬਸ ਫਿਰ ਅੱਗੇ ਦਾ ਮੈਦਾਨ ਸਾਫ ਸੀ। ਸਿੰਘਾਂ ਨੇ ਵਜੀਦ ਖਾਨ ਦੀ ਲਾਸ਼ ਸਰਹੰਦ ਦੇ ਕਿਲ੍ਹੇ ਦੇ ਬਾਹਰ ਇੱਕ ਰੁੱਖ ਤੇ ਉਲਟੀ ਲਟਕਾ ਦਿੱਤੀ,

ਉਸ ਵਿੱਚੋਂ ਬਦਬੂ ਆ ਰਹੀ ਸੀ । ਫਿਰ ਲਾਸ਼ ਨੂੰ ਪੰਛੀ ਨੋਂਚਣ ਲੱਗ ਪਏ । ਕਿਲ੍ਹੇ ਵਿਚ ਬਚੀ ਖੁਚੀ ਸੈਨਾ ਲਾਚਾਰ ਹੋ ਕੇ ਬੈਠੀ ਸੀ । ਅਜਿਹਾ ਸੁਭਾਵਕ ਸੀ ਉਹ ਕਰਦੇ ਵੀ ਕੀ ? ਉਨ੍ਹਾਂ ਕੋਲ ਕੋਈ ਹੱਲ ਨਹੀਂ ਸੀ। ਦਲ ਖਾਲਸਾ ਨੇ ਹਥਿਆਈਆਂ ਹੋਈਆਂ ਤੋਪਾਂ ਨਾਲ ਕਿਲ੍ਹੇ ਤੇ ਗੋਲੇ ਦਾਗੇ । ਘੰਟੇ ਭਰ ਦੇ ਯਤਨਾਂ ਨਾਲ ਕਿਲੇ ਵਿਚ ਦਾਖਣ ਹੋਣ ਲਈ ਰਸਤਾ ਬਣਾਉਣ ਵਿਚ ਸਫਲ ਹੋ ਗਏ । ਫਿਰ ਸ਼ਾਹੀ ਸੈਨਿਕਾ ਨਾਲ ਹੱਥੋਂ ਪਾਈ ਦੀ ਲੜਾਈ ਹੋਈ । ਬੰਦਾ ਸਿੰਘ ਨੇ ਕਹਿ ਦਿੱਤਾ, "ਅੜੇ ਸੋ ਝੜੇ, ਸ਼ਰਨ ਪੜੇ ਸੋ ਨਰੇ" ਦੇ ਮਹਾਂ ਵਾਕ ਅਨੁਸਾਰ ਦਲ ਖਾਲਸਾ ਨੂੰ ਕੰਮ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਬਹੁਤ ਸਾਰੇ ਮੁਗਲ ਸਿਪਾਹੀ ਮਾਰੇ ਗਏ । ਜਿਨ੍ਹਾਂ ਨੇ ਹਥਿਆਰ ਸੁੱਟ ਕੇ ਦਲ ਖਾਲਸਾ ਤੋਂ ਹਾਰ ਮੰਨ ਲਈ, ਉਨ੍ਹਾਂ ਨੂੰ ਯੁੱਧ ਕੈਦੀ ਬਣਾ ਲਿਆ ਗਿਆ।

ਦਲ ਖਾਲਸਾ ਦੇ ਸੈਨਾ ਨਾਇਕ ਬੰਦਾ ਸਿੰਘ ਨੇ ਜਿੱਤ ਦਾ ਐਲਾਨ ਕੀਤਾ ਅਤੇ ਅਪਰਾਧੀਆਂ ਦੀ ਚੋਣ ਕਰਨ ਲਈ ਕਿਹਾ, ਜਿਸ ਨਾਲ ਉਨ੍ਹਾਂ ਨੂੰ ਉਚਿਤ ਦੰਡ ਦਿੱਤਾ ਜਾ ਸਕੇ। ਪਰ ਕੁਝ ਸਿੰਘਾਂ ਦਾ ਮਤ ਸੀ ਕਿ ਇਹ ਨਗਰ ਗੁਰੂ ਦਾ ਸਰਾਪਿਆ ਹੈ, ਇਸ ਲਈ ਇਸ ਨੂੰ ਅਸੀਂ ਨਸ਼ਟ ਕਰਨਾ ਹੈ । ਪਰ ਬੰਦਾ ਸਿੰਘ ਇਸ ਗੱਲ ਤੇ ਸਹਿਮਤ ਨਾ ਹੋਇਆ। ਉਸ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਨਿਰਦੋਸ਼ ਲੋਕ ਵੀ ਬਿਨਾਂ ਕਾਰਨ ਬਹੁਤ ਦੁੱਖ ਸਹਿਣਗੇ ਜੋ ਕਿ ਦਲ ਖਾਲਸਾ ਅਰਥਾਤ ਗੁਰੂ ਮਰਿਆਦਾ ਦੇ ਵਿਰੁੱਧ ਹੈ। ਬੰਦਾ ਸਿੰਘ ਦੀ ਗੱਲ ਵਿਚ ਦਮ ਸੀ, ਇਸ ਲਈ ਸਿੰਘ ਦੁਬਿਧਾ ਵਿਚ ਪੈ ਗਏ। ਉਹ ਸਰਹੰਦ ਨੂੰ ਨਸ਼ਟ ਕਰਨਾ ਚਾਹੁੰਦੇ ਸਨ । ਤਦ ਬੰਦਾ ਸਿੰਘ ਨੇ ਤਰਕ ਭਰਪੂਰ ਸਲਾਹ ਦਿੱਤੀ ਕਿ ਅਜੇ ਸ਼ਾਸਨ ਪ੍ਰਬੰਧ ਲਈ ਕੋਈ ਉਚਿਤ ਸਥਾਨ ਚਾਹੀਦਾ ਹੈ। ਇਸ ਗੱਲ ਨੂੰ ਸੁਣ ਕੇ ਕੁਝ ਸਿੰਘ ਆਕੀ ਹੋ ਗਏ । ਉਨ੍ਹਾਂ ਦਾ ਕਹਿਣਾ ਸੀ ਕਿ ਸਰਹੰਦ ਨੂੰ ਸੁਰੱਖਿਅਤ ਰੱਖਣਾ ਗੁਰੂ ਦੇ ਸ਼ਬਦਾਂ ਤੋਂ ਮੂੰਹ ਮੋੜਨਾ ਹੈ। ਤਦ ਬੰਦਾ ਸਿੰਘ ਨੇ ਆਪਣੀ ਰਾਜਧਾਨੀ ਮੁਖਲਿਸਗੜ ਨੂੰ ਬਣਾਉਣ ਦਾ ਐਲਾਨ ਕੀਤਾ । ਸਰਹੰਦ ਤੋਂ ਮਿਲੇ ਧਨ ਨੂੰ ਤਿੰਨ ਸੌ ਬੈਲ-ਗੱਡੀਆਂ ਵਿਚ ਲੱਦ ਕੇ ਉਥੇ ਪਹੁੰਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ । ਉਪਰੰਤ ਇਸ ਗੜੀ ਦਾ ਨਾਂ ਬਦਲ ਕੇ ਲੋਹਗੜ ਕਰ ਦਿੱਤਾ । ਅਗਲੇ ਯੁੱਧਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਸ ਦਾ ਆਧੁਨਿਕੀਕਰਣ ਕਰਨ ਦਾ ਪ੍ਰੋਗਰਾਮ ਬਣਾਇਆ ।

# ਯਮੁਨਾ-ਗੰਗਾ ਦੇ ਵਿਚਕਾਰਲੇ ਇਲਾਕਿਆਂ ਤੇ ਜਿੱਤ

ਸਰਹੰਦ ਤੇ ਉਸਦੇ ਪਰਗਣਿਆਂ ਦੀ ਜਿੱਤ ਨੇ ਬੰਦਾ ਸਿੰਘ ਬਹਾਦਰ ਨੂੰ ਮੁਗਲ ਪ੍ਰਸ਼ਾਸਨ ਤੋਂ ਤੰਗ ਆਏ ਹੋਏ ਲੋਕਾਂ ਦੇ ਮਨਾਂ ਵਿਚ ਇੱਕ ਮੁਕਤੀ ਦਿਵਾਉਣ ਵਾਲੇ ਮਹਾਂਪੁਰਸ਼ ਦੇ ਰੂਪ ਵਿਚ ਪ੍ਰਸਿੱਧ ਕਰ ਦਿੱਤਾ। ਜਿਸਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਦੂਰ-ਦੂਰ ਦੇ ਇਲਾਕਿਆਂ ਦੇ ਲੋਕ ਉਸਦੇ ਝੰਡੇ ਹੇਠ ਇਕੱਠੇ ਹੋਣ ਲਈ ਉਸਦੇ ਕੋਲ ਆ ਪਹੁੰਚੇ।

ਸਰਦਾਰ ਕਪੂਰ ਸਿੰਘ ਪ੍ਰਚਾਰਕ ਨੇ ਸਮਾਚਾਰ ਭੇਜਿਆ ਕਿ ਦੇਉਬੰਦ (ਉੱਤਰ ਪ੍ਰਦੇਸ਼) ਦਾ ਫੌਜਦਾਰ, ਪਿੰਡ ਉਨਾਰਸਾ ਵਿਚ ਨਵੇਂ ਸੱਜੇ ਸਿੰਘਾਂ ਤੇ ਅਤਿਆਚਾਰ ਕਰ ਰਿਹਾ ਹੈ। ਬਸ ਫਿਰ ਕੀ ਸੀ ਇਹ ਸੁਣਦਿਆਂ ਹੀ ਜਥੇਦਾਰ ਬੰਦਾ ਸਿੰਘ ਨੇ ਆਪਣੀ ਸੈਨਿਕ ਤਾਕਤ ਨੂੰ ਯੂ. ਪੀ. ਵੱਲ ਭੇਜ ਦਿੱਤਾ। ਸਿੱਖਾਂ ਨੇ ਸਹਾਰਨਪੁਰ ਦੇ ਫੌਜਦਾਰ ਵਲੀ ਖਾਨ ਕਨੌਂਜੀ ਨੂੰ ਇੱਕ ਚਿੱਠੀ ਲਿਖੀ ਕਿ ਉਹ ਖਾਲਸੇ ਦੀ ਅਧੀਨਤਾ ਸਵੀਕਾਰ ਕਰ ਲਵੇ ਤਾਂ ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ। ਪਰ ਉਹ ਸਿੱਖਾਂ ਦੇ ਯਮੁਨਾ ਪਾਰ ਆਉਣ ਦਾ ਸਮਾਚਾਰ ਸੁਣ ਕੇ ਅਜਿਹਾ ਭੈ-ਭੀਤ ਹੋਇਆ ਕਿ ਉਹ ਉਥੋਂ ਆਪਣਾ ਧਨ-ਮਾਲ ਸਮੇਟ ਕੇ ਪਰਿਵਾਰ ਸਮੇਤ ਦਿੱਲੀ ਭੱਜ ਗਿਆ। ਇਸ ਤਰ੍ਹਾਂ ਇੱਕ ਛੋਟੀ ਜਿਹੀ ਝੜਪ ਤੋਂ ਬਾਅਦ ਸਹਾਰਨਪੁਰ ਸਿੱਖਾਂ ਦੇ ਹੱਥ ਆ ਗਿਆ। ਸਿੱਖਾਂ ਦਾ ਸਹਾਰਨਪੁਰ ਵਿਚ ਜਾਣ ਦਾ ਮੁੱਖ ਉਦੇਸ਼ ਇਸਲਾਮ ਦੇ ਨਾਂ ਤੇ ਦੂਜੇ ਧਰਮਾਂ ਨੂੰ ਮੰਨਣ ਵਾਲਿਆਂ ਤੇ ਜੋ ਅਤਿਆਚਾਰ ਹੋ ਰਹੇ ਸਨ, ਉਨ੍ਹਾਂ ਨੂੰ ਰੋਕਣਾ ਸੀ। ਇਸ ਲਈ ਉਥੋਂ ਦੀ ਹਿੰਦੂ ਜਨਤਾ ਦੇ ਖਾਲਸੇ ਨੂੰ ਆਪਣੇ ਅਣਗਿਣਤ ਕਸ਼ਟ ਦੱਸੇ, 'ਬਿਹਤ' ਇਲਾਕੇ ਦੇ

ਹਿੰਦੂਆਂ ਨੇ ਦਸਿਆ ਕਿ ਉਥੋਂ ਦੇ ਸਥਾਈ ਪੀਰਜਾਦੇ ਖੁਲ੍ਹੇ ਬਾਜ਼ਾਰਾਂ ਵਿਚ ਗਊ-ਵੱਧ ਕਰਕੇ ਹਿੰਦੂ ਜਨਤਾ ਦਾ ਮਖੌਲ ਉਡਾਉਂਦੇ ਹਨ। ਇਸ ਇਲਾਕੇ ਦੇ ਦੁਸ਼ਟਾਂ ਨੂੰ ਖਾਲਸੇ ਨੇ ਉਚਿਤ ਦੰਡ ਦਿੱਤੇ ਅਤੇ ਉਨ੍ਹਾਂ ਦੀ ਤੌਬਾ ਕਰਵਾ ਦਿੱਤੀ।

ਯਮੁਨਾ ਪਾਰ ਦੇ ਵਧੇਰੇ ਕਿਸਾਨ ਹਿੰਦੂ ਗੁੱਜਰ ਸਨਾ ਉਥੋਂ ਦੇ ਫੌਜਦਾਰ ਇਨ੍ਹਾਂ ਦਾ ਸ਼ੋਸਣ ਕਰਦੇ ਰਹਿੰਦੇ ਸਨ। ਇਨ੍ਹਾਂ ਲੋਕਾਂ ਨੇ ਐਲਾਨ ਕੀਤਾ ਕਿ ਉਹ ਨਾਨਕ ਪੰਥੀ ਹਨ। ਉਨ੍ਹਾਂ ਨੂੰ ਦਲ ਖਾਲਸਾ ਆਪਣੀ ਸ਼ਰਨ ਵਿਚ ਲੈ ਲਵੇ। ਇਸ ਤਰ੍ਹਾਂ ਬਹੁਤ ਸਾਰੇ ਗੁੱਜਰ ਦਲ ਖਾਲਸਾ ਵਿਚ ਸ਼ਾਮਲ ਕਰ ਲਏ ਗਏ। ਦਲ ਖਾਲਸਾ ਦੇ ਸਾਰੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਆਪਣੀਆਂ ਸੈਨਿਕ ਟੁਕੜੀਆਂ ਭੇਜੀਆਂ ਅਤੇ ਹਰ ਪ੍ਰਕਾਰ ਦੇ ਅਪਰਾਧੀਆਂ ਨੂੰ ਸਜ਼ਾਵਾਂ ਦਿੱਤੀਆ। ਇਸ ਮੁਹਿੰਮ ਵਿਚ ਬੁੜੀਆਂ ਇਲਾਕਾ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ।

ਖਾਲਸੇ ਦਾ ਅਗਲਾ ਕਦਮ ਜਲਾਲਾਬਾਦ ਦੇ ਬਾਗੀ ਫੌਜਦਾਰ ਨੂੰ ਠੀਕ ਕਰਨਾ ਸੀ, ਇਸ ਲਈ ਉਸ ਤੋਂ ਪਹਿਲਾਂ ਰਾਹ ਵਿਚ ਆਉਂਦੇ 'ਨਾਨੌਤਾ' ਦੀ ਜਦ ਵਾਰੀ ਆਈ ਤਾਂ ਉਥੋਂ ਦੇ ਗੁੱਜਰਾਂ ਨੇ ਦਲ ਖਾਲਸੇ ਦਾ ਸਾਥ ਦਿੱਤਾ। ਇਸ ਨਗਰ ਵਿਚ ਇਥੋਂ ਦੇ ਫੌਜਦਾਰ ਨਾਲ ਭਿਅੰਕਰ ਯੁੱਧ ਹੋਇਆ ਇਸ ਤਰ੍ਹਾਂ ਇਸ ਨਗਰ ਨੂੰ ਭਾਰੀ ਨੁਕਸਾਨ ਸਹਿਣਾ ਪਿਆ' ਜਿਸ ਕਰਕੇ ਇਸ ਦਾ ਨਾਂ 'ਫੂਟਾ' ਸ਼ਹਿਰ ਹੋ ਗਿਆ।

ਜਲਾਲਾਬਾਦ ਦੇ ਫੌਜਦਾਰ ਨੇ ਸਿੱਖਾਂ ਦੇ ਵਿਰੋਧ ਵਿਚ ਵੱਡੇ ਪੱਧਰ ਤੇ ਤਿਆਰੀ ਕੀਤੀ ਹੋਈ ਸੀ, ਇਸ ਲਈ ਇਥੇ ਸਿੱਖਾਂ ਨੂੰ ਤਕੜੇ (ਸਖਤ) ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਸਿੱਖਾਂ ਅੰਬੇਹੇਤਾ ਇਲਾਕੇ ਤੇ ਵੀ ਕਬਜ਼ਾ ਕਰ ਲਿਆ। ਪਰ

ਆਲੇ-ਦੁਆਲੇ ਦੇ ਮੁਸਲਮਾਨਾਂ ਨੇ ਜਹਾਦ ਦਾ ਨਾਅਰਾ ਲਾ ਕੇ ਆਮ ਜਨਤਾ ਨੂੰ ਸਿੱਖਾਂ ਦੇ ਵਿਰੁੱਧ ਇਕੱਠਾ ਕਰ ਲਿਆ। ਇਥੇ ਜਲਾਲਖਾਨ ਦੇ ਪੋਤੇ ਗੁਲਾਮ ਮੁਹੰਮਦ ਨਾਲ ਭਿਅੰਕਰ ਮੁੱਠਭੇੜ ਹੋਈ। ਜਹਾਦੀਆਂ ਦੀ ਸੰਖਿਆ ਵਧੇਰੇ ਹੋਣ ਕਰਕੇ ਸਿੱਖਾਂ ਨੂੰ ਇਥੋਂ ਪਿਛੇ ਹਟਵਾ ਪਿਆ।

ਦਲ ਖਾਲਸਾ ਨੇ ਜਲਾਲਾਬਾਦ ਦੇ ਫੌਜਦਾਰ ਜਲਾਲਾਖਾਨ ਨੂੰ ਪੱਤਰ ਲਿਖਿਆ ਕਿ ਉਹ ਅਨਾਰਸਾ ਵਿਚ ਕੈਦ ਕੀਤੇ ਗਏ ਸਿੱਖਾਂ ਨੂੰ ਛੱਡ ਦੇਵੇ ਅਤੇ ਖਾਲਸੇ ਨਾਲ ਸੰਧੀ ਕਰ ਲਵੇ ਪਰ ਉਸਨੇ ਖਾਲਸੇ ਨਾਲ ਸੰਧੀ ਨਾ ਕੀਤੀ। ਇਸ ਕਰਕੇ ਦਲ-ਖਾਲਸੇ ਨੇ ਜਲਾਲਾਬਾਦ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ ਪਰ ਅੰਦਰ ਲੋੜੀਂਦੀ ਮਾਤਰਾ ਵਿਚ ਯੁੱਧ ਸਮੱਗਰੀ ਇੱਕਠੀ ਕੀਤੀ ਹੋਈ ਸੀ ਇਸ ਲਈ ਘੇਰਾ-ਬੰਦੀ ਲੰਬੇ ਸਮੇਂ ਤੱਕ ਚਲਦੀ ਗਈ। ਯੁੱਧ ਦਾ ਅੰਤ ਨਾ ਹੁੰਦਾ ਵੇਖ ਦੇ ਦਲ ਖਾਲਸਾ ਨੇ ਘੇਰਾ ਹਟਾ ਲਿਆ ਅਤੇ ਜਲਦੀ ਵਾਪਸ ਕਰਨਾਲ ਦੇ ਇਲਾਕੇ ਵਿਚ ਆ ਗਏ ਕਿਉਂਕਿ ਬਹਾਦੁਰ ਸ਼ਾਹ ਖੁਦ ਪੰਜਾਬ ਦੀ ਬਗਾਵਤ ਨੂੰ ਕੁਚਲਣ ਲਈ ਸਾਰੀ ਸ਼ਾਹੀ ਲਸ਼ਕਰ ਲੈ ਕੇ ਆ ਰਿਹਾ ਸੀ।

## ਮਾਝੇ ਇਲਾਕੇ ਤੇ ਜਿੱਤ ਤੇ ਹੈਦਰੀ ਝੰਡਾ

ਸਰਹੰਦ ਦੀ ਜਿੱਤ ਦਾ ਸਮਾਚਾਰ ਪਹੁੰਚਦਿਆਂ ਹੀ ਸਾਰੇ ਦੇਸ਼ ਵਿਚ ਸਿੱਖਾਂ ਦਾ ਹੌਸਲਾ ਵਧ ਗਿਆ ਅਤੇ ਉਨ੍ਹਾਂ ਵਿਚ ਆਜ਼ਾਦੀ ਦੀ ਭਾਵਨਾ ਜਾਗਰਤ ਹੋ ਉੱਠੀ। ਸਿੱਖ ਹੁਣ ਇਹ ਸਮਝਣ ਲੱਗੇ ਕਿ ਪਰਮਾਤਮਾ ਆਪ ਉਨ੍ਹਾਂ ਨੂੰ ਜਿੱਤਾਂ ਅਤੇ ਰਾਜ

ਬਖਸ਼ ਰਿਹਾ ਹੈ ਅਰਥਾਤ ਮੁਗਲਾਂ ਦੇ ਰਾਜ ਦਾ ਸੂਰਜ ਡੁੱਬਣ ਵਾਲਾ ਹੈ। ਬੰਦਾ ਸਿੰਘ ਨੂੰ ਸਤਿਗੁਰੂ ਨੇ ਖੁਦ ਭੇਜਿਆ। ਇਸ ਸਮੇ ਬੰਦਾ ਸਿੰਘ ਦੇ ਸੰਦੇਸ਼ ਜਿਹੜੇਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਮੇ ਦੇ ਨਾਲ ਭੇਜਦਾ ਸੀ, ਥਾਂ-ਥਾਂ ਤੇ ਸਿੱਖਾਂ ਨੂੰ ਇੱਕ ਝੰਡੇ ਦੇ ਹੇਠਾਂ ਇਕੱਠੇ ਕਰਨੇ ਵਿਚ ਸਹਾਇਕ ਸਿੱਧ ਹੋਣ ਲੱਗੇ

ਰਿਆੜਕੀ ਤੇ ਮਾਝੇ ਦੇ ਇਲਾਕੇ ਦੇ ਆਲੇ-ਦੁਆਲੇ ਦੇ ਅੱਠ ਹਜ਼ਾਰ ਦੇ ਲਗਭਗ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਗੁਰਮਤਾ ਕੀਤਾ (ਸਿੱਖਾ ਦੀ ਪੰਚਾਇਤ ਦਾ ਪ੍ਰਸਤਾਵ), ਸਿੱਖਾ ਦਾ ਇਸ ਸਮੇਂ ਦਾ ਮਨੋਬਲ ਅਤੇ ਆਵੇਸ਼ ਇੱਕ ਅਚਾਨਕ ਫੁੱਟੇ ਜੁਆਲਾ ਮੁਖੀ ਪਰਬਤ ਦੀ ਤਰ੍ਹਾਂ ਸੀ, ਜਿਸ ਦਾ ਪਿਘਲਿਆ ਹੋਇਆ ਲਾਵਾ ਇੰਨੀ ਤੇਜੀ ਨਾਲ ਵਗਿਆ ਕਿ ਸਭ ਕੁਝ ਰੋੜ੍ਹ ਕੇ ਲੈ ਗਿਆ। ਉਨ੍ਹਾਂ ਨੇ ਉਥੋ ਦੇ ਅਧਿਕਾਰੀ ਨੂੰ ਬਰਖਾਸਤ ਕਰਕੇ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ, ਆਪਣੀਆਂ ਤਹਿਸੀਲਾਂ ਤੇ ਥਾਣੇ ਸਥਾਪਤ ਕਰ ਲਏ।

ਪਹਿਲਾ- ਪਹਿਲਾ ਉਨ੍ਹਾਂ ਨੇ ਲਾਹੌਰ ਤੇ ਕਸੂਰ ਇਲਾਕੇ ਦੇ ਪਰਗਣਿਆਂ ਨੂੰ ਛੇੜਨਾ ਠੀਕ ਨਹੀ ਸਮਝਿਆ। ਲਾਹੌਰ ਤਾਂ ਪ੍ਰਾਂਤ ਦੀ ਰਾਜਧਾਨੀ ਅਤੇ ਸਰਕਾਰੀ ਸ਼ਕਤੀ ਦਾ ਕੇਂਦਰ ਸੀ ਅਤੇ ਕਸੂਰ 'ਖੇਸ਼ਗੀ' ਪਠਾਣਾਂ ਦਾ ਗੜ੍ਹ ਸੀ। ਸ਼ੁਰੂ ਵਿਚ ਇਨ੍ਹਾਂ ਤੇ ਹਮਲਾ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ ਇਸ ਲਈ ਸਿੱਖ ਸਭ ਤੋਂ ਪਹਿਲਾਂ ਰਿਆੜਕੀ ਵਲ ਵਧੇ। ਬਟਾਲਾ ਅਤੇ ਕਲਾਨੌਰ ਨਗਰਾਂ ਤੇ ਧਾਵਾ ਬੋਲ ਕੇ ਉਨ੍ਹਾਂ ਤੇ ਅਧਿਕਾਰ ਕਰ ਲਿਆ, ਇਹ ਨਗਰ ਉਨ੍ਹਾਂ ਦਿਨਾਂ ਵਿਚ ਬਹੁਤ ਧਨਵਾਨ ਮੰਨੇ ਜਾਂਦੇ ਸਨ। ਇਨਾਂ ਨਗਰਾਂ ਤੇ ਜਿੱਤ ਪ੍ਰਾਪਤੀ ਨਾਲ ਸਿੱਖਾਂ ਨੂੰ ਕਾਫੀ ਮਾਤਰਾ ਵਿਚ ਧਨ

ਪ੍ਰਾਪਤ ਹੋਇਆ। ਸਿੱਖਾਂ ਦੀ ਇਸ ਉਨਤੀ ਨਾਲ ਉਥੋਂ ਦੇ ਮੁੱਲਾਂ, ਮੌਲਾਨੇ, ਕਾਜ਼ੀ ਅਥਵਾ ਸਰਕਾਰੀ ਅਧਿਕਾਰੀ ਦਮਨ ਦੱਕਰ ਦੀ ਲਪੇਟ  ਵਿਚ ਆ ਗਏ, ਇਨ੍ਹਾਂ ਵਿਚੋਂ ਬਹੁਤਿਆਂ ਤੋਂ ਜਨਤਾ ਬਹੁਤ ਦੁਖੀ ਸੀ। ਇਨ੍ਹਾਂ ਲੋਕਾਂ ਨੇ ਭੈਜਦੇ ਲਾਹੌਰ ਵਿਚ ਸ਼ਰਨ ਲਈ ਇਸ ਤਰ੍ਹਾਂ ਸਰਕਾਰੀ ਅਧਿਕਾਰੀ ਦਮਨ ਦੱਕਰ ਦੀ ਲਪੇਟ ਵਿਚ ਆ ਗਏ, ਇਨ੍ਹਾਂ ਵਿਚੋਂ ਬਹੁਤਿਆਂ ਤੋਂ ਜਨਤਾ ਹੋਇਆ। ਸਿੱਖਾਂ ਦੀ ਇੱਕ ਦਲ ਲਾਹੌਰ ਨਗਰ ਦੇ ਸ਼ਾਲੀਮਾਰ ਬਾਰਾ ਤੱਕ ਜਾ ਪਹੁੰਚਿਆ ਅਤੇ ਨਗਰ ਦੀ ਸੀਮਾ ਤੱਕ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ।

ਲਾਹੌਰ ਦਾ ਹਾਕਮ ਅਸਲਮ ਖਾਨ ਕੁਝ ਡਰਪੋਕ ਸੁਭਾਅ ਦਾ ਹੋਣ ਕਰਕੇ ਸ਼ਾਂਤ ਰਿਹਾ, ਪਰ ਮੌਲਵੀਆਂ ਅਤੇ ਮੁੱਲਾਂ ਨੂੰ ਸਿੱਖਾਂ ਦੀ ਸ਼ਕਤੀ ਦਾ ਉਭਰਨਾ ਆਪਣੇ ਲਈ ਖਤਰੇ ਦੀ ਘੰਟੀ ਲੱਗਣ ਲੱਗਾ। ਉਨ੍ਹਾਂ ਨੇ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਕਸਾਉਣ ਲਈ ਜੱਹਾਦ (ਇਸਲਾਮ ਖਤਰੇ ਵਿਚ ਹੈ) ਦਾ ਨਾਅਰਾ ਲਾਇਆ। ਈਦਗਾਹ ਮਸੀਤ ਦੇ ਕੋਲ ਹੈਦਰੀ ਝੰਡਾ ਗੱਡ ਦਿੱਤਾ ਗਿਆ। ਮੀਰਤੱਕੀ ਤੇ ਮੂਸਾ ਬੇਰਾ ਨੇ ਅਗਵਾਈ ਕੀਤੀ। ਉਨ੍ਹਾਂ ਦੇ ਆਪਣਾ ਘਰ ਅਤੇ ਮਾਲ ਵੇਚ ਕੇ ਸੈਨਿਕਾਂ ਦੇਲਈ ਘੋੜਿਆਂ ਅਤੇ ਫੌਜੀ ਸਾਮਾਨ ਦਾ ਪ੍ਰਬੰਧ ਕੀਤਾ। 'ਖੋਜਾ' ਜਾਤੀ ਦੇ ਲੋਕਾਂ ਅਤੇ ਅਮੀਰ ਵਪਾਰੀਆਂ ਦੇ ਦਿਲ ਖੋਲ੍ਹ ਕੇ ਆਰਥਿਕ ਸਹਾਇਤਾ ਕੀਤੀ। ਗਾਜੀ ਸੱਯਦ ਇਸਮਾਈਲ, ਗਾਜੀ ਬਾਰ ਬੇਰਾ, ਸ਼ਾਹ ਇਨਾਇਤ ਅਤੇ ਸਾਰੇ ਮੁੱਲਾਂ ਪੀਰਾਂ ਨੇ ਵੀ ਇਸ ਜੱਹਾਦ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਉਥੋਂ ਦੇ ਹਿੰਦੂਆਂ ਵਿਚ ਮਹੱਤਵਪੂਰਨ ਨੇਤਾ ਟੋਡਰਮੱਲ ਦੇ ਪੋਤਰੇ ਜਿਸ ਦਾ ਪਿਤਾ 'ਪਹਾੜਾ ਮੱਲ' ਸੀ। ਉਸਨੇ ਆਪਣੀ ਰਾਜ

ਭਗਤੀ ਪ੍ਰਦਰਸ਼ਿਤ ਕਰਨ ਲਈ ਐਲਾਨ ਕੀਤਾ ਕਿ ਜਿਨ੍ਹਾਂ ਜਹਾਦੀਆਂ ਦੇ ਕੋਲ ਸੈਨਿਕ ਸਮੱਗਰੀ ਅਤੇ ਖਰਚ ਦੇ ਲਈ ਪੈਸੇ ਨਾ ਹੋਣ, ਉਹ ਮੇਰੇ ਤੋਂ ਲੈ ਲੈਣ ਜਾਂ ਉਹਦੇ ਵਲੋਂ ਨੌਕਰ ਹੋ ਕੇ ਜਹਾਦੀਆਂ ਦੇ ਨਾਲ ਮਿਲ ਜਾਣ ਨਵਾਬ ਅਸਲਮ ਖਾਨ ਨੂੰ ਉਸਨੇ ਆਪਣੇ ਵਲੋਂ ਕੁਝ ਤੋਪਾਂ ਅਤੇ ਬੰਦੂਕਾਂ ਵੀ ਭੇਂਟ ਕੀਤੀਆਂ। ਅਤੇ ਵਿਚ ਜਦੋਂ ਸੱਯਦ ਅਸਲਮ ਖਾਨ ਨੇ ਮਹਿਸੂਸ ਕੀਤਾ ਕਿ ਲੋਕਾਂ ਵਿਚ ਉਸਦੀ ਬਹੁਤ ਨਿੰਦਾ ਹੋ ਰਹੀ ਹੈ ਤਾਂ ਉਸਨੇ ਇੱਕ ਨੇਤਾ ਮੀਰ ਅਤਾ-ਉਲੱਾ (ਤਰਾਵੜ ਦਾ ਰਾਜਪੂਤ ਇਲਾਕੇ ਤੁਲਾ) ਅਤੇ ਫਰੀਦਾਬਾਦ ਦੇ ਜ਼ਿਮੀਦਾਰ ਮੁਹੱਬਤ ਖਾਨ ਖਰਲ ਦੀ ਅਗਵਾਈ ਵਿਚ ਪੰਜ ਸੌਂ ਘੋੜਸਵਾਰ ਅਤੇ ਇੱਕ ਹਜ਼ਾਰ ਪਿਆਦਿਆਂ ਦੀ ਸੈਨਾ ਦੇ ਕੇ ਗਾਜ਼ੀਆਂ ਦੀ ਸਹਾਇਤਾ ਲਈ ਨਿਯੁਕਤ ਕੀਤਾ। ਇਸ ਤਰ੍ਹਾਂ ਜੱਹਾਦੀ (ਗਾਜ਼ੀਆਂ) ਲੁਟੇਰਿਆਂ ਅਤੇ ਪ੍ਰਾਂਤ ਦੀ ਸੈਨਾ ਦਾ ਵਿਸ਼ਾਲ ਦਲ ਇਕੱਠਾ ਹੋ ਗਿਆ, ਜੋ ਕਿ ਹੈਦਰੀ ਝੰਡੇ ਲੈ ਕੇ ਅਲੀ ਦੇ ਨਾਮ ਦੇ ਨਾਅਰੇ ਲਾਉਂਦੇ ਹੋਏ ਦਲ ਪਏ।

ਦੂਜੇ ਪਾਸੇ ਸਿੱਖ ਗਿਣਤੀ ਵਿਚ ਬਹੁਤ ਘੱਟ ਸਨ, ਅਤੇ ਜਿਹੜੇ ਸਨ ਉਹ ਟੁਕੜੀਆਂ ਵਿਚ ਖਿਲਰੇ ਹੋਏ ਸਨ। ਜਹਾਦੀਆ ਦੀ ਤੁਲਨਾ ਵਿਚ ਉਨ੍ਹਾਂ ਦੀ ਗਿਣਤੀ ਆਟੇ ਵਿਚ ਨਮਕ ਵਾਂਗ ਸੀ। ਇਸ ਲਈ ਆਹਮਣਾ- ਸਾਹਮਣਾ ਮੁਕਾਬਲਾ ਉਨ੍ਹਾਂ ਲਈ ਮੁਸ਼ਕਿਲ ਸੀ। ਉਨ੍ਹਾਂ ਨੇ ਸਮਾਂ ਟਾਲਣਾ ਹੀ ਠੀਕ ਸਮਾਝਿਆ। ਇਸ ਲਈ ਉਹ ਕਾਹੰਨੂਵਾਲ ਨਾਮ ਦੇ ਸੰਘਣੇ ਜੰਗਲੀ ਇਲਾਕੇ ਵਿਚ ਜਾ ਵੜੇ। ਇਨ੍ਹਾਂ ਝਾੜੀਆਂ ਤੇ ਜੰਗਲਾਂ ਤੋਂ ਸਿੱਖ ਚੰਗੀ ਤਰ੍ਹਾਂ ਜਾਣੂ ਸਨ। ਇਥੇ ਅਨਾਜ ਅਤੇ ਪਾਣੀ ਦੀ ਬਹੁਤ ਮੁਸ਼ਕਲ ਸੀ ਪਰ ਸ਼ਿਕਾਰ ਤੋਂ ਪ੍ਰਾਪਤ ਮਾਸ-ਮੱਛੀ ਤੇ ਉਨ੍ਹਾਂ ਦਾ ਗੁਜਾਰਾ ਹੁੰਦਾ ਰਹਿੰਦਾ

ਸੀ। ਇਸ ਦੇ ਉਲਟ ਦੂਜੇ ਪਾਸੇ ਲਾਹੌਰ ਦੇ ਜਹਾਦੀਆਂ ਨੂੰ ਇਨ੍ਹਾਂ ਮੁਸ਼ਕਲ ਹਾਲਾਤਾਂ ਵਿਚ ਰਹਿਣ ਦਾ ਅਭਿਆਸ ਨਹੀਂ ਸੀ। ਉਹ ਸ਼ਹਿਰੀ ਨਾਗਰਿਕ ਹੋਣ ਕਰਕੇ ਕੋਮਲ ਸਰੀਰ ਵਾਲੇ ਸਨ। ਉਨ੍ਹਾਂ ਨੇ ਕੰਡੇਦਾਰ ਝਾੜੀਆਂ ਅਤੇ ਸੰਘਣੇ ਜੰਗਲਾਂ ਵਿਚ ਵੜਨ ਦੀ ਕੋਸ਼ਿਸ਼ ਕੀਤੀ ਪਰ ਉਹ ਬੁਰੀ ਤਰ੍ਹਾਂ ਅਸਫਲ ਹੋਏ ਕਿਉਂਕਿ ਜੰਗਲਾਂ ਵਿਚ ਛਿਪੇ ਹੋਏ ਸਿੱਖਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਅਤੇ ਵਾਪਸ ਭੱਜਣ ਤੇ ਮਜਬੂਰ ਕਰ ਦਿੱਤਾ। ਇਸ ਲਈ ਹੋਰ ਕਿਤੇ ਜੋਰ ਨਾ ਚਲਦਾ ਵੇਖ ਦੇ ਜਹਾਦੀ ਪਿੰਡਾਂ ਵਿਚ ਜਾ ਵੜੇ ਅਤੇ ਉਥੋਂ ਦੇ ਹਿੰਦੂ ਨਿਵਸੀਆਂ ਤੇ ਅਤਿਆਚਾਰ ਕਰਨ ਲੱਗੇ। ਮਾਝੇ ਦਾ ਇਲਾਕਾ ਕਿਉਂਕਿ ਲਾਹੌਰ ਦੇ ਨੇੜੇ ਪੈਂਦਾ ਸੀ। ਇਸ ਲਈ ਵਧੇਰੇ ਹਿੰਦੂਆ ਤੇ ਇਥੇ ਹੀ ਮਾੜਾ ਵਿਵਹਾਰ ਹੋਣ ਲੱਗਾ। 'ਜਹਾਦੀ' ਇਹ ਕਹਿ ਕੇ ਇਥੋਂ ਦੇ ਹਿੰਦੂਆ ਨੂੰ ਤੰਗ ਕਰਨ ਲੱਗੇ ਕੇ ਟਰੇਨਿੰਗ ਦਿਲਵਾ ਕੇ ਸਿੱਖ ਸੈਨਾ ਬਣਾਈ ਹੈ। ਜਦੋਂ ਸਿੱਖਾ ਨੂੰ ਇਸ ਕਠੋਰ ਵਤੀਰੇ ਦਾ ਪਤਾ ਲੱਗਾ ਉਹ ਬੁਹਤ ਗੁੱਸੇ ਵਿਚ ਆ ਗਏ ਅਤੇ ਸੋਚਣ ਲੱਗੇ ਕਿ ਜੇ ਸਾਡੇ ਬਦਲੇ ਸਾਡੇ ਮਾਤਾ ਪਿਤਾ ਨੂੰ ਅਪਮਾਨ ਸਹਿਣਾ ਪੈ ਰਿਹਾ ਹੈ ਤਾਂ ਸਾਡੇ ਜੀਵਨ ਤੇ ਲਾਹਨਤ ਹੈ। ਇਸ ਲਈ ਉਨ੍ਹਾਂ ਦੇ ਮੌਕਾ ਮਿਲਾਦਿਆਂ ਹੀ ਝਾੜੀਆਂ ਜੰਗਲਾਂ ਵਿਚੋਂ ਨਿਕਲ ਕੇ ਜਹਾਦੀਆਂ ਤੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਜਿਉਂ ਜਿਉਂ – ਉਹ ਸਿਖਾਂ ਸਿੱਖ ਵੀ ਤੇਜ਼ ਹੋ ਰਹੇ ਸਨ ਅਰਥਾਤ ਉਹ ਜਹਾਦੀਆਂ ਨੂੰ ਮੌਤ ਦੇ ਘਾਟ ਉਤਾਰਦੇ ਜਾਂਦੇ ਸਨ। ਛਾਪਾ ਮਾਰਨ ਤੋਂ ਬਾਅਦ ਸਿੱਖ ਫਿਰ ਤੋਂ ਜੰਗਲਾਂ ਵਿੱਚ ਜਾ ਛਿਪਦੇ ਸਨ ਅਤੇ ਜਹਾਦੀਆਂ ਦੀ ਪਹੁੰਚ ਤੋਂ ਦੂਰ ਹੋ ਜਾਂਦੇ ਸਨ। ਇਨ੍ਹਾਂ ਮੁਸ਼ਕਲ ਹਲਾਤਾਂ ਨੂੰ ਧਿਆਨ ਵਿਚ ਰਖਦਿਆਂ ਹੋਇਆ ਸਿੱਖਾਂ ਨੇ ਆਪਣੇ ਆਪ ਨੂੰ ਚਾਰ ਦਲਾਂ ਵਿਚ ਵੰਡ ਲਿਆ।

ਇੱਕ ਦਲ ਲਾਹੌਰ ਅਤੇ ਅੰਮ੍ਰਿਤਸਰ ਦੇ ਇਲਾਕੇ ਦੇ ਵਿਚਕਾਰ ਵਿਚਰਦਾ ਰਹੇਗਾ। ਦੂਜਾ ਰਿਅਸੜਕੀ ਵਿਚ ਪਰਬਤਾਂ ਦੇ ਨੇੜੇ ਗੁਰਦਾਸਪੁਰ-ਪਠਾਨਕੋਟ ਵੱਲ ਨਿਗਰਾਨੀ ਰਖੇਗਾ। ਤੀਜਾ ਲਾਹੌਰ ਨਗਰ ਦੇ ਬਿਲਕੁਲ ਨੇੜੇ -ਤੇੜੇ ਰਹੇ ਅਤੇ ਚੌਥਾ ਜਹਾਦੀ ਤੁਰਕਾਂ ਦੇ ਆਲੇ-ਦੁਆਲੇ ਰਹੇ। ਜੇ ਕੋਈ ਦਲ ਇਕੱਲਾ ਮੁਸੀਬਤ ਵਿਚ ਫਸ ਜਾਵੇ ਤਾਂ ਦੂਜੇ ਦਲ ਸਮੇਂ ਤੇ ਆ ਕੇ ਉਸ ਦੀ ਸਹਾਇਤਾ ਕਰਨ। ਇਹ ਦਲ ਦੋ ਸੌ ਤੋਂ ਚਾਰ ਸੌ ਦੇ ਵਿਚਲੀ ਗਿਣਤੀ ਵਿਚ ਜਵਾਨ ਰਖਦੇ ਸਨ। ਇਨ੍ਹਾਂ ਦੀ ਗਿਣਤੀ ਘਟਦੀ - ਵੱਧਦੀ ਰਹਿੰਦੀ ਸੀ।

ਇੱਕ ਵਾਰੀ ਲਾਹੌਰ ਨਗਰ ਦੇ ਨੇੜੇ ਦਾ ਸਿੱਖਾਂ ਦਾ ਦਲ ਰਾਵੀ ਨਦੀ ਦੇ ਤੱਟ ਤੇ ਘੁੰਮਦਾ ਹੋਇਆ 'ਭਰਤ' ਨਾਂ ਦੇ ਪਿੰਡ ਦੇ ਨੇੜੇ ਆ ਨਿਕਲਿਆ, ਪਰਗਣਾ ਨੇਰਟਾ-ਭਰਲੀ ਦੇ ਕਾਨੂੰਨਗਾਂ ਮਹਿਤਾ ਭਗਵੰਤ ਰਾਇ ਨੇ ਇਥੇ ਦਰਿਆ ਦੇ ਕਿਨਾਰੇ ਆਪਣੀ ਹਵੇਲੀ ਬਣਵਾਈ ਹੋਈ ਸੀ। ਇਤਿਹਾਸਕਾਰਾਂ ਨੇ ਇਸ ਦਾ ਨਾਮ ਕਿਲ੍ਹਾ ਭਗਵੰਤ ਰਾਇ ਲਿਖਿਆ ਹੈ। ਮੀਂਹ ਪੈਣ ਦੇ ਕਾਰਨ ਸਿਰਫ ਸਮਾਂ ਕੱਟਣ ਦੇ ਲਈ ਸਿੱਖ ਹਵੇਲੀ ਵਿਚ ਚਾ ਵੜੇ । ਸਿੱਖਾਂ ਦੇ ਇਥੇ ਹੋਣ ਦਾ ਸਮਾਚਾਰ ਲਾਹੌਰ ਦੀ ਸੈਨਾ ਦੇ ਇੱਕ ਹਜ਼ਾਰ ਸਵਾਰਾਂ ਦੇ ਇੱਕ ਦਲ ਨੂੰ ਮਿਲਿਆ । ਸ਼ਾਇਦ ਉਹ ਵੀ ਸਿੱਖਾਂ ਦੀ ਖੋਜ ਵਿਚ ਭਟਕਦੇ ਹੋਏ ਉਧਰ ਆ ਗਏ ਹੋਣਗੇ। ਉਨ੍ਹਾਂ ਨੇ ਤੁਰੰਤ ਹਵੇਲੀ ਨੂੰ ਘੇਰ ਲਿਆ ਅਤੇ ਜੋ ਕੋਈ ਇਕੱਲਾ ਸਿੱਖ ਉਨ੍ਹਾਂ ਨੂੰ ਬਾਹਰ ਮਿਲ ਗਿਆ ਤਾਂ ਉਸ ਨੂੰ ਉਥੇ ਹੀ ਖਤਮ ਕਰ ਦਿੱਤਾ। ਹਵੇਲੀ ਵਿਚ ਸਿੱਖਾਂ ਦੇ ਘਿਰ ਜਾਣ ਦੀ ਖਬਰ ਸੁਣ ਕੇ ਹਜ਼ਾਰਾਂ ਦੂਜੇ ਜਹਾਦੀ ਵੀ ਉਥੇ ਆ ਕੇ ਇਕੱਠੇ ਹੋ ਗਏ ਅਤੇ ਘਰਾ ਇੰਨਾਂ ਪੱਕਾ ਕਰ ਦਿੱਤਾ ਕਿ ਸਿੱਖਾ ਦੇ

ਲਈ ਬਾਹਰ ਨਿਕਲਣਾ ਬਹੁਤ ਮਸ਼ਕਲ ਹੋ ਗਿਆ। ਜਹਾਦੀਆਂ ਨੇ ਮੁੰਡੇਰ ਅਤੇ ਦੀਵਾਰਾਂ ਬਣਾ ਕੇ ਉਪਰ ਤੋਪ ਚੜ੍ਹਾ ਦਿੱਤੀ ਅਤੇ ਹਵੇਲੀ ਤੇ ਅੱਗ ਵਰਸਾਉਣ ਲੱਗੇ ਇਸ ਤਰ੍ਹਾਂ ਸਿੱਖ ਮੁਸ਼ਕਲ (ਮੁਸੀਬਤ) ਵਿਚ ਫਸ ਗਏ ਪਰ ਉਨਾਂ ਨੇ ਬੁਰਜੀਆਂ, ਮੁੰਡੇਰਾਂ ਤੇ ਦੀਵਾਰਾਂ ਦੇ ਉਪਰੋਂ ਦੁਸ਼ਮਣ ਤੇ ਵਾਰ ਕਰਨੇ ਸ਼ੁਰੂ ਕੀਤੇ ਅਤੇ ਜਦੋਂ ਵੀ ਅਨਾੜੀ ਜਹਾਦੀਆਂ ਨੇ ਦੀਵ ਟੱਪਣ ਲਈ ਹੱਥ ਪਾਏ ਤਾਂ ਸਿੱਖਾਂ ਨੇ ਤਲਵਾਰਾਂ ਨਾਲ ਉਨ੍ਹਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਇਸ ਤਰ੍ਹਾਂ ਦੋਹਾ ਧਿਰਾਂ ਨੂੰ ਬਹੁਤ ਹਾਨੀ ਹੋਈ। ਪਰ ਕਿਸੇ ਧਿਰ ਵਲੋਂ ਵੀ ਢਿੱਲ ਹੁੰਦੀ ਦਿਖਾਈ ਨਹੀ ਦੇ ਦੀ ਸੀ।

ਜਹਾਦੀ-ਗਾਜ਼ੀਆਂ ਦੇ ਲਈ ਦੀਵਾਰ ਪਾਰ ਕਰਕੇ ਅੰਦਰ ਜਾਣਾ ਮੁਸ਼ਕਿਲ ਸੀ, ਤਾਂ ਕਿ ਉਹ ਸਿੱਖਾਂ ਨੂੰ ਫੜ ਸਕਣ। ਇਸੇ ਤਰ੍ਹਾਂ ਸਿੱਖਾਂ ਦੇ ਲਈ ਘੇਰਾ ਤੋੜ ਕੇ ਬਾਹਰ ਨਿਕਲਣਾ ਅਤੇ ਜਹਾਦੀਆਂ ਨੂੰ ਭਜਾਉਣਾ ਬਹੁਤ ਔਖਾ ਸੀ। ਘੇਰਾ ਲੰਬਾ ਚਲਣ ਨਾਲ ਸਿੱਖਾਂ ਦੀ ਰਸਦ ਖਤਮ ਹੋਣ ਲੱਗੀ। ਇਸ ਲਈ ਉਨ੍ਹਾਂ ਨੇ ਵਿਚਾਰ ਕੀਤਾ ਕਿ ਉਨ੍ਹਾਂ ਦਾ ਹਵੇਲੀ ਵਿਚੋਂ ਨਿਕਲ ਜਾਣਾ ਹੀ ਠੀਕ ਰਹੇਗਾ। ਇੱਕ ਰਾਤ ਮੀਂਹ ਅਤੇ ਹਨੇਰੇ ਦਾ ਫਾਇਦਾ ਉਠਾਉਂਦਿਆਂ ਹੋਇਆ ਸਿੱਖ ਹਵੇਲੀ ਦੇ ਬਾਹਰ ਡਟੇ ਹੋਏ ਜਹਾਦੀਆਂ ਨੂੰ ਕੁਚਲਦੇ ਹੋਏ ਪਲ ਭਰ ਵਿਚ ਉਥੋਂ ਨਿਕਲ ਕੇ ਭੱਜ ਗਏ। ਸ਼ਿਕਾਰ ਹਥੋਂ ਨਿਕਲ ਜਾਣ ਨਾਲ ਜਹਾਦੀ ਨਿਰਾਸ਼ ਹੋ ਕੇ ਹੱਥ ਮਲਦੇ ਰਹਿ ਗਏ। ਪਰ ਆਪਣੀ ਅਸਫਲਤਾ ਨੂੰ ਲੁਕਾਉਣ ਲਈ ਉਹ ਬਹਾਦਰ ਜੇਤੂਆਂ ਦੀ ਤਰ੍ਹਾਂ ਖੁਸ਼ੀਆਂ ਮਨਾਉਂਦੇ ਹੋਏ ਲਾਹੌਰ ਪਰਤ ਗਏ। ਪਰ ਉਹ ਆਪਣੀ ਅਸਫਲਤਾ ਦਾ ਗੁੱਸਾ ਕੱਢਣ ਲਈ ਅੰਦਰੋਂ ਭੜਕੇ ਹੋਣ ਕਰਕੇ ਨਗਰ ਦੇ ਹਿੰਦੂਆਂ ਤੇ ਅਤਿਆਚਾਰ ਕਰਨ ਲੱਗੇ ਅਤੇ ਆਪਣੇ ਸ਼ਾਸਕਾਂ ਦਾ ਅਪਮਾਨ ਕਰਕੇ ਉਹਨਾਂ ਨੂੰ ਹੀ ਧਮਕਾਉਣ ਲੱਗੇ।

ਮੁਹੰਮਦ ਕਾਸਿਮ ਆਪਣੀ ਪੁਸਤਕ 'ਇਬਰਤਨਾਮੇ' ਵਿਚ ਲਿਖਦਾ ਹੈ- ਜਹਾਦੀਆਂ ਦੀ ਜਮਾਤ ਵਿਚੋਂ ਕੁਝ ਹੋਛੇ ਅਤੇ ਮੂਰਖ ਲੋਕਾਂ ਲੇ ਜਿਨ੍ਹਾਂ ਵਿਚ ਜਨਮ -ਜਨਮਾਂਤਰਾਂ ਦੀ ਨੀਚਤਾ ਵਿਦਿਆ ਦੇ ਵਡੱਪਣ ਨਾਲ ਵੀ ਦੂਰ ਨਹੀਂ ਹੋਈ ਸੀ ਅਤੇ ਝੂਠੇ ਮਜ਼ਹਬੀ ਅਭਿਮਾਨ ਨਾਲ ਪਾਗਲ ਹੋਏ ਪਏ ਸਨ, ਨੇ ਸ਼ਹਿਰ ਦੇ ਹਿੰਦੂਆਂ ਨਾਲ ਬਹੁਤ ਕਮੀਨੀਆਂ ਅਤੇ ਨੀਚ ਹਰਕਤਾਂ ਕੀਤੀਆਂ ਅਤੇ ਸਰਕਾਰੀ ਹਾਕਮਾਂ ਦਾ ਵੀ ਅਪਮਾਨ ਕਰਵਾਇਆ।

ਉਨ੍ਹਾਂ ਹੀ ਦਿਨਾਂ ਵਿਚ ਦੂਜੀ ਵਾਰ ਫਿਰ ਲਾਹੌਰ ਤੋਂ ਕੁਝ ਕੋਹ ਦੂਰ ਚਮਿਆਰੀ ਨਗਰ ਦੇ ਨੇੜੇ ਕੋਟਲਾ ਬੇਗਮ ਵਿਚ ਬਹੁਤ ਵੱਡੀ ਸੰਖਿਆਂ ਵਿਚ ਸਿੱਖਾਂ ਦਾ ਇੱਕ ਦਲ ਇਕੱਠਾ ਹੋ ਗਿਆ ਅਤੇ ਉਹ ਉਥੋਂ ਦੇ ਨਿਵਾਸੀਆਂ ਤੋਂ ਲਗਾਨ ਆਦਿ ਵਸੂਲ ਕਰਨ ਲੱਗਾ। ਇਸ ਗੱਲ ਦਾ ਪਤਾ ਲੱਗਣ ਤੇ ਮੁਲਾਣਿਆਂ ਦੇ ਦੁਬਾਰਾ ਜਹਾਦ ਦਾ ਢੋਲ ਵਜਾ ਦਿੱਤਾ। ਵੇਖਦਿਆਂ ਹੀ ਵੇਖਦਿਆ ਕੀੜੀਆਂ ਅਤੇ ਟਿੱਡੀ ਦਲ ਦੇ ਵਾਂਗ ਇੱਕ ਬਹੁਤ ਵੱਡਾ ਲਸ਼ਕਰ ਤਿਆਰ ਹੋ ਕੇ ਸਿੱਖਾਂ ਦੇ ਵਿਰੁੱਧ ਕੋਟਲਾ ਬੇਗਮ ਦੇਵੱਲ ਚੱਲ ਪਿਆ ਅਤੇ ਰਾਹ ਵਿਚ ਜਿਹੜੇ ਵੀ ਪਿੰਡ ਆਏ ਉਨ੍ਹਾਂ ਸਾਰਿਆਂ ਨੂੰ ਬਦਲੇ ਦੀ ਅੱਗ ਵਿਚ ਸਾੜਦੇ ਹੋਏ ਜਹਾਦੀਆਂ ਨੇ ਲੁੱਟ ਮਾਰ ਕਰਕੇ ਨਸ਼ਟ ਕਰ ਦਿੱਤੇ। ਇਸ ਤਰ੍ਹਾਂ ਗਰੀਬ ਜਨਤਾ ਤੇ ਬਹੁਤ ਅਤਿਆਚਾਰ ਕੀਤੇ। ਇਨ੍ਹਾਂ ਅਤਿਆਚਾਰਾਂ ਨੂੰ ਵੇਖ ਕੇ ਜੱਹਾਦੀ ਲਸ਼ਕਰ ਦੇ ਨੇਤਾ ਵੀ ਤਰਾਹ-ਤਰਾਹ (ਕੰਬ) ਕਰ ਉੱਠੇ। ਇਸ ਲਈ ਉਨ੍ਹਾਂ ਨੇ ਭੀਲੇਵਾਲ ਪਿੰਡ ਦੇ ਕੋਲ ਦੋ ਤਿੰਨ ਜੱਹਾਦੀਆਂ (ਗਾਜੀਆਂ) ਨੂੰ ਤਲਵਾਰ ਨਾਲ ਵੱਢ ਕੇ ਮੌਤ ਦੀ ਸਜ਼ਾ ਦਿੱਤੀ। ਫਿਰ ਵੀ ਬਾਕੀ ਜੱਹਾਦੀਆਂ ਤੇ ਇਸ ਦਾ ਵਧੇਰੇ

ਪ੍ਰਭਾਵ ਨਾ ਪਿਆ। ਉਹ ਫਿਰ ਵੀ ਲੁੱਟ ਮਾਰ ਕਰਦੇ ਰਹੇ ਅਤੇ ਤਸ਼ੱਦਦ ਵੀ ਕਰਦੇ ਰਹੇ ਜਦੋਂ ਤੱਕ ਕਿ ਉਹ ਕੋਟਲਾ ਬੇਗਮ ਦੇ ਕਿਲੇ ਦੀਆਂ ਦੀਵਾਰਾਂ ਦੇ ਨੇੜੇ ਸਿੱਖਾਂ ਦੇ ਸਨਮੁੱਖ ਨਾ ਪਹੁੰਚ ਗਏ।

ਇਸ ਵਾਰ ਜੱਹਾਦੀਆਂ ਨੂੰ ਉਥੇ ਪਹੁੰਚੇ ਵੇਖ ਕੇ ਸਿੱਖ ਉਨ੍ਹਾਂ ਦਾ ਸੁਆਗਤ ਕਰਨ ਲਈ ਬੰਦੂਕਾਂ ਲੈ ਕੇ ਬਾਹਰ ਨਿਕਲ ਆਏ, ਫਿਰ ਗੋਲੀਆਂ ਅਤੇ ਤੀਰਾਂ ਦੀ ਬੁਛਾੜ ਕਰਕੇ ਬਹੁਤਿਆਂ ਦੇ ਪੈਰ ਉਖਾੜ ਦਿੱਤੇ। ਅਣਗਿਣਤ ਤਲਵਾਰਾਂ ਦੇ ਨਾਲ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸ ਤਰ੍ਹਾਂ ਭਿਅੰਕਰ ਯੁੰਧ ਵਿਚ ਸਿੱਖਾਂ ਨੇ ਨੰਗੀ ਤਲਵਾਰ ਦੀ ਚਮਕ ਨਾਲ ਵਧੇਰੇ ਜੱਹਾਦੀਆਂ ਨੂੰ ਚੱਕਰਾਂ ਵਿਚ ਪਾ ਦਿੱਤਾ ਤੇ ਰਣ ਖੇਤਰ ਵਿਚੋਂ ਭੱਜਣ ਤੇ ਮਜ਼ਬੂਰ ਕਰ ਦਿੱਤਾ। ਬਹੁਤ ਘਮਸਾਨ ਦਾ ਯੁੱਧ ਹੋਇਆ ਅਤੇ ਦੋਹਾਂ ਪਾਸਿਆਂ ਦੇ ਸੂਰਬੀਰ ਯੁੱਧ-ਭੂਮੀ ਵਿਚ ਕੰਮ ਆਏ। ਚਾਰੇ ਪਾਸੇ ਲਾਸ਼ਾਂ ਦਿਖਾਈ ਦੇਣ ਲੱਗੀਆਂ। ਬਹੁਤ ਵੱਡੀ ਗਿਣਤੀ ਵਿਚ ਜਾਨੀ ਨੁਕਸਾਨ ਹੋਇਆ। ਯੁੱਧ ਵਿਚ ਇੱਕ ਅਜਿਹਾ ਸਮਾਂ ਵੀ ਆਇਆ ਜਦੋਂ ਸਿੱਟਾ ਡਾਵਾਂਡੋਲ ਸੀ। ਪਰ ਸਿੱਖ।

ਇਸ ਮੁਸ਼ਕਲ ਸਮੇਂ ਵਿਚ ਉਨ੍ਹਾਂ ਨੇ ਬਹੁਤ ਵੀਰਤਾ ਨਾਲ ਅੱਗੇ ਵੱਧ ਕੇ ਇੱਕ ਅਜਿਹਾ ਜ਼ੋਰਦਾਰ ਹਮਲਾ ਕੀਤਾ ਕਿ ਜੱਹਾਦੀਆਂ ਦੀਆਂ ਲਾਈਨਾਂ ਟੁੱਟ ਗਈਆਂ ਅਤੇ ਉਹ ਡਗਮਗਾ ਕੇ ਪਿਛੇ ਹੱਟਣ ਲੱਗੇ। ਅਫਗਾਨ ਘੋੜਸਵਾਰ ਵੀ ਸਿੱਖਾਂ ਨਾਲ ਲੋਹਾ ਨਾ ਲੈ ਸਕੇ। ਭੱਜਦੌੜ ਵਿਚ ਆਪਣਿਆਂ ਘੋੜਿਆਂ ਦੀਆਂ ਲਗਾਮਾਂ ਪਿਛੇ ਮੋੜ ਲਈਆਂ ਅਤੇ ਰਣਖੇਤਰ ਵਿਚੋਂ ਭੱਜਣ ਵਿਚ ਹੀ ਆਪਣੀ ਭਲਾਈ ਸਮਝੀ। ਜਿਉਂ ਹੀ ਘੋੜਸਵਾਰ ਪਿਛੇ ਹਟੇ, ਫਿਰ ਜੱਹਾਦੀਆਂ ਦਾ ਹੌਂਸਲਾ ਟੁੱਟ ਗਿਆ। ਉਹ ਦੁਬਾਰਾ

ਸੰਭਲ ਨਾ ਸਕੇ ਅਤੇ ਜਲਦੀ ਹੀ ਟੁੱਟੇ ਹੋਏ ਹੌਂਸਲੇ ਦੇ ਕਾਰਣ ਖਿੰਡ-ਪੁੰਡ ਗਏ। ਉਨ੍ਹਾਂ ਦੇ ਨੇਤਾ ਉਨ੍ਹਾਂ ਨੂੰ ਅਲੀ ਦੇ ਨਾਂ ਦੀਆਂ ਕਸਮਾਂ ਦਿੰਦੇ ਅਤੇ ਲਲਕਾਰਦੇ ਰਹੇ, ਅਣਗਿਣਤ ਗਾਜੀ ਮੈਦਾਨ ਵਿਚ ਮਾਰੇ ਗਏ ਅਤੇ ਅਨੇਕਾਂ ਨੇ ਕਾਇਰਾਂ ਦੀ ਤਰ੍ਹਾਂ ਭੱਜ ਕੇ ਜਾਨਾਂ ਬਚਾਈਆਂ। ਜੱਹਾਦੀ ਨਿਰਾਸ਼ ਤੇ ਉਦਾਸ ਲਾਹੌਰ ਵੱਲ ਪਰਤ ਰਹੇ ਸਨ, ਪਰ ਉਨ੍ਹਾਂ ਦੀ ਬਦਕਿਸਮਤੀ ਇਥੇ ਹੀ ਖਤਮ ਨਹੀਂ ਸੀ ਹੋਈ। ਰਾਹ ਵਿਚ ਰਾਤ ਕੱਟਣ ਲਈ ਉਹ ਭੀਲੋਵਾਲ ਪਿੰਡ ਵਿਚ ਠਹਿਰ ਗਏ। ਅਤੇ ਬਾਕੀ ਗਾਜੀ ਸਿੱਖਾਂ ਵਲੋਂ ਨਿਸ਼ਚਿੰਤ ਹੋ ਕੇ ਖੁੱਲ੍ਹੇ ਮੈਦਾਲ ਵਿਚ ਸੌਂ ਗਏ। ਦੂਜੇ ਪਾਸੇ ਸਿੱਖ ਹਨੇਰੇ ਦਾ ਫਾਇਦਾ ਲੈ ਕੇ ਉਨ੍ਹਾਂ ਦੇ ਪਿਛੇ ਹੌਲੀ -ਹੌਲੀ ਚਲ ਪਏ ਤਾਂ ਕਿ ਉਨ੍ਹਾਂ ਦੇ ਲਾਹੌਰ ਪਹੁੰਚਣ ਤੋ ਪਹਿਲਾ ਹੀ ਇਕ -ਅੱਧ ਹਮਲਾ ਹੋਰ ਕਰ ਸਕਣ। ਸਿੱਖ ਭੀਲੋਵਾਲ ਦੇ ਨੇੜੇ ਪਹੁੰਚ ਕੇ ਪਿੰਡ ਤੋਂ ਬਾਹਰ ਹੀ ਝਾੜੀਆਂ ਲੁਕ ਵਿਚ ਛਿਪ ਗਏ, ਜਿਉਂ ਹੀ ਸਵੇਰ ਹੋਈ, ਸੂਰਜ ਚੜ੍ਹਨ ਤੋਂ ਪਹਿਲਾਂ ਝਾੜੀਆਂ ਵਿਚੋਂ ਨਿਕਲ ਕੇ ਅਚਾਨਕ ਜੱਹਾਦੀਆਂ ਤੇ ਟੁੱਟ ਪਏ ਜਹਾਦੀਆਂ ਨੂੰ ਸੰਭਲਣ ਦਾ ਸਿੱਖਾ ਨੇ ਮੌਕਾ ਹੀ ਨਹੀ ਦਿੱਤਾ। ਇਸ ਤੋਂ ਪਹਿਲਾਂ ਕਿ ਜੱਹਾਦੀ ਲੜਾਈ ਲਈ ਤਿਆਰ ਹੁੰਦੇ, ਉਸ ਤੋਂ ਪਹਿਲਾਂ ਹੀ ਬਹੁਤ ਸਾਰੇ ਜਹਾਦੀ ਮਾਰ ਦਿੱਤੇ ਗਏ। ਜਿਹੜੇ ਬਚੇ, ਉਹ ਜਿਧਰ ਰਾਹ ਦਿਸਿਆ, ਉਧਰ ਹੀ ਭੱਜ ਗਏ, ਸਿੱਖਾਂ ਦੇ ਕੋਲ ਦੁਸ਼ਮਣਾਂ ਤੋਂ ਬਦਲਾ ਲੈਣ ਦਾ ਇਹ ਇੱਕ ਸਹੀ ਮੌਕਾ ਸੀ।

ਜਿਸਦਾ ਉਨ੍ਹਾਂ ਨੇ ਵੱਧ ਤੋਂ ਵੱਧ ਲਾਭ ਉਠਾਇਆ ਅਤੇ ਜਹਾਦੀਆਂ ਦੀ ਸਦਾ ਦੇ ਲਈ ਕਮਰ ਤੋੜ ਦਿੱਤੀ।

ਭੀਲੋਵਾਲ ਦੇ ਇਸ ਯੁੱਧ ਵਿਚ ਜਹਾਦੀਆਂ ਅਤੇ ਸਿੱਖਾਂ ਦੀ ਹਾਨੀ ਦਾ ਕੋਈ

ਠੀਕ ਅਨੁਮਾਨ ਨਹੀ ਲਾਇਆ ਜਾ ਸਕਿਆ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਹਾਦੀਆਂ ਦੇ ਵਧੇਰੇ ਜਵਾਨ ਮਾਰੇ ਗਏ। ਉਨ੍ਹਾਂ ਦਾ ਮਾਲ ਤੇ ਘੋੜ੍ਹੇ ਸਿੱਖਾਂ ਦੇ ਹੱਥ ਆਏ। ਨੇਤਾਵਾ ਵਿਚ ਮੁਰਤਜਾ ਖਾਨ ਅਤੇ ਟੋਡਰਮਲ ਦਾ ਪੋਤਰਾ ਉਥੇ ਹੀ ਮਾਰੇ ਗਏ। ਇਸ ਜਿੱਤ ਨਾਲ ਸਾਰੇ ਪ੍ਰਦੇਸ਼ ਵਿਚ ਸਿੱਖਾਂ ਦਾ ਬੋਲ-ਬਾਲਾ ਹੋ ਗਿਆ, ਇਸ ਤਰ੍ਹਾਂ ਕੇਵਲ ਇਕੋ-ਇਕ ਨਗਰ ਲਾਹੌਰ ਨੂੰ ਛੱਡ ਕੇ ਲਗਭਗ ਸਾਰੇ ਮਾਝੇ ਅਤੇ ਰਿਆੜਕੀ ਇਲਾਕੇ ਵਿਚ ਸਿੱਖਾਂ ਦੇ ਘੋੜੇ ਘੁੰਮਣ ਲੱਗੇ। ਮੁਲਾਣਿਆਂ ਨੇ ਕਈ ਵਾਰੀ ਦੁਬਾਰਾ ਈਮਾਨ ਦੇ ਨਾਮ ਤੇ ਮੁਸਲਮਾਨਾਂ ਨੂੰ ਉਕਸਾਉਣ ਦੇ ਯਤਨ ਕੀਤੇ ਅਤੇ ਸਿੱਖਾਂ ਤੋਂ ਬਦਲਾ ਲੈਣ ਲਈ ਲਲਕਾਰਿਆ, ਪਰ ਉਨ੍ਹਾਂ ਦੀ ਗੱਲ ਕਿਸੇ ਨੇ ਨਾ ਸੁਣੀ।

## ਮਾਝੇ ਇਲਾਕੇ ਤੇ ਜਿੱਤ ਤੇ ਹੈਦਰੀ ਝੰਡਾ

ਦੋਆਬਾ ਇਲਾਕੇ (ਜਲੰਧਰ, ਹੁਸ਼ਿਆਰਪੁਰ ਤੇ ਕਾਂਗੜ੍ਹਾ) ਆਦਿ ਜ਼ਿਲਿਆਂ ਵਿਚ ਵੀ ਸਿੱਖ ਮਾਝੇ ਇਲਾਕੇ ਦੀ ਤਰ੍ਹਾਂ ਥਾਂ-ਥਾਂ ਤੇ ਆਜ਼ਾਦੀ ਲਈ ਉੱਠ ਖੜ੍ਹੇ ਹੋਏ। ਉਹ ਲੋਕ ਜੋ ਸਰਕਾਰੀ ਕਰਮਚਾਰੀਆਂ ਤੋਂ ਪਰੇਸ਼ਾਨ ਸਨ, ਸਿੱਖਾਂ ਦੇ ਨਾਲ ਮਿਲ ਗਏ। ਕ੍ਰਾਂਤੀ ਦੀ ਲਹਿਰ ਚਾਰੇ ਪਾਸੇ ਫੈਲ ਗਈ। ਕੁਝ ਹਫਤਿਆਂ ਵਿਚ ਹੀ ਦੋਆਬੇ ਦੇ ਅਨੇਕ ਥਾਵਾਂ ਤੇ ਆਪਣੇ ਤਹਿਸੀਲਦਾਰ ਤੇ ਥਾਣੇਦਾਰ ਨਿਯੁਕਤ ਕਰ ਦਿੱਤੇ ਗਏ ਕੇਵਲ ਇੱਕ ਪਲਟਣ ਸਿੱਖ ਸੈਨਿਕਾਂ ਦੀ ਸਰਹੰਦ ਜਿੱਤਣ ਤੋਂ ਬਾਅਦ ਉਥੋਂ ਪਹੁੰਚੀ ਸੀ, ਬਾਕੀ ਸਾਰੇ ਪਰ ਜਵਾਨ ਸਥਾਨਕ ਸਿੱਖ ਪਰਿਵਾਰਾਂ ਦੇ ਹੀ ਸਨ। ਉਥਲ-ਪੁਥਲ

ਦੀ ਦ੍ਰਿਸ਼ਟੀ ਤੋਂ ਉਹ ਆਪਣੀ ਸੰਖਿਆ ਤੋਂ ਕਿਤੇਂ ਵਧੇਰੇ ਵੱਡੇ ਕਾਰਜਾਂ ਨੂੰ ਕਰਨ ਲਈ ਸੰਘਰਸ਼ਸ਼ੀਲ ਸਨ।

ਇਨ੍ਹਾਂ ਦਿਨਾਂ ਵਿਚ ਸੁਲਤਾਨਪੁਰ ਲੋਧੀ ਨਗਰ ਦਾ ਫੌਜ਼ਦਾਰ ਸ਼ਮਸ ਖਾਨ ਸੀ। ਜਦੋਂ ਸਿੱਖਾਂ ਨੂੰ ਜਲੰਧਰ ਦੇ ਇਲਾਕੇ ਵਿਚ ਕਾਫੀ ਸਫਲਤਾ ਮਿਲ ਗਈ, ਜਿਸ ਨਾਲ ਉਨ੍ਹਾਂ ਦੀ ਸ਼ਕਤੀ ਵਧ ਗਈ ਤਾਂ ਉਨ੍ਹਾਂ ਦੇ ਖੁਦ ਫੌਜ਼ਦਾਰ ਸ਼ਮਸ ਖਾਨ ਨੂੰ ਵੀ ਚੁਣੋਤੀ ਦਿੱਤੀ। ਉਨ੍ਹਾਂ ਦੀ ਇਹ ਪਰੰਪਰਾ ਸੀ ਕਿ ਜਦੋਂ ਵੀ ਕਿਸੇ ਇਲਾਕੇ ਤੇ ਹਮਲਾ ਕਰਨਾ ਹੁੰਦਾ ਤਾਂ ਪਹਿਲਾਂ ਉਥੋਂ ਦੇ ਪ੍ਰਸ਼ਾਸਕ ਅਥਵਾ ਚੌਧਰੀ ਨੂੰ ਅਧੀਨਤਾ ਸਵੀਕਾਰ ਕਰਨ ਲਈ ਪੱਤਰ ਲਿਖਦੇ। ਜੇ ਉਹ ਉਨ੍ਹਾਂ ਦੀ ਗੱਲ ਮੰਨ ਕੇ ਉਨ੍ਹਾਂ ਨਾਲ ਮਿਲ ਜਾਂਦਾ ਤਾਂ ਠੀਕ ਨਹੀਂ ਤਾ ਧਾਵਾ ਬੋਲ ਦਿੱਤਾ ਜਾਂਦਾ। ਇਸੇ ਅਨੁਸਾਰ ਸਿੱਖਾਂ ਨੇ ਸ਼ਮਸ ਖਾਨ ਨੂੰ ਵੀ ਪੱਤਰ ਲਿਖਿਆ ਕਿ ਉਹ ਆਪਣੇ ਇਲਾਕੇ ਦੇ ਸ਼ਾਸਨ ਪ੍ਰਬੰਧ ਵਿਚ ਲੋੜੀਂਦੇ ਸੁਧਾਰ ਕਰੇ, ਅਧੀਨਤਾ ਸਵੀਕਾਰ ਕਰ ਲਵੇ ਅਤੇ ਖਜ਼ਾਨਾ ਲੈ ਕੇ ਹਾਜਰ ਹੋ ਜਾਵੇ। ਤਦ ਸ਼ਮਸ ਖਾਨ ਨੇ ਆਪਣੇ ਵੱਡੇ-ਵੱਡੇ ਸਰਦਾਰਾਂ ਨਾਲ ਸਲਾਹ ਕੀਤੀ। ਉਨ੍ਹਾਂ ਸਭ ਨੇ ਨੂੰ ਵਿਚਕਾਰ ਰੱਖ ਕੇ ਵਿਸ਼ਵਾਸ ਪਾਤਰ ਰਹਿਣ ਅਤੇ ਸਹਿਯੋਗ ਦੇਣ ਦੀ ਸਹੁੰਆਂ ਲਈਆਂ ਅਤੇ ਡੱਟ ਕੇ ਸਿੱਖਾ ਦਾ ਸਾਹਮਣਾ ਕਰਨ ਦਾ ਦ੍ਰਿੜ ਫੈਸਲਾ ਕੀਤਾ। ਪਰ ਸ਼ਮਸ਼ ਖਾਨ ਅੰਦਰੋਂ ਬਹੁਤ ਡਰ ਗਿਆ ਸੀ ਕਿ ਇਨਕਾਰ ਸੁਣ ਕੇ ਸਿੱਖ ਕਿਤੇ ਅਚਾਨਕ ਹੀ ਹਮਲਾ ਨਾ ਕਰ ਦੇਣ। ਇਸ ਲਈ ਤਿਆਰੀ ਲਈ ਸਮਾਂ ਲੈਣ ਲਈ ਉਸਨੇ ਸਿੱਖਾਂ ਨੂੰ ਗੋਲ-ਮੋਲ ਸ਼ਬਦਾਂ ਵਿਚ ਜੁਆਬ ਭੇਜ ਦਿੱਤਾ ਕਿ ਮੈਂ ਜਲਦੀ ਹੀ ਮਿਲਣ ਆਵਾਂਗਾ। ਇਸ ਦੇ ਨਾਲ ਹੀ ਉਸਨੇ ਕੁਝ ਗੋਲਾ-ਬਾਰੂਦ ਵੀ ਭੇਜਿਆ ਅਤੇ

ਲਿਖਿਆ ਕਿ ਇਸ ਸਮੇਂ ਬੈਲ-ਗੱਡੀਆਂ ਦਾ ਪ੍ਰਬੰਧ ਨਾ ਹੋਣ ਕਰਕੇ ਮੈਂ ਤੁਹਾਡੀ ਮੰਗ ਅਨੁਸਾਰ ਮਾਲ ਭੇਜਣ ਵਿਚ ਅਸਮਰਥ ਹਾਂ। ਇਥੇ ਬਾਜ਼ਾਰ ਵਿਚ ਵਪਾਰੀਆਂ ਦੇ ਕੋਲ ਅਤੇ ਸਰਕਾਰੀ ਗੁਦਾਮਾ ਵਿਚ ਲੋੜੀਂਦੀ ਮਾਤਰਾ ਵਿਚ ਬਾਰੂਦ ਹੈ, ਜੇ ਭੇਜਣ ਦਾ ਪ੍ਰਬੰਧ ਹੋ ਜਾਵੇ ਤਾਂ ਭੇਜਿਆ ਜਾ ਸਕਦਾ ਹੈ।

ਸ਼ਮਸ਼ ਖਾਨ ਚਲਾਕ ਵਿਅਕਤੀ ਸੀ। ਉਸਨੇ ਛਲ-ਕਪਟ ਦਾ ਸਹਾਰਾ ਲਿਆ। ਉਸ ਨੂੰ ਵਿਸ਼ਵਾਸ ਸੀ ਕਿ ਜੇ ਈਮਾਨ ਦੇ ਨਾਂ ਤੇ ਇਲਾਕੇ ਦੀ ਜਨਤਾ ਨੂੰ ਬੁਲਾਵਾ ਭੇਜਿਆ ਜਾਵੇ ਤਾਂ (ਕਾਫੀ) ਲੋੜੀਂਦੀ ਗਿਣਤੀ ਵਿਚ ਮੁਸਲਮਾਨ ਸਿੱਖਾਂ ਦੇ ਵਿਰੁੱਧ ਇਕੱਠੇ ਹੋ ਜਾਣਗੇ । ਇਸ ਲਈ ਉਸਨੇ ਜਹਾਦਾ ਦਾ ਢੋਲ ਵੱਜਵਾ ਦਿੱਤਾ ਅਤੇ ਹੈਦਰੀ ਝੰਡਾ ਗੱਢ ਦਿੱਤਾ। ਜਹਾਦ ਦੀ ਚੁਣੋਤੀ ਨਾਲ ਸਿੱਧੇ-ਸਾਦੇ ਮੁਸਲਮਾਨਾਂ ਖਾਸ ਕਰਕੇ ਕਿਸਾਨਾਂ ਤੇ ਜੁਲਾਹਿਆਂ ਤੇ ਕਾਫੀ ਪ੍ਰਭਾਵ ਪਿਆ। ਇਨ੍ਹਾਂ ਲੋਕਾਂ ਨੇ ਪ੍ਰਸ਼ਾਸਨ ਨੂੰ ਆਰਥਿਕ ਸਹਾਇਤਾ ਵੀ ਦਿੱਤੀ ਅਤੇ ਆਪ ਵੀ ਧਰਮ ਯੁੱਧ ਵਿਚ ਸ਼ਹੀਦ ਹੋਣ ਲਈ (ਕੁਰਾਨ ਮਜੀਦ) ਈਸ਼ਵਰ-ਵਾਣੀ ਵਿਚਕਾਰ ਰਖ ਕੇ ਆਪਸ ਵਿਚ ਵਚਨਬੱਧ ਹੋ ਕੇ ਇੱਕਠੇ ਹੋ ਗਏ। ਫੌਜਦਾਰ ਸ਼ਮਸ਼ ਖਾਨ ਨੇ ਪੰਜ ਪੰਜ ਹਜ਼ਾਰ ਘੋੜਸਵਾਰ ਅਤੇ ਤੀਹ ਹਜ਼ਾਰ ਪਿਆਦੇ ਤੋਪਚੀ ਅਤੇ ਦੂਜੇ ਸ਼ਸਤਰਾਂ ਵਿਚ ਨਿਪੁੱਨਤਾ ਹਾਸਲ ਸੈਨਾ ਸੀ। ਇਸ ਪ੍ਰਕਾਰ ਅੱਧੇ ਲੱਪ ਤੋਂ ਵਧੇਰੇ ਲਸ਼ਕਰ ਲੈ ਕੇ ਬਹੁਤ ਸ਼ਕਤੀਸ਼ਾਲੀ ਬਣ ਕੇ ਸੁਲਤਾਨਪੁਰ ਤੋਂ ਚਲ ਪਿਆ।

ਦੂਜੇ ਪਾਸੇ ਸਿੱਖ ਖੁਸ ਸਨ ਕਿ ਸ਼ਮਸ ਖਾਨ ਦਾ ਅਧੀਨਤਾ ਸਵੀਕਾਰ ਕਰਨ ਦਾ ਪੱਤਰ ਆ ਗਿਆ ਹੈ, ਜੇ ਸ਼ਮਸ ਖਾਨ ਖੁਦ ਹਾਜਰ ਹੋ ਕੇ ਇੱਕ ਵਿਸ਼ੇਸ਼ ਸੰਧੀ ਕੇ

ਅਨੁਸਾਰ ਅਧੀਨਤਾ ਸਵੀਕਾਰ ਕਰ ਲੈਂਦਾ ਹੈ ਤਾਂ ਇਸ ਇਲਾਕੇ ਦੇ ਬਾਕੀ ਪ੍ਰਸ਼ਾਸਨਿਕ ਅਧਿਕਾਰੀ ਖੁਦ ਹੀ ਖਾਲਸੇ ਦੇ ਝੰਡੇ ਦੇ ਹੇਠਾਂ ਆ ਜਾਣਗੇ ਪਰ ਉਨ੍ਹਾਂ ਨੂੰ ਅਸਲੀਅਤ ਦੀ ਭਿਣਕ ਤਦ ਪਈ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸ਼ਮਸ ਖਾਨ ਨੇ ਜਹਾਦ ਦਾ ਢੋਲ ਵਜਾਕੇ ਅੱਧਾ ਲੱਖ ਵਿਅਕਤੀ ਇਕੱਠੇ ਕਰ ਲਏ ਹਰ ਅਤੇ ਉਹ ਉਨ੍ਹਾਂ ਨੂੰ ਨਾਲ ਲੈ ਕੇ ਚੱਲ ਪਿਆ ਹੈ। ਸਿੱਖਾਂ ਨੇ ਸਾਰੀਆਂ ਸੂਚਨਾਵਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਲਿਖ ਕੇ ਭੇਜੀਆਂ ਅਤੇ ਜਲਦੀ ਸਹਾਇਤਾ ਭੇਜਣ ਲਈ ਲਿਖਿਆ।

ਇਸ ਨਾਜ਼ਕ ਸਮੇਂ ਵਿਚ ਸਿੱਖਾਂ ਦੇ ਸੈਨਿਕ ਦਲ ਖਿਲਰੇ ਹੋਏ ਸਨ। ਮਾਝੇ ਅਤੇ ਰਿਆੜਕੀ ਇਲਾਕਿਆਂ ਵਲੋਂ ਸਾਰੇ ਸੈਨਿਕ ਦਲ ਜਲਦੀ ਨਹੀਂ ਪਹੁੰਚ ਸਕਦੇ ਸਨ। ਉਨ੍ਹਾਂ ਇਲਾਕਿਆਂ ਨੂੰ ਖਾਲੀ ਛੱਡ ਕੇ ਆਉਣਾ ਵੀ ਠੀਕ ਨਹੀਂ ਸੀ। ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਬਹਾਦਰ ਖੁਦ ਗੰਗਾ-ਦੁਆਬਾ ਇਲਾਕੇ (ਸਹਾਰਨਪੁਰ ਦੇ ਨੇੜੇ ਤੇੜੇ) ਵਿਚਰ ਰਹੇ ਸਨ। ਉਨ੍ਹਾਂ ਦਿਨਾਂ ਵਿਚ ਉਥੇ ਸਿੱਖਾਂ ਨੇ ਜਲਾਲਾਬਾਦ ਨੂੰ ਘੇਰਿਆ ਹੋਇਆ ਸੀ। ਇਸ ਲਈ ਇਥੋਂ ਦੇ ਸਥਾਨਕ ਸਿੱਖ ਸੈਨਾਪਤੀ ਨੇ ਇੱਕ ਖਾਸ ਪ੍ਰਕਾਰ ਦੀ ਯੋਜਨਾ ਬਣਾਈ। ਉਨ੍ਹਾਂ ਨੇ ਪਹਿਲਾਂ ਉਥੋ ਦੇ ਕਿਲ੍ਹੇ 'ਰਾਹੋਣ' ਤੇ ਕਬਜ਼ਾ ਕਰ ਲਿਆ। ਉਥੇ ਕੁਝ ਸੈਨਿਕਾਂ ਨੂੰ ਤੈਨਾਤ ਕਰਕੇ ਬਾਕੀ ਸੈਨਾ ਨੂੰ ਮੁੱਖ ਮਾਰਗ ਦੀਆਂ ਝਾੜੀਆਂ ਵਿਚ ਘਾਤ ਲਾ ਕੇ ਬੈਠਣ ਲਈ ਕਿਹਾ। ਇੱਕ ਪੁਰਾਣੇ ਇੱਟਾਂ ਦੇ ਭੱਠੇ ਨੂੰ ਗੜ੍ਹੀ ਦੀ ਸ਼ਕਲ ਦੇ ਕੇ ਮੋਰਚਾਬੰਦੀ ਕਰ ਲਈ ਤਾਂ ਕਿ ਮੁਸ਼ਕਿਲ ਘੜੀ ਆਉਣ ਤੇ ਆਪਣੇ ਆਪ ਨੂੰ ਸੁਰੱਖਿਅਤ ਕੀਤਾ ਜਾ ਸਕੇ। ਜਿਉਂ ਹੀ ਸ਼ਮਸ਼ ਖਾਨ ਆਪਣੀ ਸੈਨਾ ਲੈ ਕੇ

ਅੱਗੇ ਵੱਧਦਾ ਹੋਇਆ ਸਿੱਖਾਂ ਦੀ ਮਾਰ ਹੇਠ ਆਇਆ, ਉਸੇ ਸਮੇਂ ਘਾਤ ਲਾ ਕੇ ਬੈਠੇ ਸਿੰਘਾਂ ਨੇ ਝਾੜੀਆਂ ਵਿਚੋਂ ਨਿਕਲ ਕੇ ਤੋਪਾਂ ਦੇ ਗੋਲੇ ਦਾਗ ਦਿੱਤੇ ਅਤੇ ਬੰਦੂਕਾਂ ਨਾਲ ਨਿਸ਼ਾਨੇ ਲਾ ਦਿੱਤੇ। ਇਸ ਤਰ੍ਹਾਂ ਦੀ ਮਾਰ ਦੀ ਜਹਾਦੀਆਂ ਨੂੰ ਆਸ ਨਹੀਂ ਸੀ। ਉਂਹ ਘਬਰਾ ਕੇ ਇਧਰ-ਉਧਰ ਦੌੜੇ ਤੇ ਖਿੰਡ-ਪੁੰਡ ਗਏ। ਅੰਤ ਵਿਚ ਆਹਮਣੇ-ਸਾਹਮਣੇ ਤਲਵਾਰਾਂ ਦਾ ਭਿਅੰਕਰ ਯੁੱਧ ਹੋਇਆ ਸਿੱਖ ਤਲਵਾਰ ਚਲਾਉਣ ਵਿਚ ਬਹੁਤ ਨਿਪੁੰਨ ਸਨ। ਉਨ੍ਹਾਂ ਦੇ ਸਾਹਮਣੇ ਭਾਵੁਕ ਹੋ ਕੇ ਧਰਮਯੁੱਧ ਲੜਨ ਆਏ ਨਵੇ-ਸਿਖਾਦਰੂ ਗਾਜੀ ਇਕ ਪਲ ਵੀ ਨਾ ਦਿਕ ਸਕੇ। ਦੇਖਦਿਆਂ-ਦੇਖਦਿਆਂ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਦਿੱਸਣ ਲਗੀਆਂ। ਪੂਰਾ ਦਿਨ ਘਮਸਾਨ ਦਾ ਯੁੱਧ ਹੋਇਆ। ਦੁਸ਼ਮਣ ਦੀ ਕਮਰ ਟੁੱਟ ਚੁੱਕੀ ਸੀ। ਪਰ ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਸ ਲਈ ਸਿੱਖਾਂ ਨੇ 'ਰਾਹੋਂ' ਦੇ ਕਿਲ੍ਹੇ ਵਿਚ ਹਨੇਰਾ ਹੁੰਦਿਆਂ ਹੀ ਸ਼ਰਨ ਲੈ ਲਈ। ਇਹ ਕਿਲ੍ਹਾ ਪਹਿਲਾਂ ਹੀ ਉਨ੍ਹਾਂ ਦੇ ਕਬਜ਼ੇ ਵਿਚ ਸੀ।

ਦੂਜੇ ਦਿਨ ਸਮਸ਼ ਖਾਨ ਕੇ ਆਪਣੇ ਨਿਯਮਿਤ ਸੈਨਿਕਾਂ ਕੀ ਤਾਕਤ ਨਾਲ ਕਿਲ੍ਹੇ ਨੂੰ ਘੇਰ ਲਿਆ, ਉਸਦੀ ਗਾਜੀ ਸੈਨਾ ਭੱਜ ਚੁੱਕੀ ਸੀ। ਕਿਲ੍ਹੇ ਦਾ ਘੇਰਾ ਲੰਮਾ ਸਮਾਂ ਲੈ ਸਕਦਾ ਸੀ। ਸਿੱਖ ਸੈਨਾ ਅਜਿਹਾ ਨਹੀਂ ਚਾਹੁੰਦੀ ਸੀ, ਕਿਉਂਕਿ ਕਿਲ੍ਹੇ ਵਿਚ ਰਸਦ ਦੀ ਕਮੀ ਸੀ। ਇਕ ਰਾਤ ਅਚਾਨਕ ਸਿੱਖਾਂ ਨੇ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਦੂਰ ਜੰਗਲਾਂ ਵਿਚ ਜਾ ਵੜੇ। ਇਸ ਤਰ੍ਹਾਂ ਮੁਗਲ ਫੌਜ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਸ਼ਮਸ਼ ਖਾਨ ਨੇ ਖਾਲਸਾ ਦਲ ਨੂੰ ਹਾਰਿਆ ਹੋਇਆ ਸਮਝ ਕੇ ਜੰਗਲਾਂ ਵਿਚ ਉਨ੍ਹਾਂ ਦਾ ਪਿੱਛਾ ਨਹੀਂ ਕੀਤਾ ਅਤੇ ਉਹ ਆਪਣੀ ਰਾਜਧਾਨੀ ਸੁਲਤਾਨਪੁਰ ਵਾਪਸ ਚਲਾ

ਗਿਆ। ਉਨ੍ਹਾਂ ਦਿਨਾਂ ਵਿਚ ਜਰਨੈਲੀ ਸੜਕ ਉਤੇ ਸਥਿਤ ਹੋਣ ਕਰਕੇ ਸੁਲਤਾਨਪੁਰ ਲੋਧੀ ਬਹੁਤ ਵਿਕਸਿਤ ਨਗਰ ਸੀ। ਸਿੱਖਾਂ ਨੇ ਸਾਰੇ ਹਾਲਾਤਾਂ ਦਾ ਅੰਦਾਜ਼ਾ ਲਾਇਆ ਅਤੇ ਫਿਰ ਨਵੀਂ ਯੋਜਨਾ ਬਣਾ ਕੇ 'ਰਾਹੋਂ' ਦੇ ਕਿਲ੍ਹੇ ਤੇ ਦੁਬਾਰਾ ਹਮਲਾ ਕਰਕੇ ਆਪਣੇ ਕਬਜ਼ੇ ਵਿਚ ਲੈ ਲਿਆ, ਇਸ ਜਿੱਤ ਨਾਲ ਨੇੜੇ-ਤੇੜੇ ਦੇ ਖੇਤਰੀ ਦਲ ਖਾਲਸੇ ਦੇ ਝੰਡੇ ਹੇਠਾਂ ਆ ਗਏ।

'ਰਾਹੋਂ' ਨਗਰ ਲਈ ਸ਼ਾਮਕ ਨਿਯੁਕਤ ਕਰਕੇ ਸਿੱਖ ਜਲੰਧਰ ਵੱਲ ਅੱਗੇ ਵਧੇ। ਇਥੋਂ ਦੇ ਪਠਾਣ ਸਿੱਖਾਂ ਤੋਂ ਐਨੇ ਭੈਭੀਤ ਸਨ ਕਿ ਉਹ ਉਨ੍ਹਾਂ ਦੇ ਪਹੁੰਚਣ ਦੀ ਖਬਰ ਸੁਣਦਿਆਂ ਹੀ ਨਗਰ ਛੱਡ ਕੇ ਭੱਜ ਗਏ। ਜਲੰਧਰ ਤੇ ਸਿੱਖਾਂ ਦਾ ਅਧਿਕਾਰ ਆਸਾਨੀ ਨਾਲ ਹੀ ਹੋ ਗਿਆ। ਠੀਕ ਇਸੇ ਤਰ੍ਹਾਂ 'ਬਜਵਾੜਾ' (ਹੁਸ਼ਿਆਰਪੁਰ) ਦੇ ਸਰਕਾਰੀ ਅਧਿਕਾਰੀ ਨੇ ਵੀ ਕੋਈ ਸਾਹਮਣਾ ਨਾ ਕੀਤਾ ਅਤੇ ਅਧੀਨਤਾ ਸਵੀਕਾਰ ਕਰ ਲਈ। ਇਸ ਤਰ੍ਹਾਂ ਕੁਝ ਹੀ ਦਿਨਾਂ ਵਿਚ ਪੂਰਾ ਦੁਆਬਾ ਇਲਾਕਾ ਦਲ-ਖਾਲਸਾ ਦੇ ਅਧੀਨ ਹੋ ਗਿਆ। ਦੁਆਬੇ ਦਾ ਮੁੱਖ ਫੌਜਦਾਰ ਸ਼ਮਸ਼ ਖਾਨ ਖੁਦ ਵੀ ਸੁਲਤਾਨਪੁਰ ਵਿਚ ਸ਼ਾਂਤੀ ਨਾਲ ਨਾ ਰਹਿ ਸਕਿਆ। ਇਤਿਹਾਸਕਾਰ ਲਿਖਦੇ ਹਨ ਕਿ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਦੇ ਨਾਲ ਸਿੱਖਾਂ ਦੀਆਂ ਬਾਈ ਵਾਰੀ ਅਲੱਗ-ਅਲੱਗ ਥਾਵਾਂ ਤੇ ਝੜਪਾਂ ਹੋਈਆਂ, ਇਸ ਕਰਕੇ ਉਹ ਹਮੇਸ਼ਾ ਭੈ-ਭੀਤ ਰਹਿਣ ਲੱਗਾ। ਸਿੱਟੇ -ਵਜੋਂ ਉਹ ਕੇਵਲ ਨਾ-ਮਾਤਰ ਦਾ ਹੀ ਸ਼ਾਮਕ ਰਹਿ ਗਿਆ ਸੀ।

ਇਤਿਹਾਸਕਾਰ ਮੈਲਕਮ ਲਿਖਦਾ ਹੈ, 'ਇਸ ਵਿਚ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਜੇ ਬਾਦਸ਼ਾਹ ਆਪਣੀਆਂ ਸੰਪੂਰਨ ਫੌਜ਼ਾਂ ਲੈ ਕੇ ਪੰਜਾਬ ਨਾ ਆਉਂਦਾ ਤਾਂ

ਖਾਲਸਾ ਦਲ ਨੇ ਸਾਰੇ ਹਿੰਦੁਸਤਾਨ ਨੂੰ ਘੇਰ ਲੈਣਾ ਸੀ। ਉਸ ਦੇ ਪੰਜਾਬ ਆਉਣ ਨਾਲ ਪਾਸਾ ਪਲਟ ਗਿਆ ਅਤੇ ਮੁਸਲਮਾਨ ਜਹਾਦੀ ਸ਼ਕਤੀਆਂ ਦੁਬਾਰਾ ਇਕੱਠੀਆਂ ਕਰਕੇ ਫਿਰ ਤੋਂ ਮੁਕਾਬਲਾ ਕੀਤਾ ਅਤੇ ਸਫਲ ਵੀ ਹੋਇਆ। ਠੀਕ ਇਸੇ ਪ੍ਰਕਾਰ ਇਤਿਹਾਸਕਾਰ ਇਰਾਦਤ ਖਾਨ ਕਹਿੰਦਾ ਹੈ, 'ਉਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਕੋਈ ਅਜਿਹਾ ਸਰਦਾਰ ਨਹੀਂ ਸੀ, ਜਿਸ ਵਿਚ ਦਲ ਖਾਲਸਾ ਦੇ ਵਿਰੁੱਧ ਦਿੱਲੀ ਤੋਂ ਹਮਲਾ ਕਰਨ ਦੀ ਦਲੇਰੀ ਹੁੰਦੀ। ਰਾਜਧਾਨੀ ਦਾ ਵੱਡਾ ਸਰਕਾਰੀ ਹਾਕਮ ਆਸ਼ਫ ਦੌਲਾ (ਅਸਦ ਖਾਨ) ਡਰ ਰਿਹਾ ਸੀ, ਇਸ ਲਈ ਸ਼ਹਿਰ ਦੇ ਵਸਨੀਕ ਸਪਸ਼ਟ ਦਿਖਾਈ ਦੇ ਰਹੇ ਮੁਸੀਬਤਾਂ ਦੇ ਬੱਦਲਾਂ ਤੋਂ ਬਚਣ ਲਈ ਆਪਣੇ ਪਰਿਵਾਰਾਂ ਅਤੇ ਮਾਲ-ਅਸਬਾਬ ਨੂੰ ਪੂਰਬ ਦੇ ਗੁਆਂਢੀ ਪ੍ਰਾਂਤਾ ਵਿਚ ਸੁੱਰਖਿਆ ਲਈ ਭੇਜ ਰਹੇ ਸਨ।'

## ਸਮਰਾਟ ਬਹਾਦਰ ਸ਼ਾਹ ਦੀ ਦਲ ਖਾਲਸਾ ਦੇ ਵਿਰੁੱਧ ਮੁਹਿੰਮ

ਬਾਦਸ਼ਾਹ ਬਹਾਦਰਸ਼ਾਹ ਨੂੰ ਪੰਜਾਬ ਵਿਚ ਸਿੱਖਾਂ ਦੇ ਵਿਦਰੋਹ ਕਰਨ ਦੇ ਸਮਾਚਾਰ ਸੰਨ 17●9 ਦੇ ਅੰਤ ਵਿਚ ਪ੍ਰਾਪਤ ਹੋਣ ਲੱਗ ਪਏ ਸਨ। ਉਸ ਸਮੇਂ ਉਹ ਆਪਣੇ ਭਰਾ ਕਾਮ ਬਖਸ਼ ਦੇ ਵਿਰੁਧ ਦੱਖਣ ਵਿਚ ਯੁੱਧ ਕਰਨ ਲਈ ਗਿਆ ਹੋਇਆ ਸੀ। ਵਾਪਸ ਆਉਂਦਿਆਂ ਉਸ ਨੂੰ ਅਜਮੇਰ ਦੇ ਨੇੜੇ ਸਮਾਚਾਰ ਮਿਲਿਆ ਕਿ ਸਿੱਖਾਂ ਨੇ ਸਰਹੰਦ ਤੇ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਉਥੋਂ ਦੇ ਸੂਬੇਦਾਰ ਵਜੀਦ ਖਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਉਨ੍ਹਾਂ ਨੇ ਆਪਣੇ ਨੇਤਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਪੰਜਾਬ ਦੇ ਵਧੇਰੇ ਹਿੱਸੇ ਤੇ ਕਬਜ਼ਾ ਕਰ ਲਿਆ ਹੈ। ਇਨ੍ਹਾਂ ਦੁਖਦਾਈ

ਸਮਾਚਾਰਾਂ ਦੇ ਮਿਲਣ ਤੇ ਸਮਰਾਟ ਦੇ ਗੁੱਸੇ (ਕ੍ਰੋਧ) ਦੀ ਕੋਈ ਹੱਦ ਨਾ ਰਹੀ। ਉਸਨੇ ਰਾਜਪੂਤਾਨੇ ਦੇ ਅੜੀਅਲ ਰਾਜਾ ਜੈ ਸਿੰਘ ਕੁਸ਼ਵਾਹਾ ਅਤੇ ਜਸਵੰਤ ਸਿੰਘ ਰਾਠੌਰ ਦੀ ਮੁਰੰਮਤ ਕਰਨ ਦਾ ਕੰਮ ਅਧੂਰਾ ਹੀ ਛੱਡ ਕੇ, ਖੁਦ ਹੀ ਸਿੱਖਾਂ ਨੂੰ ਖਤਮ ਕਰਨ ਲਈ ਪੰਜਾਬ ਵਲ ਵਧਿਆ। ਉਸਨੇ ਸਾਰੇ ਉਤਰੀ ਭਾਰਤ ਦੇ ਫੌਜਦਾਰਾਂ ਅਤੇ ਗਵਰਨਰਾਂ ਦੇ ਨਾਂਵਾਂ ਤੇ ਆਦੇਸ਼ ਜਾਰੀ ਕਰ ਦਿੱਤੇ ਕਿ ਉਹ ਸਾਰੇ ਮਿਲਕੇ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀਆਂ ਦੇ ਵਿਰੁੱਧ ਸਾਂਝਾ ਗਠਜੋੜ ਸਥਾਪਿਤ ਕਰਨ। ਬਾਦਸ਼ਾਹੀ ਰਾਜਧਾਨੀ ਦੇ ਬਹੁਤ ਨੇੜੇ ਇਸ ਤਰ੍ਹਾਂ ਦਾ ਆਮ ਜਨਤਾ ਦਾ ਵਿਦਰੋਹ, ਜਿਹੋ ਜਿਹਾ ਸਿੱਖਾਂ ਨੇ ਕਰ ਦਿੱਤਾ ਸੀ, ਰਾਜਪੂਤਾਂ ਦੇ ਝਗੜਿਆਂ ਨਾਲੋਂ ਵਧੇਰੇ ਭਿਆਨਕ ਸੀ ਅਤੇ ਭਵਿੱਖ ਲਈ ਕਈ ਸਮਸਿਆਵਾਂ ਪੈਦਾ ਕਰ ਸਕਦਾ ਸੀ। ਇਸ ਲਈ ਬਾਦਸ਼ਾਹ ਨੇ ਰਾਜਪੂਤਾਂ ਨੂੰ ਫਿਰ ਕਦੇ ਨਿਪਟਾਉਣ ਲਈ ਛੱਡ ਕੇ ਸਿੱਧਾ ਪੰਜਾਬ ਵੱਲ, ਪੂਰੀ ਸੈਨਾ ਨਾਲ ਲੈ ਕੇ ਪੂਰੀ ਸ਼ਕਤੀ ਨਾਲ ਚੱਲ ਪਿਆ।

ਉਸ ਸਮੇਂ ਬਾਦਸ਼ਾਹ ਅਤੇ ਵਜ਼ੀਰ ਮੁਨੀਸ ਖਾਨ ਵਿਚਕਾਰ ਮਤਭੇਦ ਹੋ ਗਿਆ। ਵਜੀਰ ਅਨੁਸਾਰ ਐਨੇ ਵੱਡੇ ਪ੍ਰਤਾਪੀ ਬਾਦਸ਼ਾਹ ਦਾ ਸਿੱਖਾ ਵਰਗੇ ਤੁੱਛ ਵਿਦਰੋਹੀਆਂ ਦੇ ਵਿਰੁੱਧ ਖੁਦ ਹਮਵਾਵਰ ਬਣ ਕੇ ਜਾਣਾ ਉਸ ਦੀ ਸ਼ਾਨ ਦੇ ਵਿਰੁੱਧ ਹੈ। ਪਰ ਇਸ ਮਤਭੇਦ ਦੇ ਬਾਵਜੂਦ ਵੀ ਬਾਦਸ਼ਾਹ ਨੇ ਇਸ ਵਿਦਰੋਹ ਨੂੰ ਬਹੁਤ ਗੰਭਰਿਤਾ ਨਾਲ ਲਿਆ ਅਤੇ ਆਪ ਖੁਦ ਵਿਦਹੋਰ ਨੂੰ ਕੁਚਲਣ ਦੇ ਵਿਚਾਰ ਨਾਲ ਸਿੱਧਾ ਹੀ ਪੂਰੀ ਫੌਜ ਦੇ ਨਾਲ ਪੰਜਾਬ ਵੱਲ ਵੱਧਦਾ ਆਇਆ।

ਉਸ ਨੇ ਸਭ ਤੋਂ ਪਹਿਲਾਂ ਹਿੰਦੂਆਂ ਅਤੇ ਸਿੱਖਾਂ ਦੇ ਵਿਚ ਪਹਿਚਾਣ (ਪਛਾਣ) ਦੇ

ਲਈ ਆਪਣੇ ਉਨ੍ਹਾਂ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਚਾਹੇ ਉਹ ਉਸ ਦੇ ਦਰਬਾਰ ਵਿਚੋਂ ਸਨ ਜਾਂ ਰਾਜ ਦੇ ਦੂਜੇ ਭਾਗਾਂ ਤੋਂ, ਸਾਰਿਆਂ ਨੂੰ ਆਗਿਆ ਦਿੱਤੀ ਕਿ ਉਹ ਸਾਰੇ ਆਪਣੀ ਦਾੜ੍ਹੀ ਮੁੱਛਾਂ ਮੁੰਨਵਾ ਦੇਣ ਤਾਂ ਕਿ ਹਿੰਦੂ ਤੇ ਸਿੱਖ ਨੂੰ ਪਛਾਨਣ-ਵਿਚ ਕੋਈ ਮੁਸ਼ਕਲ ਨਾ ਆਵੇ ਅਤੇ ਇਹੀ ਆਦੇਸ਼ ਉਸਨੇ ਫਿਰ ਆਮ ਜਨਤਾ ਦੇ ਲਈ ਵੀ ਲਾਗੂ ਕਰਨ, ਲਈ ਕਿਹਾ।

ਬਾਦਸ਼ਾਹ ਨੂੰ ਦਲ-ਖਾਲਸਾ ਦੇ ਨਾਇਕ ਬੰਦਾ ਸਿੰਘ ਦੁਆਰਾ ਨਵੀਂ ਮੁਦਰਾ (ਕਰੰਸੀ) ਜਾਰੀ ਕਰਨ ਦੀ ਸੂਚਨਾ ਵੀ ਦਿੱਤੀ ਗਈ ਅਤੇ ਦਸਿਆ ਗਿਆ ਕਿ ਉਸਨੇ 'ਜ਼ਿਮੀਦਾਰੀ ਪ੍ਰਥਾ' ਸਮਾਪਤ ਕਰ ਦਿੱਤੀ ਹੈ। ਉਸਨੇ ਕਿਸਾਨਾਂ ਨੂੰ ਸਾਰੇ ਅਧਿਕਾਰ ਦੇ ਕੇ ਉਨ੍ਹਾਂ ਨੂੰ ਕਿਹਾ ਕਿ ਉਹ ਲਗਾਨ ਦੀ ਰਕਮ ਸਿੱਧੀ ਸਰਦਾਰ ਨੂੰ ਦੇਣ।

ਸਮਰਾਟ ਬਹਾਦਰ ਸ਼ਾਹ ਨੇ ਆਪਣੇ ਦੋ ਸੈਨਾਪਤੀਆਂ ਮਹਾਵਤ ਖਾਨ ਅਤੇ ਫਿਰੌਜ ਖਾਨ ਮੇਵਾਤੀ ਦੀ ਅਗਵਾਈ ਵਿਚ ਲਗਭਗ 60 ਹਜ਼ਾਰ ਸੈਨਿਕਾ ਦੀ ਸੈਨਿਕ ਸ਼ਕਤੀ ਸਿੱਖਾਂ ਨੂੰ ਕੁਚਲਣ ਦੇ ਲਈ ਭੇਜ਼ੀ। ਇਸ ਸਮੇਂ ਸਿੱਖਾਂ ਦੀ ਤਾਕਤ ਖਿਲਰੀ ਹੋਈ ਸੀ। ਵਧੇਰੇ ਸਿੱਖ ਆਪਣੇ ਜਥੇਦਾਰਾਂ ਦੇ ਨਾਲ ਯਮੁਨਾ ਪਾਰ ਉਤਰ ਪ੍ਰਦੇਸ਼ ਦੇ ਸਹਾਰਨਪੁਰ ਅਤੇ ਜਲਾਲਾਬਾਦ ਦੇ ਇਲਾਕਿਆਂ ਵਿਚ ਸੰਘਰਸ਼ ਸ਼ੀਲ ਸਨ। ਇਸ ਮੁਹਿੰਮ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਸਨ ਅਤੇ ਜਲਾਲਾਬਾਦ ਦੇ ਕਿਲ੍ਹੇ ਦੇ ਘੇਰਾਬੰਦੀ ਦੀ ਕਾਰਨ ਬਹੁਤ ਝਗੜਾ ਪੈਦਾ ਹੋ ਗਿਆ। ਜਿਹੜਾ ਨਾ ਚਾਹੁੰਦੇ ਹੋਏ ਵੀ ਸਮੇਂ ਦੀ ਬਰਬਾਦੀ ਦਾ ਕਾਰਨ ਬਣ ਗਿਆ। ਇਸ ਲਈ ਇਥੋਂ ਦੇ ਫੌਜੀ ਸਿੱਖ ਠੀਕ ਸਮੇਂ ਤੇ ਵਾਪਸ ਨਹੀਂ ਜਾ ਸਕੇ। ਬਾਜੀ ਸਿੱਖ ਸੈਨਿਕ ਸ਼ਕਤੀ ਪੰਜਾਬ ਦੇ ਮਾਝਾ ਅਤੇ

ਦੁਆਬਾ ਇਲਾਕੇ ਦੇ ਪਰਗਨਿਆਂ ਵਿਚ ਥਾਂ-ਥਾਂ ਖਿਲਰੇ ਹੋਏ ਸਨ। ਸਰਹਿੰਦ ਵਿਚ ਕੇਵਲ ਪ੍ਰਬੰਧਕ ਸੈਨਾ ਹੀ ਰਖੀ ਹੋਈ ਸੀ। ਇਸ ਸੈਨਾ ਦੀ ਗਿਣਤੀ ਵੱਡੇ ਯੁੱਧਾਂ ਵਿਚ ਭਾਗ ਲੈਣ ਲਈ ਬਹੁਤ ਹੀ ਘੱਟ ਸੀ। ਦੂਜੇ ਪਾਸੇ ਮੁਗਲ ਸ਼ਾਸਕ ਪੂਰੀ ਤਿਆਰੀ ਨਾਲ ਪੂਰੇ ਹਿੰਦੁਸਤਾਨ ਵਿਚੋਂ ਸੈਨਾ ਇੱਕਠੀ ਕਰਕੇ ਲਿਆਏ ਸਨ। ਇਸ ਲਈ ਅਜਿਹੇ ਹਾਲਾਤਾਂ ਵਿਚ ਸਿੱਖਾਂ ਦੀ ਜਿੱਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਫਿਰ ਵੀ ਜਥੇਦਾਰ ਵਿਨੋਦ ਸਿੰਘ ਅਤੇ ਜਥੇਦਾਰ ਰਾਮ ਸਿੰਘ ਨੂੰ ਹੀ ਆਪਣੇ ਥੋੜ੍ਹੇ ਜਿਹੇ ਸਿਪਾਹੀਆਂ ਨਾਲ ਫਿਰੋਜ਼ਖਾਨ ਦੀ ਵਿਸ਼ਾਲ ਸ਼ਾਹੀ ਸੈਨਾ ਦਾ ਮੁਕਾਬਲਾ ਕਰਨਾ ਪਿਆ। ਤਿਰਾਵੜੀ (ਕਰਨਾਲ) ਦੇ ਨੇੜੇ ਅਮੀਨਗੜ੍ਹ ਦੇ ਮੈਦਾਨ ਵਿਚ ਦੋਹਾਂ ਸੈਨਾਵਾਂ ਦਾ ਸਖਤ ਮੁਕਾਬਲਾ ਹੋਇਆ। ਮਹਾਵਤ ਖਾਨ ਨੇ ਪਹਿਲਾਂ ਹਮਲਾ ਕੀਤਾ। ਜੁਆਬ ਵਿਚ ਸਿੱਖਾਂ ਨੇ ਉਸਦੀਆਂ ਫੌਜਾਂ ਨੂੰ ਹਾਰ ਦਿੱਤੀ। ਮਹਾਵਤ ਖਾਨ ਦੇ ਕਾਇਰਤਾ ਦਿਖਾਈ ਅਤੇ ਨੁਕਸਾਨ ਕਰਵਾ ਦੇ ਪਿੱਛੇ ਹਟ ਗਿਆ। ਫਿਰੋਜ਼ ਖਾਨ ਮੇਵਾਤੀ ਸ਼ੁਰੂ ਵਿਚ ਹੀ ਯੁੱਧ ਦੀ ਅਜਿਹੀ ਬੁਰੀ ਦਸ਼ਾ ਵੇਖ ਕੇ ਹੈਰਾਨ ਰਹਿ ਗਿਆ ਅਤੇ ਉਹ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋ ਗਿਆ। ਫਿਰੋਜ਼ ਖਾਨ ਨੇ ਗੁੱਸੇ ਵਿਚ ਪਾਗਲ ਹੋ ਕੇ ਸਮੂਹ ਫੌਜਾਂ ਨੂੰ ਇਕੱਠਿਆਂ ਹੀ ਸਿੱਖਾਂ ਤੇ ਟੁੱਟ ਕੇ ਪੈ ਜਾਣ ਦਾ ਹੁਕਮ ਦਿੱਤਾ। ਸਿੱਖ ਗਿਣਤੀ ਵਿਚ ਆਟੇ ਵਿਚ ਨਮਕ ਦੇ ਬਰਾਬਰ ਵੀ ਨਹੀਂ ਸਨ। ਇਸ ਲਈ ਉਹ ਐਨੇ ਵੱਡੇ ਹਮਲੇ ਵਿਚ ਘਿਰ ਗਏ, ਫਿਰ ਵੀ ਉਹ ਬਹੁਤ ਵੀਰਤਾ ਨਾਲ ਲੜੇ ਅਤੇ ਆਪਣੇ ਜੀਵਨ ਦੀ ਆਹੂਤੀ ਦੇ ਕੇ ਸਖਤ ਮੁਕਾਬਲਾ ਕੀਤਾ ਅਤੇ ਖਾਲਸਾ ਗੌਰਵ ਨੂੰ ਕਾਇਮ ਰਖਿਆ। ਪਰ ਇਸ ਇਲਾਕੇ ਦੇ ਲੋਕਾਂ ਨੇ ਵੀ ਮੁਗਲ ਸੈਨਾ ਦਾ ਸਾਥ ਦਿੱਤਾ। ਇਸ ਤਰ੍ਹਾਂ ਸਿੱਖ ਹਾਰ ਕੇ ਪਿਛੇ ਹਟਣ ਲੱਗੇ। ਜਿਸ ਵੇਲੇ 'ਅਮੀਨ' ਇਲਾਕੇ

ਵਿਚ ਹੋਈ ਜਿੱਤ ਦੀ ਖਬਰ ਬਾਦਸ਼ਾਹ ਨੂੰ ਮਿਲੀ ਤਾਂ ਉਸਨੇ ਖੁਸ਼ ਹੋ ਕੇ 20 ਅਕਤੂਬਰ ਨੂੰ ਸਰਹੰਦ ਦੀ ਫੌਜਦਾਰੀ ਫਿਰੋਜ਼ ਖਾਨ ਨੂੰ ਸੌਂਪ ਦਿੱਤੀ ਅਤੇ ਖਾਸ ਇਨਾਮ ਭੇਜੇ।

ਅਮੀਨ ਗੜ੍ਹ ਤੋਂ ਦਲ ਖਾਲਸਾ ਪਿਛੇ ਹਟਦਾ ਹੋਇਆ ਥਾਨੇਸਰ ਪਹੁੰਚ ਗਿਆ। ਪਰ ਇਥੇ ਵੀ ਕਿਸੇ ਪਾਸਿਉਂ ਸਹਾਇਤਾ ਅਤੇ ਫੌਜ ਪਹੁੰਚਣ ਦੀ ਆਸ ਸਹੀ ਸੀ। ਅੰਤ ਥਾਨੇਸਰ ਵਿਚ ਇੱਕ ਛੋਟੀ ਜਿਹੀ ਝੜਪ ਤੋਂ ਬਾਅਦ ਸਿੱਖ ਸਢੌਰਾ ਨਗਰ ਵੱਲ ਪਿਛੇ ਹਟ ਗਏ ਤਾਂ ਕਿ ਲੋੜ ਪੈਣ ਤੇ ਲੋਹਗੜ੍ਹੇ ਦੇ ਕਿਲ੍ਹੇ ਵਿਚ ਸ਼ਰਨ ਲਈ ਜਾ ਸਕੇ। ਜਿੱਤ ਦੀ ਖਬਰ ਸੁਣ ਕੇ ਬਾਦਸ਼ਾਹ ਖੁਦ ਯੁੱਧ ਦਾ ਅਖੀਰੀ ਨਤੀਜਾ ਵੇਖਣ ਲਈ, 03 ਨਵੰਬਰ 1710 ਈ. ਨੂੰ ਤਰਾਵੜੀ ਜਿਸ ਨੂੰ ਆਲਮਗਰਿਪੁਰ ਵੀ ਕਹਿੰਦੇ ਹਨ, ਉਥੇ ਪਹੁੰਚਿਆ।

## ਸਰਹੰਦ ਨਗਰ ਦੀ ਜਿੱਤ

ਜਦੋਂ ਗਿਣਤੀ ਵਿਚ ਫੌਜ ਘੱਟ ਹੋਣ ਦੇ ਕਾਰਣ ਦਲ ਖਾਲਸਾ ਅਮੀਨਗੜ੍ਹ ਦੀ ਜਿੱਤੀ ਹੋਈ ਲੜਾਈ ਹਾਰ ਕੇ ਪਿੱਛੇ ਹੱਟਦੇ ਹੋਏ ਥਾਨੇਸਰ ਪਹੁੰਚ ਗਏ ਤਾਂ ਬਾਇਜੀਦ ਖਾਨ ਜੋ ਕਿ ਸਿੱਖਾਂ ਤੋਂ ਡਰ ਕੇ ਲੰਮੇ ਸਮੇਂ ਤੋਂ ਪਾਨੀਪਤ ਵਿਖੇ ਰੁਕਿਆ ਹੋਇਆ ਸੀ ਆਪਣੇ ਜਵਾਨਾਂ ਨੂੰ ਲੈ ਕੇ ਜਲੰਧਰ ਵੱਲ ਚਲ ਪਿਆ। ਜਿਉ ਹੀ ਇਹ ਸਮਾਚਾਰ ਸਮਸ਼ਖਾਨ ਨੂੰ ਮਿਲਿਆ ਕਿ ਉਸ ਦਾ ਚਾਚਾ ਬਾਇਜੀਦ ਖਾਨ ਜਿੱਤ ਦਾ ਸੁਨੇਹਾ ਲੈ ਕੇ ਵਾਪਸ ਆਇਆ ਹੈ। ਉਸਦਾ ਹੌਂਸਲਾ ਵਧ ਗਿਆ। ਉਸਨੇ ਦੁਆਬਾ ਇਲਾਕੇ ਦੇ ਨਗਰ ਜਲੰਧਰ ਤੋਂ ਕਾਫੀ ਤਨਖਾਹਦਾਰ ਸੈਨਿਕ ਇਕੱਠੇ ਕਰ ਲਏ ਅਤੇ ਉਮਰ ਖਾਨ

ਅਤੇ ਚਾਚਾ ਬਾਇਜੀਦ ਖਾਨ ਦੀ ਸੈਨਾ ਵੀ ਆਪਣੀ ਸੈਨਾ ਵਿਚ ਸ਼ਾਮਲ ਕਰਕੇ ਸਰਹਿੰਦ ਤੇ ਹਮਲਾ ਕਰ ਦਿੱਤਾ। ਉਸ ਸਮੇਂ ਸਰਹਿੰਦ ਦਾ ਖਾਲਸਾ ਦਲ ਦਾ ਫੌਜਦਾਰ ਬਾਜ ਸਿੰਘ ਫੌਜ ਲੈ ਕੇ ਯੁੱਧ ਕਰਨ ਲਈ ਅਮੀਨਗੜ੍ਹ ਗਿਆ ਹੋਇਆ ਸੀ। ਉਸਦੇ ਸਥਾਨ ਤੇ ਉਸਦੇ ਭਰਾ ਸੁੱਖਾ ਸਿੰਘ ਤੇ ਸ਼ਾਮ ਸਿੰਘ ਨੇ ਬਹੁਤ ਬਹਾਦਰੀ ਨਾਲ ਯਾਕੂਬ ਖਾਨ ਦੇ ਬਾਗ ਵਿਚ ਦੁਸ਼ਮਣ ਦਾ ਮੁਕਾਬਲਾ ਕੀਤਾ। ਇਸ ਮੈਦਾਨ ਵਿਚ ਪਹਿਲਾਂ ਸਿੱਖਾਂ ਦਾ ਪਲੜ੍ਹਾ ਭਾਰੀ ਰਿਹਾ ਪਰ ਅਖੀਰੀ ਮੁੱਠਭੇੜ ਵਿਚ ਗੋਲਾ ਬਾਰੂਦ ਦੀ ਕਮੀ ਅਤੇ ਸੈਨਿਕਾਂ ਦੀ ਘੱਟ ਗਿਣਤੀ ਦੇ ਕਾਰਨ ਸਿੱਖਾਂ ਨੂੰ ਮੈਦਾਨ ਛੱਡ ਕੇ ਕਿਲ੍ਹੇ ਵਿਚ ਸ਼ਰਨ ਲੈਣੀ ਪਈ। ਅਸਲ ਵਿਚ ਘਮਸਾਨ ਦੇ ਯੁੱਧ ਵਿਚ ਸੁੱਖਾ ਸਿੰਘ ਮਾਰਿਆ ਗਿਆ। ਇਸ ਕਰਕੇ ਸਿੱਖਾਂ ਦੇ ਪੈਰ ਉੱਖੜ ਗਏ। ਜਦਕਿ ਯੁੱਧ ਬਰਾਬਰ ਦੇ ਪੱਧਰ ਤੇ ਚੱਲ ਰਿਹਾ ਸੀ।

ਸਰਹਿੰਦ ਦੇ ਕਿਲ੍ਹੇ ਵਿਚ ਯੁੱਧ ਸਮੱਗਰੀ ਦੀ ਪਹਿਲਾਂ ਹੀ ਘਾਟ ਸੀ। ਵਧੇਰੇ ਗੋਲਾ ਬਾਰੂਦ ਅਮੀਨਗੜ੍ਹ ਭੇਜਿਆ ਜਾ ਚੁੱਕਾ ਸੀ। ਹੁਣ ਤੱਕ ਵਧੇਰੇ ਸਿੱਖ ਸੈਨਿਕ ਸ਼ਹੀਦੀਆਂ ਪਾ ਚੁੱਕ ਸਨ। ਅਜਿਹੇ ਹਾਲਾਤਾਂ ਵਿਚ ਕੁਝ ਗਿਣਤੀ ਦੇ ਸੈਨਿਕਾਂ ਨਾਲ ਲੰਮੇ ਸਮੇਂ ਦੀ ਲੜਾਈ ਲੜਣੀ ਮੁਸ਼ਕਿਲ ਸੀ। ਇਸ ਲਈ ਸਿੱਖਾਂ ਨੇ ਠੀਕ ਸਮੇਂ ਤੇ ਸਰਹਿੰਦ ਦਾ ਕਿਲ੍ਹਾ ਛੱਡ ਦਿੱਤਾ। ਇਸ ਤਰ੍ਹਾਂ ਇਹ ਕਿਲ੍ਹਾ ਤੁਰੰਤ ਦੁਸ਼ਮਣ ਸੈਨਾ ਦੇ ਹੱਥ ਲੱਗ ਗਿਆ ਤੇ ਉਸ ਤੇ ਕਬਜ਼ਾ ਕਰ ਲਿਆ।

ਇਥੋਂ ਸਿੱਖ ਸੈਨਾ ਪਿਛੇ ਹੱਟਦੀ ਹੋਈ ਨਵੀਂ ਥਾਂ ਦੀ ਖੋਜ ਵਿਚ ਖਰੜ ਪਹੁੰਚੀ। ਇਸ ਫੌਜ ਦਾ ਪਿੱਛਾ ਮੁਹੰਮਦ ਅਮੀਨ ਖਾਨ ਦੀ ਪਲਟਨ ਕਰ ਰਹੀ ਸੀ। ਇਥੋਂ ਸਿੱਖ

ਸੈਨਾ ਬੁੜੈਲ ਪਿੰਡ ਦੇ ਕਿਲ੍ਹੇ ਵਿਚ ਪਹੁੰਚੀ, ਇਸ ਸਥਾਨ ਤੇ ਮੁਗਲ ਸੈਨਾ ਅਤੇ ਸਿੱਖ ਸੈਨਾ ਵਿਚ ਭਿਅੰਕਰ ਯੁੱਧ ਹੋਇਆ। ਅਚਾਨਕ ਰੋਪੜ ਤੋਂ ਪਿੱਛੇ ਹੱਟਦੀ ਹੋਈ, ਸਿੱਖ ਸੈਨਾ ਦੀ ਇੱਕ ਟੁਕੜੀ ਉਸ ਸਮੇਂ ਉਥੇ ਪਹੁੰਚ ਗਈ। ਬਸ ਫਿਰ ਕੀ ਸੀ ਸਿੱਖਾਂ ਦਾ ਪਲੜਾ ਭਾਰੀ ਹੋ ਗਿਆ। ਉਨ੍ਹਾਂ ਨੇ ਤੁਰੰਤ ਅਫਵਾਹ ਫੈਲਾ ਦਿੱਤੀ ਕਿ ਬੰਦਾ ਸਿੰਘ ਖੁਦ ਫੌਜ਼ ਲੈ ਕੇ ਇਥੇ ਸਹਾਇਤਾ ਲਈ ਪਹੁੰਚ ਗਿਆ ਹੈ। ਤਦ ਉਥੇ ਘਮਸਾਨ ਦਾ ਯੁੱਧ ਹੋਇਆ। ਇਥੇ ਮੁਗਲ ਸੈਨਾ ਨੂੰ ਭਾਰੀ ਨੁਕਸਾਨ ਹੋਇਆ। ਉਸਦੇ ਲਗਭਗ ਇਕ ਹਜ਼ਾਰ ਜਵਾਨ ਮਾਰੇ ਗਏ ਤੇ ਬਾਕੀ ਮੈਦਾਨ ਛੱਡ ਕੇ ਭੱਜ ਗਏ।

## ‘ਸਢੌਰਾ ਅਤੇ ਲੋਹਗੜ ਦੇ ਕਿਲ੍ਹਿਆਂ ਦਾ ਪਤਨ’

ਦਲ-ਖਾਲਸਾ ਦੀ ਥਾਨੇਸਰ ਵਿਚ ਹੋਈ ਹਾਰ ਨਾਲ ਸਾਰੇ ਸਿੱਖ ਸੈਨਿਕ ਸਿਮਟ ਕੇ ਸਢੌਰਾ ਤੇ ਲੋਹਗੜ੍ਹ ਦੇ ਕਿਲ੍ਹਿਆਂ ਵਿਚ ਆ ਗਏ। ਅਥਵਾ ਖਿੰਡ-ਪੁੜ ਕੇ ਪਰਬਤਾਂ ਤੇ ਜੰਗਲਾਂ ਵਿਚ ਸ਼ਰਨ ਲੈ ਕੇ ਸਮਾਂ ਬਤੀਤ ਕਰਨ ਲੱਗੇ। ਇਸ ਸਮੇ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਕਿ ਉਸ ਨੇ ਠੀਕ ਸਮੇਂ ਤੇ ਬਾਦਸ਼ਾਹ ਨਾਲ ਟੱਕਰ ਲੈਣ ਲਈ ਯੋਗ ਪ੍ਰਬੰਧ ਕਿਉਂ ਨਹੀਂ ਕੀਤਾ। ਉਹ ਸਿਰਫ ਭਜਨ - ਬੰਦਗੀ ਵਿਚ ਹੀ ਰੁਝਿਆ ਰਿਹਾ । ਜੇ ਉਹ ਚਾਹੁੰਦਾ ਅਤੇ ਧਿਆਨ ਦੇਂਦਾ ਤਾਂ ਨਵੇਂ ਪੱਕੇ ਸੈਨਿਕ ਭਰਤੀ ਕੀਤੇ ਜਾ ਸਕਦੇ ਸਨ। ਕਿਉਂਕਿ ਉਨ੍ਹਾਂ ਕੋਲ ਧਨ ਦੀ ਕੋਈ ਕਮੀ ਨਹੀ ਸੀ।

ਦਲ ਖਾਲਸਾਂ ਦੀ ਉਨਤੀ ਤੇ ਥਾਨੇਸਰ ਦੀ ਹਾਰ ਦੇ ਵਿਚਕਾਰ ਦੇ ਸਮੇਂ ਵਿਚ ਹੋਏ

ਯੁੱਧਾਂ ਵਿਚ ਲਗਭਗ ਪੰਜਾਬ ਹਜਾਰ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ ਤੇ ਬਹੁਤ ਸਾਰੇ ਨਕਾਰਾ ਹੋ ਚੁੱਕੇ ਸਨ। ਭਾਵੇਂ ਉਨਾਂ ਦੇ ਥਾਂ ਤੇ ਨਵੇਂ ਮਰਜੀਵੜੇ ਸੈਨਿਕ ਆ ਗਏ ਸਨ। ਪਰ ਉਹ ਅਜੇ ਸਿਖਾਂਦਰੂ ਜਵਾਨ ਸਨ ਇਸ ਤਰ੍ਹਾਂ ਨੁਕਸਾਨ ਪੂਰਾ ਨਹੀਂ ਹੋ ਸਕਿਆ ਸੀ। ਬੰਦਾ ਸਿੰਘ ਦੁਆਰਾ ਬਾਦਸ਼ਾਹ ਦੇ ਵਾਪਸ ਪਰ ਤਣ ਤੇ ਕੋਈ ਵਿਸ਼ੇਸ਼ ਨੀਤੀ ਨਿਰਧਾਰਿਤ ਨਾ ਕਰਨਾ ਅਤੇ ਉਦਾਸੀਨ ਰਹਿਣਾ, ਇਹ ਉਸ ਦੀ ਸਭ ਤੋਂ ਵੱਡੀ ਭੁੱਲ ਸੀ।

ਬਾਦਸ਼ਾਹ ਦਾ ਡੇਰਾ 24 ਨਵੰਬਰ 1710 ਨੂੰ ਸਢੌਰੇ ਪਹੁੰਚਿਆ। ਹੁਣ ਲਗਭਗ ਸਿੱਖ ਸੈਨਾ ਪਿਛੇ ਹਟਦੀ ਹੋਈ ਥਾਨੇਸਰ ਅਤੇ ਸਰਹਿੰਦ ਤੋਂ ਪਿਛੇ ਆ ਚੁੱਕੀ ਸੀ ਅਥਵਾ ਭਟਕ ਕੇ ਸ਼ਿਵਾਲਿਕ ਪਰਬਤ ਮਾਲਾ ਦੀ ਉੱਟ ਵਿਚ ਕਿਤੇ ਸਮਾ ਬਤੀਤ ਕਰ ਰਹੀ ਸੀ। ਤਦ 25 ਨਵੰਬਰ ਨੂੰ ਸਮਾਚਾਰ ਮਿਲਿਆ ਕਿ ਰੁਸਤਮ ਦਿਲ ਖਾਨ ਮੁਸ਼ਕਿਲ ਨਾਲ ਲਗਭਗ ਦੋ ਕੋਹ ਹੀ ਬਾਦਸ਼ਾਹੀ ਡੇਰੇ ਤੋਂ ਅੱਗੇ ਗਿਆ ਹੋਵੇਗਾ ਕਿ ਸਿੱਖਾ ਦੇ ਇੱਕ ਦਲ ਨੇ ਉਸ ਦੀ ਪਲਟਣ ਤੇ ਗੁਰੀਲਾ ਯੁੱਧ ਹਮਲਾ ਕਰ ਦਿੱਤਾ। ਇਸ ਛਾਪਾ ਮਾਰ ਯੁੱਧ ਵਿਚ ਸ਼ਾਹੀ ਲਸ਼ਕਰ ਬੁਰੀ ਤਰ੍ਹਾਂ ਭੈ-ਭੀਤ ਹੋ ਗਿਆ, ਦੇਖਦਿਆਂ-ਦੇਖਦਿਆਂ ਮੁਹਾਲ ਫੌਜੀਆਂ ਦੇ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਹੋਈਆਂ ਦਿੱਸ ਰਹੀਆਂ ਸਨ। ਖਾਫੀ ਖਾਨ ਜਿਹੜਾ ਉਸ ਵੇਲੇ ਉਨ੍ਹਾਂ ਦੇ ਨਾਲ ਸੀ , ਕਹਿੰਦਾ ਹੈ ਕਿ ਜਿਹੜਾ ਯੁੱਧ ਇਸ ਤੋਂ ਬਾਅਦ ਹੋਇਆ ਉਸ ਦਾ ਵਰਨਣ ਕਰਨਾ ਅਸੰਭਵ ਹੈ। ਉਸ ਸਮੇਂ ਤਾਂ ਅਜਿਹਾ ਪ੍ਰਤੀਤ ਹੁੰਦਾ ਸੀ ਕਿ ਯੁੱਧ ਵਿਚ ਮੁਗਲਾਂ ਦੀ ਹਾਰ ਹੋ ਰਹੀ ਹੈ, ਕਿਉਂਕਿ ਸਿੱਖ ਸਰਦਾਰ ਤਲਵਾਰ ਹੱਥ ਵਿਚ ਲੈ ਕੇ ਅੱਗੇ ਵਧ ਕੇ

ਜਹਾਦੀਆਂ ਨੂੰ ਮੌਤ ਦੇ ਘਾਟ ਉਤਾਰ ਰਹੇ ਸਨ। ਇਸ ਪ੍ਰਕਾਰ ਰੁਸਤਮ ਦਿਲ ਖਾਨ ਦੇ ਸੈਨਿਕ ਇਸ ਹਮਲੇ ਨੂੰ ਸਹਿਣ ਨਾ ਕਰ ਸਕੇ ਅਤੇ ਖਿੰਡ-ਪੁੰਡ ਗਏ। ਪਰ ਅੱਲਾ ਦੇ ਫਜ਼ਲ ਨਾਲ ਪਿਛੋਂ ਹੋਰ ਵਧੇਰੇ ਸੈਨਾ ਆ ਪਹੁੰਚੀ, ਉਨ੍ਹਾਂ ਦੀ ਸੰਖਿਆਂ ਸਿੱਖਾਂ ਤੇ ਭਾਰੀ ਪੈ ਗਈ ਇਸ ਤਰ੍ਹਾਂ ਹਾਰੀ ਹੋਈ ਬਾਜ਼ੀ ਜਿੱਤ ਵਿਚ ਬਦਲ ਗਈ, ਇਸ ਮੁੱਠ-ਭੇੜ ਵਿਚ ਫੀਰੋਜ਼ਖਾਨ ਮੇਵਾਤੀ ਦਾ ਇੱਕ ਭਤੀਜਾ ਮਾਰਿਆ ਗਿਆ ਅਤੇ ਉਸ ਦਾ ਪੁੱਤਰ ਜ਼ਖਮੀ ਹੋ ਗਿਆ, ਦੂਜੇ ਪਾਸੇ ਸਿੱਖਾਂ ਦੇ ਦੋ ਸਰਦਾਰ ਅਤੇ ਢਾਈ ਹਜ਼ਾਰ ਜਵਾਨ ਮਾਰੇ ਗਏ। ਬਾਕੀ ਦੇ ਸਿੱਖ ਸੈਨਿਕ ਫਿਰ ਜੰਗਲਾਂ ਵਿਚ ਅਲੋਪ ਹੋ ਗਏ।

ਲੋਹਗੜ੍ਹ ਵਿਚ ਉਸ ਸਮੇਂ ਕੇਵਲ ਬਾਰ੍ਹਾਂ ਤੋਪਾਂ ਸਨ। ਪਰ ਇਨ੍ਹਾਂ ਲਈ ਗੋਲਾ ਬਾਰੂਦ ਐਨਾ ਘੱਟ ਸੀ ਕਿ ਮੁਸ਼ਕਿਲ ਨਾਲ ਤਿੰਨ ਜਾਂ ਚਾਰ ਘੰਟੇ ਯੁੱਧ ਲੜਿਆ ਜਾ ਸਕਦਾ ਸੀ। ਬਾਰੂਦ ਦੇ ਬਿਨ੍ਹਾਂ ਸ਼ਸਤਰ ਤਾਂ ਨਕਾਰਾ ਮੰਨੇ ਜਾਂਦੇ ਹਲ। ਲੋਹਗੜ੍ਹ ਦਲ-ਖਾਲਸਾ ਦਾ ਕੇਂਦਰ ਸੀ। ਇਸ ਲਈ ਇਥੇ ਬਾਰੂਦ ਦਾ ਨਿਰਮਾਣ ਤਾਂ ਕਰਵਾਇਆ ਗਿਆ ਸੀ। ਪਰ ਬਾਰੂਦ ਵਧੇਰੇ ਯੁੱਧ ਦੇ ਮੈਦਾਨਾਂ ਵਿਚ ਭੇਜਿਆ ਜਾਂਦਾ ਰਿਹਾ ਸੀ, ਇਸ ਲਈ ਇਥੇ ਬਾਕੀ ਬਹੁਤ ਥੋੜ੍ਹਾ ਹੀ ਬਚਿਆ ਸੀ। ਇਹੀ ਹਾਲਾਤ ਬਾਕੀ ਹੋਰਨਾਂ ਚੀਜ਼ਾ ਦੀ ਵੀ ਸੀ, ਖਾਣ ਦੀ ਰਸਦ ਤੇ ਪਾਣੀ ਦੀ ਵੀ ਕਮੀ ਹੋ ਗਈ ਸੀ ਕਿਉਂਕਿ ਇਹ ਕਿਸੇ ਨੂੰ ਆਸ ਨਹੀ ਸੀ ਕਿ ਬਾਦਸ਼ਾਹੀ ਲਸ਼ਕਰ ਐਨੀ ਜਲਦੀ ਪਹੁੰਚ ਜਾਵੇਗਾ । ਸ਼ਾਹਬਾਜ਼ ਸਿੰਘ ਤੋਪਖਾਨੇ ਦਾ ਇਚਾਰਜ ਸੀ। ਉਸਨੇ ਸਾਰੇ ਮੋਰਚਿਆਂ ਤੇ ਤੋਪਾਂ ਅਤੇ ਬਾਰੂਦ ਅਤੇ ਲੋੜ ਅਨੁਸਾਰ ਫੌਜ ਠੀਕ ਸਥਾਨ ਤੇ ਭੇਜੀ। ਲੋਹ ਗੜ ਕਿਲ੍ਹੇ ਦੇ ਪੂਰਬ ਤੇ ਪੱਛਮ ਦਿਸ਼ਾ ਵਿਚ ਕਈ ਉੱਚੇ ਟਿੱਲੇ ਵਰਗੀਆਂ ਪਹਾੜੀ ਚੋਟੀਆਂ ਸਨ।

ਇਨ੍ਹਾਂ ਨੂੰ ਸਰ ਕੀਤੇ ਬਿਨਾਂ ਸਿੱਧਾ ਹਮਲਾ ਕਰਨਾ ਅਸੰਭਵ ਸੀ। ਇਸ ਲਈ ਉਨ੍ਹਾਂ ਟਿੱਲਿਆਂ ਤੇ ਛੋਟੀਆਂ ਤੋਪਾਂ ਅਤੇ ਪਿਆਦਾ ਸੈਨਿਕਾਂ ਦੀਆਂ ਟੁਕੜੀਆਂ ਬੈਠਾ ਦਿੱਤੀਆਂ ਗਈਆਂ।

ਜਦੋਂ ਬਾਦਸ਼ਾਹ ਨੇ ਖੁਦ ਦੂਰਬੀਨ ਰਾਹੀ ਕਿਲ੍ਹੇ ਦੀ ਮਜ਼ਬੂਤ ਸਥਿਤੀ ਵੇਖੀ ਤਾਂ ਉਸਨੇ ਕਿਲ੍ਹੇ ਤੇ ਹਮਲਾ ਕਰਨ ਦਾ ਹੁਕਮ ਨਹੀਂ ਦਿੱਤਾ ਅਤੇ ਕਿਹਾ ਕਿ ਜੇ ਅਸੀ ਜਲਦਬਾਜ਼ੀ ਵਿਚ ਹਮਲਾ ਕਰਦੇ ਹਾਂ ਤਾ ਸਾਡਾ ਬਹੁਤ ਜਾਨੀ ਨੁਕਸਾਨ ਹੋ ਸਕਦਾ ਹੈ, ਇਸ ਲਈ ਉਸਨੇ ਕਿਹਾ ਰੁਕੋ ਅਤੇ ਉਡੀਕ ਕਰੋ ਕਿ ਸਿੱਖ ਕਿਸ ਹਾਲਤ ਵਿਚ ਹਨ। ਪਰ ਸਿਪਾਹ-ਸਲਾਰ ਮੁਨੀਮ ਖਾਨ ਹਮਲਾ ਕਰਨ ਦੀ ਜਲਦੀ ਵਿਚ ਸੀ। ਉਸਦਾ ਕਥਨ ਸੀ ਕਿ ਇਕ ਦਮ ਧਾਵਾ ਬੋਲਣ ਨਾਲ ਕਿਲ੍ਹਾ ਫਤਹਿ ਹੋ ਸਕਦਾ ਹੈ ਪਰ ਬਾਦਸ਼ਾਹ ਇਸ ਗੱਲ ਲਈ ਰਾਜ਼ੀ ਨਾ ਹੋਇਆ। ਉਸਨੇ ਦੂਜੇ ਵਜੀਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਐਨੀ ਵੱਡੀ ਕੀਮਤ ਚੁਕਾਉਣ ਦੀ ਕੀ ਲੋੜ ਹੈ। ਜੇ ਅਸੀਂ ਇਸ ਕਿਲ੍ਹੇ ਨੂੰ ਘੇਰੇ ਕੇ ਰਖਾਂਗੇ ਤਾਂ ਅੰਦਰ ਦੀ ਫੌਜ ਭੁੱਖੀ-ਪਿਆਸੀ ਲੜਨ ਦੇ ਯੋਗ ਨਹੀਂ ਰਹੇਗੀ। ਇਸ ਤਰ੍ਹਾਂ ਕਿਲ੍ਹਾ ਸਹਿਜੇ ਹੀ ਉਨ੍ਹਾਂ ਦੇ ਕਬਜ਼ੇ ਵਿਚ ਆ ਜਾਵੇਗਾ। ਤਦ ਬਾਦਸ਼ਾਹ ਨੇ ਸਖਤ ਆਦੇਸ਼ ਦੇ ਦਿੱਤਾ ਕਿ ਸਿੱਖਾਂ ਦੇ ਮੋਰਚਿਆਂ ਵੱਲ ਅਜੇ ਕੋਈ ਵੀ ਅੱਗੇ ਨਹੀਂ ਵਧੇਗਾ, ਕਿਲ੍ਹੇ ਦੇ ਬਾਹਰ ਲੰਬੇ ਸਮੇਂ ਦੀ ਘੇਰਾ ਬੰਦੀ ਅਤੇ ਮੁਗਲ ਸੈਨਾ ਦੀ ਚੁੱਪ ਵੇਖ ਕੇ ਸਿੱਖਾਂ ਨੇ ਇਸ ਯੁੱਧ ਵਿਚ ਆਈ ਉਦਾਸੀਤਾ ਦੇ ਅਰਥ ਕੱਢਣੇ ਸ਼ੁਰੂ ਕਰ ਦਿੱਤੇ। ਉਹ ਸਮਝਣ ਲੱਗੇ ਕਿ ਉਨ੍ਹਾਂ ਨੂੰ ਭੱਖੇ ਪਿਆਸੇ ਮਰਨ ਲਈ ਮਜ਼ਬੂਰ ਕੀਤਾ ਜਾਵੇਗਾ । ਇਸ ਲਈ ਸਿੱਖਾਂ ਨੇ ਰਣ-ਨੀਤੀ ਬਦਲ ਦਿੱਤੀ।

ਫੈਸਲਾ ਇਹ ਲਿਆ ਗਿਆ ਕਿ ਸਿਰਫ ਉਤਨੇ ਹੀ ਸੈਨਿਕ ਕਿਲ੍ਹੇ ਵਿਚ ਰਹਿਣ, ਜਿਨ੍ਹਾਂ ਦੀ ਯੁੱਧ ਵਿਚ ਬਹੁਤ ਲੋੜ ਹੈ, ਬਾਕੀ ਦੀ ਭੀੜ ਹੌਲੀ-ਹੌਲੀ ਗੁਪਤ ਮਾਰਗਾ ਰਾਹੀ ਧਨ-ਸੰਪਦਾ ਲੈ ਕੇ ਪਰਬਤੀ ਮਾਰਗਾ ਰਾਹੀ ਕੀਰਤਪੁਰ ਵਿਖੇ ਪਹੁੰਚੇ। ਅਜਿਹਾ ਹੀ ਕੀਤਾ ਗਿਆ, ਕਿਉਂਕਿ ਕਿਲ੍ਹੇ ਵਿਚ ਹੌਲੀ-ਹੌਲੀ ਖਾਣ ਵਾਲੀ ਰਸਦ ਦੀ ਕਮੀ ਮਹਿਸੂਸ ਹੋਣੀ ਸ਼ੁਰੂ ਹੋ ਗਈ ਸੀ। ਇਹ ਸਥਿਤੀ ਸਢੌਰੇ ਦੇ ਕਿਲ੍ਹੇ ਵਿਚ ਵੀ ਸੀ। ਉਥੇ ਵੀ ਲੋੜ ਤੋਂ ਜ਼ਿਆਦਾ ਸੈਨਿਕ ਕਿਲ੍ਹੇ ਵਿਚ ਸਨ ਅਤੇ ਚਾਰਾਂ ਪਾਸਿਆਂ ਤੋਂ ਦੁਸ਼ਮਣਾ ਦੀ ਸੈਨਾ ਦੁਆਰਾ ਕੀਤੀ ਘੇਰਾ ਬੰਦੀ ਕਰਕੇ ਅੰਦਰ ਬਹੁਤ ਹੀ ਮੁਸ਼ਕਲ ਹਾਲਾਤ ਬਣੇ ਹੋਏ ਸਨ। ਇਸ ਲਈ ਉਥੋਂ ਦੇ ਸਿੰਘਾਂ ਨੇ ਫੈਸਲਾ ਕਰਕੇ ਇੱਕ ਰਾਤ ਅਚਾਨਕ ਕਿਲ੍ਹਾ ਤਿਆਗ ਦਿੱਤਾ ਤੇ ਜੰਗਲਾਂ ਵਿਚ ਚਲੇ ਗਏ। ਸਢੌਰੇ ਦਾ ਕਿਲ੍ਹਾਂ ਤਾਂ ਪਰਬਤਾਂ ਦੀ ਤਲਹਟੀ ਵਿਚ ਸਥਿਤ ਸੀ। ਇਸ ਲਈ ਦੁਸ਼ਮਣ ਸੈਨਾ ਕਿਸੇ ਵੇਲੇ ਵੀ ਇਸ ਤੇ ਕਬਜ਼ਾ ਕਰ ਸਕਦੀ ਸੀ ਕਿਉਂਕਿ ਉਨ੍ਹਾਂ ਕੋਲ ਸੈਨਿਕਾਂ ਦਾ ਟਿੱਡੀ ਦਲ ਸੀ।

ਇੱਕ ਦਿਨ ਵਜੀਰ ਮੁਨੀਮ ਖਾਨ ਖਾਨ ਨੇ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਦੁਸ਼ਮਣਾਂ ਦੇ ਥਾਵਾਂ ਅਤੇ ਮੋਰਚਿਆਂ ਦਾ ਸਰਵੇਖਣ ਕਰਨ ਲਈ ਸੈਨ ਸਮੇਤ ਅੱਗੇ ਵਧਣ ਦੀ ਆਗਿਆ ਦੇਣ ਬਾਦਸ਼ਾਹ ਨੇ ਇਸ ਸ਼ਰਤ ਤੇ ਆਗਿਆ ਦੇਣੀ ਸਵੀਕਾਰ ਕੀਤੀ ਕਿ ਉਹ ਬਾਦਸ਼ਾਹ ਦੇ ਅਗਲੇ ਹੁਕਮ ਤੋਂ ਪਹਿਲਾਂ ਦੁਸ਼ਮਣਾ ਤੇ ਹਮਲਾ ਨਹੀ ਕਰੇਗਾ।

ਮੁਨੀਮ ਖਾਨ ਜਦੋਂ ਪੰਜ ਹਜ਼ਾਰ ਜਵਾਨਾਂ ਦੀ ਸੈਨਾ ਲੈਕੇ ਸਿੱਖਾਂ ਦੇ ਮੋਰਚਿਆਂ ਦੀ ਮਾਰ ਵਿਚ ਪਹੁੰਚਿਆ ਤਾਂ ਉਨ੍ਹਾਂ ਦੇ ਅੱਡਿਆਂ ਤੋਂ ਤੋਪਾਂ ਦੀ ਜ਼ੋਰਦਾਰ ਅੱਗ ਵਰ੍ਹਣੀ

ਆਰੰਭ ਹੋ ਗਈ ਅਤੇ ਪਹਾੜੀ ਚੋਟੀਆਂ ਤੋ ਉਨ੍ਹਾਂ ਦੇ ਪਿਆਦਿਆ ਨੇ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਾਂ ਦਿੱਤਾ। ਉਸ ਸਮੇਂ ਮੁਨੀਮ ਖਾਨ ਦੁਬਿਧਾ (ਦੁਚਿੱਤੀ) ਵਿਚ ਫਸ ਗਿਆ। ਉਸ ਨੇ ਬਾਦਸ਼ਾਹ ਦੀ ਨਾਰਾਜਗੀ ਦੀ ਪ੍ਰਵਾਹ ਨਾ ਕਰਕੇ ਆਪਣੀ ਸੈਨਾ ਦੀ ਰੱਖਿਆ ਦੇ ਵਿਚਾਰ ਨਾਲ ਹਮਲਾ ਕਰਨ ਦਾ ਫੈਸਲਾ ਲੈ ਹੀ ਲਿਆ ਭਾਵੇਂ ਇਸ ਵਿਚ ਬਾਦਸ਼ਾਹ ਦੇ ਹੁਕਮ ਦੀ ਅਦੂਲੀ ਸੀ। ਇਹ ਸਭ ਬਾਦਸ਼ਾਹੀ ਡੇਰੇ ਤੋਂ ਸਪਸ਼ਟ ਦਿਖਾਈ ਦੇ ਰਿਹਾ ਸੀ। ਇਹ ਵੇਖ ਕੇ ਕਿ ਕਿਤੇ ਮੁਨੀਮ ਖਾਨ ਬਾਜ਼ੀ ਨਾ ਮਾਰ ਜਾਏ ਈਰਖਾ ਅਤੇ

ਪ੍ਰਾਪਤੀ ਦੀ ਲਾਲਸਾ ਦੇ ਕਾਰਨ ਦੂਜੇ ਫੌਜੀ ਸਰਦਾਰਾਂ ਨੇ ਵੀ ਆਪਣੇ ਪਿਆਦਿਆਂ ਨੂੰ ਧਾਵਾ ਬੋਲਣ ਦਾ ਹੁਕਮ ਦੇ ਦਿੱਤਾ। ਉਨ੍ਹਾਂ ਨੇ ਵੀ ਬਾਦਸ਼ਾਹ ਦੇ ਹੁਕਮ ਦੀ ਉਡੀਕ ਨਹੀਂ ਕੀਤੀ। ਇਨ੍ਹਾਂ ਵਿਚ ਸ਼ਾਹਜਦਾਂ ਹਫੀ-ਓ ਸ਼ਾਹ ਅਤੇ ਰੁਸਤਮ ਦਿਲਖਾਨ ਵੀ ਸ਼ਾਮਲ ਸਨ। ਇਹ ਸਾਰਾ ਕਾਂਡ ਬਾਦਸ਼ਾਹ ਅਤੇ ਉਸਦੇ ਸ਼ਹਿਜਾਦੇ ਆਪਣੇ ਆਪਣੇ ਤੰਬੂਆਂ ਦੇ ਵਿਹੜਿਆਂ ਤੋਂ ਕ੍ਰੋਧ ਨਾਲ ਸੰਤੋਸ਼ ਦੇ ਮਿਸ਼ਰਿਤ ਭਾਵਾਂ ਨਾਲ ਦੇਖ ਰਹੇ ਸਨ।

ਦਲ-ਖਾਲਸਾ ਦੀਆਂ ਚੌਕੀਆਂ ਬਹੁਤ ਚੰਗੀ ਸਥਿਤੀ ਵਿਚ ਸਨ। ਉਨ੍ਹਾਂ ਨੇ ਠੀਕ-ਠੀਕ ਨਿਸ਼ਾਨੇ ਲਾ ਕੇ ਤੋਪਾਂ ਦੇ ਗੋਲੇ ਦਾਗੇ, ਜਿਸ ਨਾਲ ਦੁਸ਼ਮਣ ਸੈਨਾ ਨੂੰ ਭਾਰੀ ਨੁਕਸਾਨ ਪਹੁੰਚਿਆ। ਲਾਸ਼ਾਂ ਦੇ ਢੇਰ ਲੱਗ ਗਏ ਪਰ ਉਹ ਪਿਛੇ ਨਹੀਂ ਹੱਟ ਸਕਦੇ ਸਨ। ਕਿਉਂਕਿ ਮੁਨੀਮ ਖਾਨ ਭਾਰੀ ਕੀਮਤ ਚੁਕਾ ਕੇ ਵੀ ਲੋਹਗੜ੍ਹ ਨੂੰ (ਜਿੱਤਣਾ) ਫਤਹਿ ਕਰਨਾ ਚਾਹੁੰਦਾ ਸੀ। ਇਸ ਲਈ ਮੁਗਲ ਸੈਨਾ ਦਾ ਟਿੱਡੀ ਦਲ

ਅਗੇ ਵਧਦਾਂ ਹੀ ਜਾ ਰਿਹਾ ਸੀ। ਉਨ੍ਹਾਂ ਅਨੁਸਾਰ ਅਜਿਹੇ ਪਹਾੜੀ ਕਿਲ੍ਹਿਆਂ ਨੂੰ ਸਦਾ ਸੰਖਿਆ ਦੇ ਜ਼ੋਰ ਨਾਲ ਹੀ ਜਿੱਤਿਆ ਜਾ ਸਕਦਾ ਹੈ। ਇਸ ਤਰ੍ਹਾਂ ਉਹ ਹਰ ਪ੍ਰਕਾਰ ਦੀ ਕੁਰਬਾਨੀ ਦੇਣ  ਲਈ ਤਿਆਰ ਸਨ। ਦੂਜੇ ਪਾਸੇ ਦਲ ਖਾਲਸਾ ਦੇ ਕੋਲ ਗੋਲਾ ਬਾਰੂਦ ਸੀਮਿਤ ਸੀ। ਉਹ ਬਹੁਤ ਵਿਚਾਰ ਕਰਕੇ ਇੱਕ -ਇੱਕ ਗੋਲਾ ਦਾਗਦੇ ਸਨ। ਪੂਰਾ ਦਿਨ ਤੋਪਾਂ ਚਲਦੀਆਂ ਰਹੀਆਂ। ਅਖੀਰ ਬਾਰੂਦ ਖਤਮ ਹੋ ਗਿਆ। ਤਦ ਸਿੱਖ ਸੈਨਿਕਾਂ ਨੇ ਹੱਥ ਵਿਚ ਤਲਵਾਰ ਲੈ ਕੇ ਦੁਸ਼ਮਣਾਂ ਨਾਲ ਲੋਹਾ ਲੈਣਾ ਹੀ ਠੀਕ ਸਮਝਿਆ । ਉਹ ਖੰਦਕਾਂ ਵਿਚ ਬਾਹਰ ਨਿਕਲ ਆਏ ਅਤੇ ਦੁਸ਼ਮਣਾਂ ਤੇ ਟੁੱਟ ਪਏ, ਅੰਤ ਮਰ ਗਏ। ਸੂਰਜ ਡੁੱਬਣ ਦੇ ਸਮੇਂ ਤੱਕ ਮੁਨੀਮ ਖਾਨ ਸਿਰਫ ਦੋ ਚੌਕੀਆਂ ਤੇ ਹੀ ਕਬਜ਼ਾ ਕਰ ਸਕਿਆ। ਉਸਨੇ ਆਪਣੀ ਸੈਨਾ ਨੂੰ ਯੁੱਧ ਬੰਦ ਕਰਕੇ ਅਗਲੇ ਦਿਨ ਦੀ ਰਣਨੀਤੀ ਨਿਰਧਾਰਿਤ ਕਰਨ ਲਈ ਕਿਹਾ ਅਤੇ ਆਦੇਸ਼ ਦਿੱਤਾ ਕਿ ਜੋ ਜਿਥੇ ਹੈ, ਉਥੇ ਹੀ ਡਟਿਆ ਰਹੇ ਤਾਂ ਕਿ ਅਗਲੇ ਦਿਨ ਉਥੋਂ ਹੀ ਅੱਗੇ ਵਧਿਆ ਜਾਵੇ।

ਮਿਹਜ਼ਾ ਰੁਕਨ ਨੇ ਇਸ ਸਮੇਂ ਰਣਖਤੇਰ ਤੋਂ ਵਾਪਸ ਆ ਕੇ ਬਾਦਸ਼ਾਹ ਨੂੰ ਸੂਚਨਾ ਦਿੱਤੀ ਕਿ ਯੁੱਧ ਅਜੇ ਪਹਾੜੀ ਦੱਰਿਆਂ ਵਿਚ ਚੱਲ ਰਿਹਾ ਹੈ। ਅਤੇ ਰੁਸਤਮ ਦਿਲਖਾਨ ਉਸ ਪਹਾੜੀ ਦੇ ਵਿਹੜੇ ਤੱਕ ਪਹੁੰਚ ਗਿਆ ਹੈ, ਜਿਸ ਦੀ ਸਫੇਦ ਇਮਾਰਤ ਵਿਚ ਸਿੱਖਾਂ ਦਾ ਨੇਤਾ ਬੰਦਾ ਸਿੰਘ ਹੈ। ਤਦ ਮੁਨੀਮ ਖਾਨ ਵੀ ਮੋਰਚਿਆਂ ਤੋ ਵਾਪਸ ਪਰਤ ਆਇਆ ਅਤੇ ਉਸਨੇ ਬਾਦਸ਼ਾਹ ਨੂੰ ਵਿਸ਼ਵਾਸ਼ ਵਿਚ ਲਿਆ। ਉਸਨੇ ਬਾਦਸ਼ਾਹ ਨੂੰ ਦਸਿਆ ਕਿ ਕਲ੍ਹ ਦੇ ਹਮਲੇ ਵਿਚ ਅਸੀ ਮਰਦੂਦ ਬੰਦਾ ਸਿੰਘ ਨੂੰ ਆਪਣੀ ਕੈਦ ਵਿਚ ਲੈ ਲਵਾਂਗੇ ਕਿਉਂਕਿ ਕਿਲ੍ਹੇ ਨੂੰ ਅਸੀਂ ਚਹੁੰਆਂ ਪਾਸਿਆਂ ਤੋਂ ਘੇਰ

ਲਿਆ ਹੈ ਅਤੇ ਸਾਡੀ ਸਥਿਤੀ ਮਜ਼ਬੂਤ ਹੈ। ਇਹ ਵੀ ਲੱਗਦਾ ਹੈ ਕਿ ਸਿੱਖਾਂ ਕੋਲ ਹੁਣ ਗੋਲਾ ਬਾਰੂਦ ਬਿਲਕੁਲ ਖਤਮ ਹੋ ਗਿਆ ਹੈ। ਤਦ ਬਾਦਸ਼ਾਹ ਨੇ ਕਿਹਾ, " ਇਹ ਤਾਂ ਖੁਦਾ ਦਾ ਕਰਮ ਸਮਝੋ ਕਿ ਉਨ੍ਹਾਂ ਕਲੋ ਬਾਰੂਦ ਲੋੜੀਦੀ ਮਾਤਰਾ ਵਿਚ ਨਹੀ ਸੀ, ਅਸੀ ਤੈਨੂੰ ਇੱਕ ਹੀ ਸ਼ਰਤ ਤੇ ਮੁਆਫ਼ ਕਰ ਸਕਦੇ ਹਾਂ ਕਿ ਕਲ ਮਰਦੂਦ ਬੰਦਾ ਸਾਡੀ ਕੈਦ ਵਿਚ ਹੋਣਾ ਚਾਹੀਦਾ ਹੈ।

ਮੁਨੀਮ ਖਾਨ ਨੇ ਬਾਦਸ਼ਾਹ ਨੂੰ ਵਿਸ਼ਵਾਸ਼ ਵਿਚ ਲੈਂਦੇ ਹੋਏ ਦਸਿਆ ਕਿ ਉਸ ਨੂੰ ਪਹਿਲੇ ਹਮਲੇ ਵੇਲੇ ਹੀ ਇਹ ਅਹਿਸਾਸ ਹੋ ਗਿਆ ਸੀ ਕਿ ਸਿੱਖਾਂ ਕੋਲ ਗੋਲਾ ਬਾਰੂਦ ਨਹੀ ਦੇ ਬਰਾਬਰ ਹੈ ਕਿਉਂਕਿ ਉਹ ਬਹੁਤ ਸੋਚ ਵਿਚਾਰ ਤੋਂ ਬਾਅਦ ਹੀ ਤੋਪਾਂ ਦਾਗਦੇ ਸਨ। ਜਿਵੇਂ ਹੀ ਅਸੀਂ ਉਨ੍ਹਾਂ ਦੀ ਮਾਰ ਹੇਠ ਪਹੁੰਚ ਗਏ ਸੀ, ਖ਼ੂਬ ਗੋਲਾ-ਬਾਰੀ ਹੋਈ ਚਾਹੀਦੀ ਸੀ। ਮੈਂ ਇਸੇ ਗੱਲ ਦਾ ਅੰਦਾਜ਼ਾ ਲਾ ਕੇ ਥੋੜ੍ਹਾ ਖਤਰਾ ਮੁੱਲ ਲਿਆ ਸੀ, ਜਿਸ ਵਿਚ ਸਫਲਤਾ ਮਿਲੀ ਹੈ। ਅੱਜ ਦੁਪਹਿਰ ਤੱਕ ਅਸੀਂ ਉਨ੍ਹਾਂ ਦੀਆਂ ਦੋ ਬਾਹਰੀ ਚੌਕੀਆਂ ਆਪਣੇ ਕਬਜ਼ੇ ਵਿਚ ਲੈ ਲੈਈਆਂ ਸਨ, ਜਿਸ ਵਿਚ ਸਿਰਫ ਤਿੰਨ ਸੌਂ ਪਿਆਦੇ ਹੀ ਸਨ। ਅੱਲਾ ਕ੍ਰਿਪਾ ਕਰੇ ਕਲ ਅਸੀਂ ਆਪਣੀ ਸੰਖਿਆ (ਗਿਣਤੀ) ਦੇ ਜ਼ੋਰ ਨਾਲ ਬੜੀ ਆਸਾਨੀ ਨਾਲ ਕਿਲ੍ਹੇ ਦੇ ਅੰਦਰ ਵੜ ਜਾਵਾਂਗੇ।

ਸੂਰਜ ਡੱਬਣ ਤੋਂ ਪਹਿਲੇ ਕੁਝ ਮੁਗਲ ਸਿਪਾਹੀ ਸੋਮ ਨਦੀ ਵੱਲੋਂ ਅਗੇ ਵੱਧਣ ਵਿਚ ਸਫਲ ਹੋ ਗਏ। ਉਨ੍ਹਾਂ ਨੇ ਕਿਲ੍ਹੇ ਦੀ ਕੰਧ ਨੂੰ ਪੌੜੀ ਵੀ ਲਾ ਲਈ, ਪਰ ਅੰਦਰੋ ਚੇਤੰਨ ਸਿੱਖ ਜੁਆਨਾਂ ਨੇ ਉਨ੍ਹਾਂ ਉੱਤੇ ਤਲਵਾਰਾਂ ਨਾਲ ਹਮਲਾ ਕਰਕੇ ਉਨ੍ਹਾਂ ਦੇ ਹੱਥ ਤੇ ਬਾਹਵਾਂ ਵੱਢ ਦਿੱਤੀਆਂ, ਹਨੇਰਾ ਅਤੇ ਸਰਦੀ ਵੱਧਣ ਨਾਲ ਦੋਹਾਂ ਪਾਸਿਆਂ ਤੋਂ

ਯੁੱਧ ਰੁੱਕ ਗਿਆ। ਕਿਲ੍ਹੇ ਦੇ ਅੰਦਰ ਦਲ ਖਾਲਸਾ ਦੇ ਨਾਇਕ ਨੇ ਤੁਰੰਤ ਆਪਣਾ ਸੰਮੇਲਨ ਕੀਤਾ ਅਤੇ ਨਵੀਂ ਰਣ-ਨੀਤੀ ਲਈ ਵਿਚਾਰ ਗੋਸ਼ਟੀ ਕੀਤੀ। ਸਾਰਿਆਂ ਨੇ ਇੱਕ ਮੱਤ ਹੋ ਕੇ ਕਿਹਾ ਕਿ ਕਿਲ਼ਾ ਤਿਆਗਣ ਵਿਚ ਹੀ ਖਾਲਸੇ ਦਾ ਭਲਾ ਹੈ ਕਿਉਂਕਿ ਖਾਣ ਦੀ ਰਸਦ ਤੇ ਬਾਰੂਦ ਯੁੱਧ ਦੇ ਦੋਵੇਂ ਪ੍ਰਮੁੱਖ ਸਾਧਨਾਂ ਦੀ ਕਮੀ ਸਪਸ਼ਟ ਹੈ ਅਤੇ ਦੂਜੇ ਪਾਸੇ ਦੁਸ਼ਮਣ ਸੈਨਾ ਟਿੱਡੀ ਦਲ ਵਾਂਗ ਵਧਦੀ ਹੀ ਚਲੀ ਆ ਰਹੀ ਹੈ। ਇਸ ਲਈ ਸਮੇਂ ਤੋਂ ਪਹਿਲਾਂ ਸੁਰੱਖਿਅਤ ਥਾਵਾਂ ਲਈ ਨਿਕਲ ਜਾਣਾ ਚਾਹੀਦਾ ਹੈ। ਉਸ ਵੇਲੇ ਇੱਕ ਨਵੇਂ ਸੱਜੇ ਸਿੱਖ ਨੇ ਆਪਣੇ ਆਪ ਨੂੰ ਸਮਰਪਿਤਾ ਕੀਤਾ ਅਤੇ ਕਿਹਾ," ਮੈਂ ਜਥੇਦਾਰ ਬੰਦਾ ਸਿੰਘ ਦਾ ਭੇਸਧਾਰਨ ਕਰਕੇ ਉਨ੍ਹਾਂ ਦੇ ਥਾਂ ਤੇ ਬੈਠ ਜਾਂਦਾ ਹਾਂ ਜਿਸ ਨਾਲ ਦੁਸ਼ਮਣ ਭਰਮ ਵਿਚ ਪਿਆ ਰਹੇ। ਬੰਦਾ ਸਿੰਘ ਨੇ ਆਦੇਸ ਦਿੱਤਾ ਜੋ ਰਣ-ਸਮੱਗਰੀ ਨਾਲ ਲਿਜਾਈ ਜਾ ਸਕਦੀ ਹੈ, ਉਹ ਚੁੱਕੋ ਲਵੋ ਤੇ ਬਾਕੀ ਸਮੱਗਰੀ ਨੂੰ ਅੱਗ ਲਾ ਦਿਉ। ਇਸ ਨੀਤੀ ਦੇ ਅੰਤਰਗਤ ਸਿੱਖਾਂ ਕੋਲ ਇੱਕ ਇਮਲੀ ਦੇ ਦਰੱਖਤ ਦੇ ਤਣੇ ਤੋ ਬਣੀ ਤੋਪ ਸੀ ਜਿਸ ਵਿਚ ਉਨ੍ਹਾਂ ਨੇ ਲੋੜ ਤੋਂ ਜ਼ਿਆਦਾ ਬਾਰੂਦ ਭਰ ਕੇ ਕਿਲ੍ਹਾ ਛੱਡਣ ਤੇ ਪਹਿਲਾਂ ਅੱਧੀ ਰਾਤ ਨੂੰ ਚੁੱਕ ਲਿਆ, ਇਸ ਦਾ ਧਮਾਕਾ ਐਨਾ ਭਿਆਨਕ ਸੀ ਕਿ ਕੋਹਾਂ ਤੱਕ ਧਰਤੀ ਕੰਬ ਉਠੀ, ਤਦ ਬੰਦਾ ਸਿੰਘ ਅਤੇ ਉਸ ਦਾ ਦਲ ਖਾਲਸਾ ਹੱਥਾਂ ਵਿਚ ਨੰਗੀਆਂ ਤਲਵਾਰਾਂ ਲੈ ਕੇ ਕਿੱਲ੍ਹੇ ਦਰਵਾਜ਼ੇ ਨੂੰ ਖੋਲ੍ਹ ਕੇ ਦੁਸ਼ਮਣ ਸੈਨਾ ਦੀਆਂ ਲਾਈਨਾਂ ਨੂੰ ਚੀਰਦੇ ਹੋਏ ਨਾਹਨ ਦੀਆਂ ਪਹਾੜੀਆਂ ਵਿਚ ਅਲੋਪ ਹੋ ਗਏ।

ਇੱਕ ਦਸੰਬਤ 1710 ਵੀਰਵਾਰ ਨੂੰ ਸਵੇਰੇ ਪਹੁ-ਫੁੱਟਣ ਤੋਂ ਪਹਿਲਾਂ ਹੀ ਸਿਪਾਹ-ਸਲਾਰ ਮੁਨੀਮ ਖਾਨ ਨੇ ਆਪਣੇ ਸੰਪੂਰਨ ਟਿੱਡੀ ਦਲ ਨੂੰ ਨਾਲ ਲੈ ਕੇ

ਲੋਹਗੜ੍ਹ ਕਿਲੇ ਤੇ ਧਾਵਾ ਬੋਲ ਦਿੱਤਾ। ਥੋੜ੍ਹੀ ਜਿਹੀ ਮਿਹਨਤ ਨਾਲ ਹੀ ਲੋਹਗੜ੍ਹ ਅਤੇ ਉਸਦੇ ਉਪਕਿਲ੍ਹੇ ਸਤਾਰਾਗੜ੍ਹ ਤੇ ਕਬਜ਼ਾ ਕਰ ਲਿਆ, ਉਹ ਉਸ ਸਮੇਂ ਬਹੁਤ ਖੁਸ਼ ਸੀ। ਉਸ ਨੂੰ ਵਿਸ਼ਵਾਸ਼ ਸੀ ਕਿ ਉਹ ਜਲਦੀ ਹੀ ਸਿੱਖਾਂ ਦੇ ਨੇਤਾ ਬੰਦਾ ਸਿੰਘ ਨੂੰ ਜੀਵਿਤ ਜਾਂ ਮ੍ਰਿਤਕ ਰੂਪ ਵਿਚ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰ ਸਕੇਗਾ। ਪੁਰ ਉਸਦੀ ਨਿਰਾਸ਼ਾ, ਵਿਆਕੁਲਤਾ ਅਤੇ ਦੁੱਖ ਦਾ ਕੌਣ ਅਨੁਮਾਨ ਲਾ ਸਕਦਾ ਹੈ ਜਦੋਂ ਮੁਨੀਮ ਖਾਨ ਨੂੰ ਪਤਾ ਲੱਗਾ ਕਿ ਬਾਜ਼ ਤਾਂ ਉੱਡ ਗਿਆ ਹੈ ਅਤੇ ਪਿਛੇ ਇਸ ਗੱਲ ਦਾ ਕੋਈ ਸੰਕੇਤ ਤੱਕ ਵੀ ਨਹੀ ਛੱਡ ਗਿਆ ਕਿ ਉਹ ਕਿਧਰ ਗਿਆ ਹੈ। ਇਰਾਦਤ ਖਾਨ ਦਸਦਾ ਹੈ ਕਿ ਕੁਝ ਚਿਰ ਲਈ ਤਾਂ ਮੁਨੀਮ ਖਾਨ ਹੈਰਾਨ ਹੀ ਰਹਿ ਗਿਆ ਅਤੇ ਬਾਦਸ਼ਾਹ ਦੇ ਕ੍ਰੋਪ ਦੇ ਡਰ ਵਿਚ ਡੁੱਬ ਗਿਆ। ਕੋਤਵਾਲ ਸਰਵਰਾਹ ਖਾਨ ਨੇ ਭਾਈ ਗੁਲਾਬ ਸਿੰਘ ਨੂੰ (ਜੋ ਕਿ ਬੰਦੇ ਦੇ ਭੇਸ ਚਿ ਸੀ) ਅਤੇ ਦਸ-ਬਾਰ੍ਹਾਂ ਹੋਰ ਜ਼ਖਮੀ ਅਤੇ ਮਰ ਰਹੇ ਸਿੱਖਾਂ ਨੂੰ ਫੜ੍ਹ ਲਿਆ। ਇਹ ਸਮਾਚਾਰ ਤੁਰੰਤ ਬਾਦਸ਼ਾਹ ਦੇ ਖੇਮੇ ਵਿਚ ਪਹੁੰਚ ਗਿਆ। ਬਾਦਸ਼ਾਹ ਦੇ ਕ੍ਰੋਧ ਦੀ ਸੀਮਾ ਨਾ ਰਹੀ। ਉਸਨੇ ਤੁਰੰਤ ਢੋਲ ਤੇ ਨਗਾਰੇ ਵਜਾਉਣੇ ਬੰਦ ਕਰਵਾ ਦਿੱਤੇ ਅਤੇ ਕਿਹਾ, "ਇਨ੍ਹਾਂ ਕੁੱਤਿਆਂ ਦੇ ਘੇਰੇ ਵਿਚੋਂ ਗਿੱਦੜ ਬੱਚ ਕੇ ਕਿਵੇਂ ਭੱਜ ਗਿਆ? ਵਜੀਰ ਮੁਨੀਮ ਖਾਨ ਨੇ ਉਸ ਨੂੰ ਫੜ੍ਹ ਕੇ ਪੇਸ਼ ਕਰਨ ਦੀ ਜ਼ਿੰਮੇਵਾਰੀ ਲਈ ਸੀ। ਹੁਣ ਉਸ ਨੂੰ ਇਸ ਵਾਅਦੇ ਨੂੰ ਨਿਭਾ ਕੇ ਵਿਖਾਉਣਾ ਚਾਹੀਦਾ ਹੈ।" ਥੋੜ੍ਹੀ ਦੇਰ ਬਾਅਦ ਜਦੋਂ ਮੁਨੀਮ ਖਾਨ ਸਿਰ ਨੀਵਾਂ ਕਰਕੇ ਬਾਦਸ਼ਾਹ ਦੇ ਖੇਮੇ ਦੇ ਨੇੜ੍ਹੇ ਪਹੁੰਚਿਆ ਤਾਂ ਬਾਦਸ਼ਾਹ ਨੇ ਅੰਦਰੋਂ ਹੀ ਕ੍ਰੋਧ ਵਿਚ ਕਿਹਾ ਮੈਂ ਤੈਨੂੰ ਮਿਲਣਾ ਨਹੀ ਚਾਹੁੰਦਾ। ਜਦੋਂ ਸਿੱਖਾਂ ਦੇ ਬਚੇ ਹੋਏ ਖਜ਼ਾਨੇ ਦੀ ਖੋਜ ਵਿਚ ਕਿਲ੍ਹੇ ਲੋਹਗੜ੍ਹ ਦੀ ਧਰਤੀ ਨੂੰ ਖੋਦਿਆ ਗਿਆ ਤਾ ਉਥੋਂ ਪੰਜ ਲੱਖ ਰੁਪਏ ਅਤੇ ਤੀਹ ਹਜ਼ਾਰ ਚਾਰ ਸੌ ਸੌਨੇ ਦੀਆਂ ਮੁਹਰਾਂ ਪ੍ਰਾਪਤ ਹੋਈਆਂ।

ਇਨ੍ਹਾਂ ਨੂੰ ਸਾਹੀ ਖਜ਼ਾਨੇ ਵਿਚ ਜਮ੍ਹਾਂ ਕਰ ਦਿੱਤਾ ਗਿਆ।

# 'ਸਮਰਾਟ ਅਤੇ ਮੁਗਲ ਸੈਨਾ ਦੀ ਤਰਸੋਗ ਹਾਲਤ'

ਬਾਦਸ਼ਾਹ ਬਹਾਦਰ ਸ਼ਾਹ ਜਿਨ੍ਹਾਂ ਦਿਨਾਂ ਵਿਚ ਆਪਣੇ ਭਰਾ ਕਾਮਬਖਸ ਦੇ ਵਿਰੁੱਧ ਦੱਖਣ ਭਾਰਤ ਵਿਚ ਪੂਰੇ ਦੇਸ਼ ਦੀ ਸੈਨਾ ਇੱਕਠੀ ਕਰਕੇ ਉਸ ਦਾ ਦਮਨ ਕਰਨ ਲਈ ਗਿਆ ਹੋਇਆ ਸੀ। ਲਗਭਗ ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਦੇ ਨੇੜੇ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਬਹਾਦਰ ਨੇ ਮੁਗਲ ਪ੍ਰਸ਼ਾਸਨ ਦੇ ਵਿਰੁੱਧ ਆਤੰਕ ਫੈਲਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਕੁਝ ਹੀ ਦਿਨਾਂ ਵਿਚ ਇੱਕ ਵੱਡੀ ਸ਼ਕਤੀ ਦੇ ਰੂਪ ਵਿਚ ਉਭਰਨ ਲੱਗਾ। ਉਸ ਦੀਆਂ ਲਗਾਤਾਰ ਜਿੱਤਾਂ ਦੀਆ ਸੂਚਨਾਵਾਂ ਨੇ ਸਮਰਾਟ ਦੀ ਨੀਂਦ ਹਰਾਮ ਕਰ ਦਿੱਤੀ ਸੀ। (ਸਮਰਾਟ) ਉਹ ਵਾਪਸ ਪਰਤਦੇ ਸਮੇਂ ਰਾਜਪੂਤਾਨੇ ਦੇ ਨਰੇਸ਼ਾਂ ਨੂੰ ਉਨ੍ਹਾਂ ਦੀਆਂ ਭੈੜੀਆਂ ਚਾਲਾਂ ਕਰਕੇ ਸਬਕ ਸਿਖਾਉਣਾ ਚਾਹੁੰਦਾ ਸੀ, ਪਰ ਸਮਾਣਾ, ਸਢੌਰਾ ਅਤੇ ਸਰਹਿੰਦ ਵਿਚ ਹੋਈ ਮੁਗਲ ਸੈਨਾ ਦੀ ਹਾਰ ਨੇ ਉਸ ਨੂੰ ਤੁਰੰਤ ਪੰਜਾਬ ਆਉਣ ਤੇ ਮਜ਼ਬੂਰ ਕਰ ਦਿੱਤਾ। ਇਸ ਲੰਬੇ ਸਮੇਂ ਵਿਚ ਉਸ ਦੇ ਨਾਲ ਚਲ ਰਹੇ ਸੈਨਿਕਾਂ ਨੂੰ ਘਰਾਂ ਤੋਂ ਚਲੇ ਲਗਭਗ ਦੋ ਸਾਲ ਹੋ ਰਹੇ ਸਨ। ਲੰਮੀਆਂ ਯਾਤਰਾਵਾਂ ਅਤੇ ਗਰਮੀ, ਵੀਰਾਨ ਜੰਗਲ, ਪਠਾਰੀ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਕਮੀ ਅਤੇ ਸੁਖਾਂ- ਸਹੂਲਤਾਂ ਤੋਂ ਸੱਖਣਾ ਜੀਵਨ ਜਿਉ ਰਹੇ ਸੈਨਿਕ ਥੱਕੇ-ਹਾਰੇ ਘਰ ਪਰਤਣ ਦੀ ਜਲਦੀ ਵਿਚ ਸਨ। ਪਰ ਉਨ੍ਹਾਂ ਦੀ ਕਿਸਮਤ ਵਿਚ ਸੁੱਖ ਕਿਥੇ? ਇੱਕ ਮੁਹਿੰਮ ਦੇ ਖਤਮ-ਹੁੰਦਿਆਂ ਹੀ ਦੂਜੀ ਉਸ ਤੋਂ ਵੀ ਮੁਸਕਿਲ ਮੁਹਿੰਮ ਸ਼ੁਰੂ ਹੋ ਜਾਂਦੀ ਸੀ। ਤਨਖਾਹ ਵੀ ਕਈ ਮਹੀਨਿਆਂ ਤੋਂ ਨਹੀਂ ਮਿਲੀ ਸੀ। ਦਿੱਲੀ ਤੋਂ ਦੱਖਣ ਭਾਰਤ ਅਤੇ ਉਥੋਂ ਸੰਢੌਰਾ ਇਲਾਕੇ ਦਾ ਸਫਰ ਲਗਭਗ 3000 ਮੀਲ ਸੀ,

ਜਿਸ ਦੌਰਾਨ ਮੌਸਮ ਦੇ ਪ੍ਰੀਵਰਤਨ ਆਦਿ ਦੇ ਕਾਰਣ ਕਈ ਸੈਨਿਕ ਬਿਮਾਰੀਆਂ ਵਿਚ ਘਿਰ ਗਏ ਸਨ ਅਤੇ ਕਈ ਯੁੱਧ ਵਿਚ ਮਾਰੇ ਗਏ ਅਤੇ ਕਈ ਜ਼ਖਮੀ ਅਪਾਹਜ਼ ਹੋ ਕੇ ਨਕਾਰਾ ਹੋ ਚੁੱਕੇ ਸਨ। ਇਸ ਲਈ ਸਾਰੇ ਪਾਸੇ ਸੈਨਿਕ ਛੁੱਟੀ ਦੀ ਮੰਗ ਕਰ ਰਹੇ ਸਨ। ਕੁਝ ਸੈਨਿਕ ਤਾਂ ਵਿਦਰੋਹ ਕਰਨ ਲਈ ਉਤਾਰੂ ਹੋ ਚੁੱਕੇ ਸਨ।

ਬੰਦਾ ਸਿੰਘ ਬਹਾਦਰ ਦਾ ਲੋਹਗੜ੍ਹ ਕਿਲ੍ਹੇ ਵਿਚੋਂ ਸੁਰੱਖਿਅਤ ਨਿਕਲ ਜਾਣਾ ਅਤੇ ਬਾਦਸ਼ਾਹ ਦੇ ਕ੍ਰੋਧਿਤ ਹੋ ਜਾਣ ਕਰਕੇ ਸੈਨਾ ਦਾ ਮਨੋ-ਬਲ ਟੁੱਟ ਚੁੱਕਾ ਸੀ। ਉਹ ਜਲਦੀ ਘਰ ਜਾਣ ਦੀ ਕੋਸ਼ਿਸ ਵਿਚ ਸਨ, ਪਰ ਬਾਦਸ਼ਾਹ ਦਾ ਹੁਕਮ ਸੀ ਕਿ ਦਲ-ਖਾਲਸਾ ਦੇ ਨਾਇਕ ਬੰਦਾ ਸਿੰਘ ਦਾ ਪਿੱਛਾ ਕਰੋ ਅਤੇ ਉਸਨੂੰ ਜਿਊਂਦਾ ਜਾਂ ਮੁਰਦਾ ਹਾਜ਼ਰ ਕਰੋ। ਸਾਰੇ ਜਾਵਦੇ ਸਨ ਕਿ ਸੰਘਣੇ ਜੰਗਲੀ ਪਰਬਤੀ ਇਲਾਕਿਆਂ ਵਿਚ ਆਜਿਹਾ ਕੰਮ ਕਰ ਲੈਣਾ ਸੰਭਵ ਨਹੀਂ ਸੀ, ਇਸ ਲਈ ਸਾਰੇ ਸਰਦਾਰ ਚੁੱਪ ਹੋ ਕੇ ਰਹਿ ਗਏ। ਇਸ ਦੇ ਉਲਟ ਲੋਹਗੜ੍ਹ ਤੋਂ ਮਿਲੇ ਧਨ ਨੂੰ ਆਪਣੀਆਂ ਤਨਖਾਹਾਂ ਦੇ ਰੂਪ ਵਿਚ ਪ੍ਰਾਪਤ ਕਰਨ ਦੀ ਦੌੜ ਵਿਚ ਉਲਝ ਗਏ, ਲੋ ਹਗੜ੍ਹ ਕਿਲੇ ਦੀ ਖੁਰਾਈ ਉਥੋ ਪ੍ਰਾਪਤ ਧਨ ਦਾ ਤਲਖਾਹਦੇ ਰੂਪ ਵਿਚ ਬਟਵਾਰਾ ਅਤੇ ਸੈਨਿਕਾਂ ਦੀ ਘਰ ਵਾਪਸੀ ਵਿਚ ਬਹੁਤ ਦਿਨ ਲੱਗ ਗਏ। ਤਦ ਸਮਰਾਟ ਨੂੰ ਸੂਚਨਾ ਮਿਲੀ ਕਿ ਖਾਲਸਾ ਦਲ ਕੋਲ ਕੀਰਤਪੁਰ ਅਤੇ ਉਸਦੇ ਨੇੜੇ ਤੇੜੇ ਦੇ ਇਲਾਕੇ ਵਿਚ ਕੋਈ ਅਜਿਹਾ ਯੋਗ ਸਰਦਾਰ ਨਹੀਂ ਹੈ ਜਿਹੜਾ ਸਿੱਖਾਂ ਦੇ ਵਿਰੁੱਧ ਨਵੀਂ ਮੁਹਿੰਮ ਲਈ ਤਿਆਰ ਹੋਵੇ, ਕਿਉਂਕਿ ਸਾਰੇ ਜਾਣਦੇ ਸਨ ਕਿ ਖਾਲਸਾ ਫੌਜ਼ ਮੁਗਲਾਂ ਦੀ ਵਿਸ਼ਾਲ ਸੈਨਾ ਦੇ ਵਿਚ ਘਿਰ ਜਾਣ ਦੇ ਕਾਰਣ ਢਬਾਅ ਵਿਚ ਆ ਕੇ ਲੋਹਗੜ੍ਹ ਛੱਡ ਚਲੇ ਗਏ ਸਨ। ਨਹੀਂ ਤਾਂ

ਖੁਲ੍ਹੇ ਮੈਦਾਨਾਂ ਵਿਚ ਤਾਂ ਉਹ ਕਿਸੇ ਨੂੰ ਨੇੜੇ ਨਹੀ ਫਟਕਣ ਦਿੰਦੇ ਅਤੇ ਉਹ ਤਾਂ ਜੀਵਨ ਮੌਤ ਦੀ ਖੇਡ ਖੇਡ ਜਾਂਦੇ, ਜਿਸ ਨਾਲ ਜਿੱਤ ਉਨ੍ਹਾਂ ਦੀ ਹੀ ਹੁੰਦੀ। ਇਸ ਲਈ ਸਿੱਖਾਂ ਨੇ ਕਹਿਲੂਰ-ਪਤੀ ਰਾਜਾ ਅਜਮੇਹਰ ਚੰਦ ਨੂੰ ਹਰਾਇਆ ਅਤੇ ਮੰਡੀ ਦੇ ਨਰੇਸ਼ ਨਾਲ ਸੰਧੀ ਕਰ ਲਈ।

ਜਦੋਂ ਬਾਦਸ਼ਾਹ ਨੂੰ ਦਲ-ਖਾਲਸੇ ਦੇ ਦੁਬਾਰਾ ਸ਼ਕਤੀ ਵਿਚ ਆਉਣ ਦੀ ਸੂਚਨਾ ਮਿਲੀ ਤਾਂ ਉਹ ਬਹੁਤ ਗੰਭੀਰ ਹੋ ਗਿਆ ਕਿਉਂਕਿ ਉਸ ਦੀ ਹਾਲਤ ਉਸ ਸਮੇਂ ਤਰਸਯੋਗ ਸੀ। ਉਸ ਨੂੰ ਲਗਿਆ ਕਿ ਜੇ ਉਹ ਇਸ ਇਲਾਕੇ ਨੂੰ ਛੱਡ ਕੇ ਦਿੱਲੀ ਜਾਂਦਾ ਹੈ ਤਾਂ ਸਿੱਖ ਦੁਬਾਰਾ ਲਾਹੌਰ ਅਤੇ ਸਢੌਰਾ ਤੇ ਕਬਜ਼ਾ ਕਰ ਲੈਣਗੇ। ਜੇ ਉਹ ਲਾਹੌਰ ਜਾਂਦਾ ਹੈ ਤਾਂ ਹੋ ਸਕਦਾ ਹੈ, ਸਿੱਖ ਉਸੇ ਉਤੇ ਗੁਰੀਲਾ ਯੁੱਧ ਦੀ ਵਰਤੋਂ ਕਰਨ ਜਿਸ ਵਿਚ ਉਹ ਨਿਪੁੰਨ ਹਨ। ਇਸ ਦੇ ਇਲਾਵਾ ਉਹ ਸਿੱਖਾਂ ਦਾ ਪਿਛਾ ਕਰਨ ਦੀ ਹਾਲਤ ਵਿਚ ਨਹੀ ਸਨ ਕਿਉਂਕਿ ਉਸ ਦੀਆਂ ਵਧੇਰੇ ਸੈਨਾਵਾਂ ਦੇ ਸੈਨਿਕ ਛੁੱਟੀ ਲੈ ਕੇ ਚਲੇ ਗਏ ਸਨ। ਇਸ ਲਈ ਉਸਨੇ ਇਥੇ ਰਹਿ ਕੇ ਹੀ ਸਮਾਂ ਬਿਤਾਉਣ ਦਾ ਫੈਸਲਾ ਲਿਆ। ਜਦੋਂ ਤੱਕ ਉਸ ਕੋਲ ਤਾਜ਼ਾ ਦਮ ਫੌਜ ਦੀ ਨਵੀਂ ਪਲਟਨ ਨਹੀ ਆ ਜਾਂਦੀ ਇਸ ਤਰ੍ਹਾਂ ਉਸ ਨੂੰ ਇਸ ਕੰਮ ਲਈ ਛੇ ਮਹੀਨੇ ਲੱਗ ਗਏ।

## ਦਲ ਖਾਲਸਾ ਦੇ ਪਤਨ ਦਾ ਕਾਰਣ

ਦਲ ਖਾਲਸਾ ਦਾ ਸੈਨਾਪਤੀ ਬੰਦਾ ਸਿੰਘ ਬਹਾਦਰ ਬਹੁਤ ਦਿਆਲੂ ਸੁਭਾਅ ਦਾ ਵਿਅਕਤੀ ਸੀ। ਜਵਾਨੀ ਵਿਚ ਉਸ ਨੇ ਹਿਰਨੀ ਦੇ ਸ਼ਿਕਾਰ ਤੋਂ ਬਾਅਦ ਪਛਤਾਵੇ

ਵਜੋਂ ਸੰਨਿਆਸ ਲੈ ਲਿਆ ਸੀ। ਇਸ ਵਾਰ ਸਰਹਿੰਦ ਦੀ ਜਿੱਤ ਬਾਅਦ ਵਾਪਰੇ ਖ਼ੂਨੀ ਕਾਂਡ ਨੇ ਉਸ ਨੂੰ ਦੁਬਾਰਾ ਸੋਚਣ ਤੇ ਮਜ਼ਬੂਰ ਕਰ ਦਿੱਤਾ ਕਿ ਉਹ ਖ਼ੂਨ – ਖਰਾਬੇ ਵਿਚ ਭਾਗ ਲਵੇ ਜਾਂ ਨਾ ਲਵੇ। ਉਹ ਆਪਣੇ ਮਨ ਦੀ ਹਾਲਤ ਕਿਸੇ ਨੂੰ ਦੱਸਣ ਤੋਂ ਅਸਮਰਥ ਮਹਿਸੂਸ ਕਰ ਰਿਹਾ ਸੀ। ਵੈਸੇ ਵੀ ਉਹ ਵਿਚਾਰ ਕਰ ਰਿਹਾ ਸੀ ਕਿ ਉਸ ਦਾ ਉਦੇਸ਼ ਪੂਰਾ ਹੋ ਗਿਆ, ਜਿਹੜਾ ਕਿ ਉਸਦੇ ਗੁਰੂਦੇਵ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ। ਉਹ ਸਰਹਿੰਦ ਨੂੰ ਆਪਣੀ ਰਾਜਧਾਨੀ ਬਣਾਉਣਾ ਚਾਹੁੰਦਾ ਸੀ ਪਰ ਉਸ ਦੀ ਪੰਚਾਇਤ ਸਰਹਿੰਦ ਨਗਰ ਨੂੰ ਸਰਾਪਿਆ ਹੋਇਆ ਨਗਰ ਮੰਨਦੀ ਸੀ। ਇਸ ਤਰ੍ਹਾਂ ਮੁਸਲਿਖ ਗੜ੍ਹ (ਲੋਹਗੜ੍ਹ) ਨਾਹਨ ਰਿਆਸਤ ਵਿਚ ਆ ਗਿਆ। ਇਹ ਸਥਾਨ ਉਸ ਦੇ ਮਨ ਨੂੰ ਬਹੁਤ ਚੰਗਾ ਲਗਿਆ ਕਿਉਕਿ ਇਹ ਦਿਲਖਿਚਵਾਂ ਇਲਾਕਾ ਸੀ। ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਮਨੋਹਰ ਘਟਾਵਾਂ ਵਾਲਾ ਇਹ ਇਲਾਕਾ ਉਸ ਨੂੰ ਇਕਾਂਤਵਾਸ ਲਈ ਬਹੁਤ ਹੀ ਸਹੀ ਪ੍ਰਤੀਤ ਹੋਇਆ। ਇਥੇ ਉਹ ਸਾਧਨਾ (ਤਪੱਸਿਆ) ਕਰਨ ਦੇ ਵਿਚਾਰ ਨਾਲ ਰਹਿਣ ਲੱਗਾ ਅਤੇ ਇਥੋਂ ਹੀ ਦਲ ਖਾਲਸਾ ਨੂੰ ਆਦੇਸ਼ ਦੇਣ ਲੱਗਾ। ਪਰ ਉਸ ਦਾ ਉਦੇਸ਼ ਕੋਈ ਸਾਮਰਾਜ ਬਣਾਉਣਾ ਨਹੀ ਸੀ। ਜੋ ਵੀ ਧਨ – ਦੌਲਤ ਉਸ ਦੇ ਹੱਥ ਆਈ, ਸਾਰੀ ਉਸ ਨੇ ਆਪਣੇ ਸੈਨਿਕਾਂ ਵਿਚ ਵੰਡ ਦਿੱਤੀ ਅਤੇ ਆਪਣੇ ਲਈ ਕੁਝ ਵੀ ਨਾ ਰਖਿਆ। ਜਿਹੜਾ ਧਨ ਲੋਹਗੜ੍ਹ ਵਿਚ ਸੁੱਰਖਿਅਤ ਸੀ, ਉਹ ਦਲ ਖਾਲ਼ਸੇ ਦੇ ਅਗਲੇ ਕੰਮਾਂ ਲਈ ਦੇ ਦਿੱਤਾ। ਉਸਨੇ ਆਪ ਯੁੱਧ ਵਿਚ ਹਿੱਸਾ ਲੈਣਾ ਛੱਡ ਦਿੱਤਾ, ਸਿਰਫ ਭਗਤੀ ਵਿਚ ਹੀ ਮਗਨ ਰਹਿਣ ਲੱਗਾ। ਇਹ ਉਸਦਾ ਸੁਭਾਅ ਬਣ ਗਿਆ ਸੀ। ਉਸ ਨੂੰ ਇਹ ਵੀ ਗਿਆਨ ਸੀ ਕਿ

ਸ਼ਕਤੀ ਕੇ ਉਹ ਤੀਰ ਜਿਹੜੇ ਉਸ ਨੂੰ ਗੁਰੂਦੇਵ ਨੇ ਪ੍ਰਸ਼ਾਦ ਦੇ ਰੂਪ ਵਿਚ ਦਿੱਤੇ ਸਨ, ਖ਼ਤਮ ਹੋ ਚੁੱਕੇ ਹਨ। ਇਸ ਤਰ੍ਹਾਂ ਉਹ ਮੁਸ਼ਕਿਲ ਸਮੇਂ ਵਿਚ ਗੁਪਤ ਸ਼ਕਤੀਆਂ ਦੀ ਵਰਤੋਂ ਨਹੀ ਕਰ ਸਕਦਾ ਸੀ। ਕਿਉਂਕਿ ਉਸ ਦੀਆਂ ਗੁਪਤ ਸ਼ਕਤੀਆਂ ਦੁਸ਼ਮਣਾਂ ਨੇ ਪ੍ਰਤੱਖ ਵੇਖੀਆਂ ਸਨ ਇਸ ਲਈ ਉਹ ਉਸ ਨੂੰ ਇਕ ਜਾਦੂਗਰ ਹੀ ਮੰਨਦੇ ਸਨ। ਸਿੱਟੇ ਵਜੋਂ ਮੁਗਲ ਸੈਨਾ ਬੰਦਾ ਸਿੰਘ ਦੇ ਨਾਂ ਤੋਂ ਕੰਬਦੀ ਸੀ ਅਤੇ ਹਿੰਮਤ ਹਾਰ ਕੇ ਮੈਦਾਨ ਛੱਡ ਕੇ ਭੱਜ ਜਾਂਦੀ ਸੀ। ਦਲ ਖਾਲਸਾ ਨੇ ਮੁਗਲਾਂ ਵਿਚ ਫੈਲੀ ਹੋਈ ਇਸ ਦਹਿਸ਼ਤ ਦਾ ਪੂਰਾ-ਪੂਰਾ । ਜਿਥੇ ਵੀ ਦੁਸ਼ਮਣਾ ਤੇ ਹਮਲੇ ਕੀਤੇ ਉਥੇ ਹੀ ਅਫਵਾਹਾਂ ਫੈਲਾ ਦਿੱਤੀਆਂ ਕਿ ਬੰਦਾ ਸਿੰਘ ਖੁਦ ਯੁੱਧ ਵਿਚ ਸ਼ਾਮਲ ਹੈ। ਬਸ ਫਿਰ ਕੀ ਸੀ? ਦੁਸ਼ਮਣ ਸੈਨਾ ਹਿੰਮਤ ਹਾਰ ਭੱਜ ਜਾਂਦੀ ਸੀ।

ਸਰਹਿੰਦ ਜਿੱਤਣ ਤੋਂ ਬਾਅਦ ਜਿਥੇ ਦਲ ਖਾਲਸਾ ਦੇ ਹੱਥ ਕਰੋੜਾਂ ਦਾ ਖਜ਼ਾਨਾ ਆਇਆ ਉਥੇ ਉਸ ਦੇ ਸੈਨਿਕ ਲੰਮੀ ਲੜਾਈ ਤੋਂ ਅੱਕੇ ਹੋਏ ਘਰਾਂ ਨੂੰ ਵਾਪਸ ਜਾਣਾ ਚਾਹੰਦੇ ਸਨ। ਕਿਉਂਕਿ ਪ੍ਰਾਪਤ ਕੀਤੀ ਤਨਖਾਹ ਤੇ ਇਨਾਮ ਪਰਿਵਾਰ ਨੂੰ ਦੇਣਾ ਚਾਹੁੰਦੇ ਸਨ। ਇਸ ਲਈ ਜਲਦੀ ਹੀ ਦਲ-ਖਾਲਸਾ ਦੀ ਗਿਣਤੀ ਘੱਟ ਹੋ ਗਈ। ਸਿੱਖ ਜਿਸ ਤਰ੍ਹਾਂ ਉਦੇਸ਼ ਦੀ ਪ੍ਰਾਪਤੀ ਲਈ ਇਕੱਠੇ ਹੋਏ ਸਨ, ਉਸੇ ਤਰ੍ਹਾਂ ਹੀ ਖਿੰਡ -ਪੁੰਡ ਗਏ। ਪਰ ਦਲ-ਖਾਲਸਾ ਦੇ ਨੇਤਾਵਾਂ ਨੇ ਦਲ ਦੇ ਸਾਰੇ ਮੈਬਰਾਂ ਨੂੰ ਆਦੇਸ਼ ਦਿੱਤਾ ਕਿ ਉਹ ਜਿਥੇ ਵੀ ਹਨ, ਉਥੋਂ ਹੀ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕਰ ਦੇਣ। ਇਸ ਤਰ੍ਹਾਂ ਸਿੱਖਾਂ ਨੇ ਇਕੋ ਵੇਲੇ ਚਾਰ ਵੱਖੋ-ਵਖਰਿਆਂ ਇਲਾਕਿਆਂ ਵਿਚ ਸਵਤੰਤਰਤਾ ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਪਹਿਲਾ ਸੰਗਰਾਮ

ਯਮੁਨਾ-ਗੰਗਾ ਦੇ ਵਿਚਕਾਰਲਾ ਇਲਾਕਾ ਸਹਾਰਨਪੁਰ ਆਦਿ, ਦੂਜਾ ਮਾਲਵਾ ਜਿਸ ਵਿਚ ਸਰਹਿੰਦ ਵੀ ਸੀ, ਤੀਜਾ ਸਤਲੁਜ ਨਦੀ ਅਤੇ ਦੋ ਪਾਣੀਆਂ ਦੇ ਵਿਚਲਾ ਇਲਾਕਾ ਜਲੰਧਰ, ਹੁਸਿਆਰਪੁਰ ਆਦਿ ਅਤੇ ਚੌਥਾ ਸੀ ਲਾਹੌਰ, ਅੰਮ੍ਰਿਤਸਰ ਗੁਰਦਾਸਪੁਰ ਆਦਿ ਨਗਰਾਂ ਦਾ ਇਲਾਕਾ (ਮਾਝਾ) । ਜਿੱਤਾਂ ਪ੍ਰਾਪਤ ਕਰਨ ਨਾਲ ਸਿੱਖਾਂ ਦਾ ਆਤਮ-ਵਿਸ਼ਵਾਸ ਜਾਗਰਿਤ ਹੋ ਗਿਆ ਸੀ। ਇਸ ਦੇ ਉਲਟ ਮੁਗਲਾਂ ਦਾ ਮਨੋਬਲ ਟੁੱਟ ਗਿਆ ਸੀ ਕਿ ਉਹ ਹਰਾਏ ਨਹੀਂ ਜਾ ਸਕਦੇ। ਇਸ ਮਾਨਸਿਕ ਪ੍ਰਸਥਿਤੀ ਦੇ ਕਾਰਣ ਸਭ ਕੁਝ ਉਲਟਾ-ਪੁਲਟਾ ਹੋ ਗਿਆ ਸੀ, ਛੇ ਮਹੀਨਿਆਂ ਵਿਚ ਹੀ ਸਿੱਖਾਂ ਨੇ ਇਕੱਠੇ ਹੋ ਕੇ ਸਥਾਨਕ ਪ੍ਰਸ਼ਾਸਨ ਨੂੰ ਹਰਾ ਕੇ ਤਾਕਤ ਆਪਣੇ ਹੱਥ ਵਿਚ ਲੈ ਲਈ ਸੀ। ਪ੍ਰ ਵਿਸ਼ਾਲ ਇਲਾਕਿਆਂ ਵਿਚ ਫੈਲੇ ਹੋਏ ਸਿੱਖਾਂ ਨੂੰ ਇੱਕ ਕੇਂਦਰੀ ਸ਼ਕਤੀ ਬਣਾਉਣ ਵਿਚ ਅਜੇ ਕੁਝ ਹੋਰ ਸਮੇਂ ਦੀ ਲੋੜ ਸੀ। ਇਸ ਤੋਂ ਪਹਿਲਾ ਕਿ ਉਹ ਆਪਣੀ ਗਿਣਤੀ ਵਧਾ ਸਕਦੇ, ਬਾਦਸ਼ਾਹ ਬਹਾਦੁਰਸ਼ਾਹ ਨੇ ਦਲ ਖਾਲਸਾ ਦੇ ਵਿਰੁੱਧ ਮੁਹਿੰਮ ਚਲਾਉਣ ਦਾ ਮਨ ਬਣਾ ਕੇ ਉਨ੍ਹਾਂ ਉਤੇ ਬਹੁਤ ਵੱਡਾ ਹਮਲਾ ਕਰ ਦਿੱਤਾ। ਕਰਨਾਲ ਦੇ ਨੇੜੇ ਤਰਾਵੜੀ ਦੇ ਜੰਗਲੀ ਇਲਾਕੇ ਅਤੇ ਅਮੀਨਗੜ੍ਹ ਦੇ ਮੈਦਾਨ ਰਣ-ਭੂਮੀ ਬਣੀ। ਇਥੇ ਸਥਾਨਕ ਸਿੱਖ ਪਲਟਨਾਂ ਦੇ ਜਰਨੈਲ ਸਰਦਾਰ ਵਿਨੋਦ ਸਿੰਘ ਤੇ ਸ਼ਾਮ ਸਿੰਘ ਨੇ ਬਹੁਤ ਵੱਡੀ ਤਰਕੀਬ ਨਾਲ ਵਿਸ਼ਾਲ ਮੁਗਲ ਸੈਨਾ ਨੂੰ ਆਪਣੀ ਘਟ ਗਿਣਤੀ ਦੀ ਫੌਜ ਦੇ ਬਾਵਜੂਦ ਜਰਨੈਲੀ ਸੜਕ ਤੇ ਦੁਸ਼ਮਣਾਂ ਉਪਰ ਜੰਗਲਾਂ ਵਿਚੋਂ ਘਾਤ ਲਾ ਕੇ ਹਮਲਾ ਕਰ ਦਿੱਤਾ। ਇਸ ਦਾ ਸਿੱਟਾ ਪਹਿਲਾ-ਪਹਿਲ ਤਾ ਬਹੁਤ ਚੰਗਾ ਰਿਹਾ ਪਰ ਗਿਣਤੀ ਦੇ ਪੱਖੋਂ ਦਲ ਖਾਲਸਾ ਇਥੇ ਆਟੇ ਵਿਚ ਲੂਣ ਬਰਾਬਰ ਸੀ। ਅਖੀਰ ਹੌਲੀ-ਹੌਲੀ ਸਿੱਖ ਪਿੱਛੇ ਹੱਟਣ ਲੱਗੇ। ਠੀਕ ਇਸ ਤਰ੍ਹਾਂ ਉਹ ਆਪਣੇ ਬਾਕੀ

ਜਿੱਤੇ ਹੋਏ ਇਲਾਕਿਆਂ ਨੂੰ ਵੀ ਖਾਲੀ ਕਰਦੇ ਹੋਏ ਪਿੱਛੇ ਹੱਟਦੇ ਗਏ ਕਿਉਂਕਿ ਕਿਤੋਂ ਵੀ ਹੋਰ ਨਵੀਂ ਫੌਜ਼ ਦੇ ਆਉਣ ਦੀ ਆਸ ਨਵੀਂ ਸੀ। ਇਸ ਉਥਲ-ਪੁਥਲ ਵਿਚ ਬਹੁਤ ਸਾਰੇ ਸਿੱਖ ਯੋਧੇ ਸ਼ਹੀਦ ਹੋ ਗਏ ਅਤੇ ਖਿੱਲਰ ਵੀ ਗਏ, ਕਈ ਭਟਕ ਦੇ ਘਰਾਂ ਨੂੰ ਮੁੜ ਆਏ। ਲਗਭਗ ਇਹੀ ਸਥਿਤੀ ਸਢੌਰਾ ਅਤੇ ਲੋਹਗੜ੍ਹ ਕਿਲ੍ਹਿਆਂ ਦੇ ਆਲੇ-ਦੁਆਲੇ ਹੋਈ। ਬਹੁਤ ਵੱਡੀ ਗਿਣਤੀ ਵਿਚ ਸਿੱਖ ਸੈਨਿਕ ਆਪਣੇ ਦਲ ਤੋਂ ਭਟਕ ਕੇ ਖਿਲਰ ਗਏ ਅਤੇ ਪਰਬਤਾਂ ਅਥਵਾ ਦੂਰ-ਦਰਾਜ ਦੀਆਂ ਘਾਟੀਆਂ ਵਿਚ ਸਮਾਂ ਬਿਤਾਉਣ ਲੱਗੇ। ਕੁਝ ਦਿਨਾਂ ਬਾਅਦ ਜਦੋਂ ਉਨ੍ਹਾਂ ਨੂੰ ਬੰਦਾ ਸਿੰਘ ਦੁਆਰਾ ਲਿਖੇ 'ਹੁਕਮਨਾਮੇ' ਕੀਰਤਪੁਰ ਸਾਹਿਬ ਤੋਂ ਪ੍ਰਾਪਤ ਹੋਏ ਤਾਂ ਉਹ ਤੁਰੰਤ ਉਥੇ ਇਕੱਠੇ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਉਹ ਸਾਰੇ ਦਲ ਅਤੇ ਪਲਟਨਾਂ ਸੀ ਜੋ ਭਿੰਨ - ਭਿੰਨ ਇਲਾਕਿਆਂ ਵਿਚ ਤੈਨਾਤ ਸਨ, ਜਿਹੜੀਆਂ ਮੁਗਲਾਂ ਨਾਲ ਵੱਡੇ ਸੰਗਰਾਮ ਦੇ ਸਮੇਂ ਪਹੁੰਚ ਨਹੀ ਸਕੀਆਂ ਸਨ। ਜਿਵੇਂ ਹੀ ਮੁਗਲ ਸਮਰਾਟ ਨੂੰ ਸਿੱਖਾਂ ਦੇ ਵਿਸ਼ਾਲ ਸੈਨਿਕ ਇੱਕਠ ਦੀ ਖਬਰ ਪਹੁੰਚੀ, ਉਹ ਭੈ-ਭੀਤ ਹੋ ਗਿਆ, ਕਿਉਂਕਿ ਹੁਣ ਉਸ ਕੋਲ ਉਹ ਵਿਸ਼ਾਲ ਸੈਨਿਕ ਸ਼ਕਤੀ ਨਹੀ ਸੀ।

## 'ਬੰਦਾ ਸਿੰਘ ਪਰਬਤੀ ਇਲਾਕਿਆਂ ਵਿਚ'

ਖਾਲਸਾ -ਦਲ ਦੇ ਨਾਇਕ ਬੰਦਾ ਸਿੰਘ ਅਤੇ ਉਸਦੇ ਸੈਨਿਕਾ ਦਾ ਲੋਹਗੜ੍ਹ ਕਿਲ੍ਹੇ ਵਿਚੋਂ ਸੁਰੱਖਿਅਤ ਨਿਕਲ ਜਾਣਾ, ਸਿੱਖਾਂ ਦੀ ਹਾਰ ਨਹੀਂ ਕਹੀ ਜਾ ਸਕਦੀ। ਇਹ ਠੀਕ ਹੈ ਕਿ ਦਲ-ਖਾਲਸਾ ਨੂੰ ਲੋਹਗੜ੍ਹ ਅਤੇ ਸਤਰਾਗੜ੍ਹ ਕਿਲ੍ਹੇ ਖਾਲੀ ਕਰਨੇ

ਪਏ ਅਤੇ ਉਹ ਬਾਦਸ਼ਾਹੀ ਸੈਨਾ ਦੇ ਹੱਥ ਆ ਗਏ। ਪਰ ਬਾਦਸ਼ਾਹ ਦਾ ਹੁਕਮ ਇਹ ਸੀ ਕਿ ਸਿੱਖ ਨੇਤਾ ਬੰਦਾ ਸਿੰਘ ਨੂੰ ਫੜ੍ਹ ਕੇ ਹਾਜਰ ਕੀਤਾ ਜਾਵੇ। ਇਸ ਕਾਰਜ ਲਈ ਬਾਦਸ਼ਾਹ ਲੋਹੇ ਦਾ ਇੱਕ ਪਿੰਜਰਾ ਵੀ ਬਣਵਾ ਕੇ ਨਾਲ ਲਿਆਇਆ ਸੀ। ਵਜੀਰ ਮੁਨੀਮ ਖਾਨ ਨੇ ਬਾਦਸ਼ਾਹ ਨੂੰ ਸ਼ਿਰਫ ਵਿਸ਼ਵਾਸ ਹੀ ਨਹੀ ਦਿਵਾਲਿਆ ਸੀ, ਬਲਕਿ ਪੂਰੀ ਜ਼ਿਮੇਵਾਰੀ ਲਈ ਸੀ ਕਿ ਉਹ ਸਿੱਖ ਨੇਤਾ ਨੂੰ ਫੜ ਕੇ ਹੀ ਹਾਜਰ ਹੋਵੇਗਾ। ਇਸ ਯੁੱਧ ਵਿਚ ਬਾਦਸ਼ਾਹ ਦੇ ਸਭ ਤੋਂ ਵੱਡੇ ਅਮੀਰ ਅਤੇ ਸਰਦਾਰ ਸ਼ਾਮਲ ਹੋਏ ਸਨ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਵੀ ਦਿੱਤੀ ਗਈ ਸੀ। ਯੁੱਧ ਸਮੱਗਰੀ ਦੀ ਵੀ ਕੋਈ ਕਮੀ ਨਹੀ ਸੀ। (ਲੋੜੀਦੀ) ਕਾਫੀ ਗਿਣਤੀ ਵਿਚ ਬਲੋਚ ਅਤੇ ਰੋਹੇਲੇ ਪਠਾਣ, ਲੁਟੇਰੇ ਅਤੇ ਤਨਖਾਹਦਾਰ ਸੈਨਿਕ ਵੀ ਇੱਕਠੇ ਕੀਤੇ ਸਨ। ਸਭ ਤੋਂ ਵੱਡੀ ਗੱਲ ਇਹ ਸੀ ਕਿ ਖੁਦ ਬਾਦਸ਼ਾਹ ਵੀ ਇਸ ਹਮਲੇ ਦੇ ਸਮੇਂ ਹਾਜ਼ਰ ਸੀ। ਐਨਾ ਸਭ ਕੁਝ ਹੁੰਦਿਆਂ ਹੋਇਆਂ ਵੀ ਬੰਦਾ ਸਿੰਘ ਅਤੇ ਉਸਦੇ ਪ੍ਰਮੁਖ ਸਾਥੀ ਤਲਵਾਰਾਂ ਹੱਥਾਂ ਵਿਚ ਲੈ ਕੇ ਸੱਠ ਹਜ਼ਾਰ ਮੁਗਲ ਸੈਨਾ ਦੀਆਂ ਲਾਈਨਾਂ ਚੀਰਦੇ ਹੋਏ ਬਚ ਕੇ ਨਿਕਲ ਗਏ । ਬਾਦਸ਼ਾਹ, ਸ਼ਹਿਜ਼ਾਦੇ, ਵਜੀਰ, ਬਖਸ਼ੀ-ਉਲ-ਮੁਲਕ, ਹਿੰਦੂ-ਰਾਜਪੂਤ, ਬੁੰਦਲੇ ਰਾਜਾ ਅਤੇ ਜਾਟ ਹੱਥ ਮਲਦੇ ਹੀ ਰਹਿ ਗਏ, ਪਰ ਕਿਸੇ ਦੀ ਇੱਕ ਨਾ ਚਲ ਸਕੀ, ਹਮਲੇ ਦੇ ਉਦੇਸ਼ ਵਿਚ ਅਸਫਲ ਹੋਇਆ ਬਾਦਸ਼ਾਹੀ ਵਜੀਰ ਨਿਰਾਸ਼ ਗਰਦਨ ਨੀਵੀ ਕਰਕੇ ਰਣਭੂਮੀ ਤੋਂ ਪਰਤ ਆਇਆ। ਬਾਦਸ਼ਾਹ ਨੇ ਵਾਜੇ ਬੰਦ ਕਰਵਾ ਦਿੱਤੇ ਅਤੇਂ ਬਖਸ਼ੀ-ਉਲ-ਮੁਲਕ ਮਹਾਵਤ ਖਾਨ ਨੂੰ ਮਿਲਣ ਤੋਂ ਇਨਕਾਰ ਕਰਕੇ ਉਨ੍ਹਾਂ ਨੂੰ ਆਪਣੇ-ਆਪਣੇ ਡੇਰੇ ਜਾਣ ਦਾ ਹੁਕਮ ਦਿੱਤਾ।

ਬਾਦਸ਼ਾਹ ਦੇ ਕ੍ਰੋਧ ਵਿਚ ਹੋਣ ਅਤੇ ਅਪਮਾਨ ਜਨਕ ਸ਼ਬਦ ਕਹਿਣ ਕਰਕੇ ਵੱਡਾ ਵਜੀਰ ਦੁਖੀ ਹੋ ਕੇ ਸ਼ਾਹੀ ਦਰਬਾਰ ਵਿਚੋਂ ਉਠ ਕੇ ਚਲਾ ਗਿਆ। ਇਹ ਸਭ ਕੁਝ ਇਸ ਗੱਲ ਦਾ ਸਬੂਤ ਹੈ ਕਿ ਬਾਦਸ਼ਾਹੀ ਲਸ਼ਕਰ ਅਸਲ ਵਿਚ ਆਪਣੇ ਹਮਲੇ ਵਿਚ ਅਸਫਲ ਰਿਹਾ ਸੀ।

ਇਸ ਵਿਚ ਕੋਈ ਸ਼ੱਕ ਨਹੀ ਕਿ ਬੰਦਾ ਸਿੰਘ ਨੂੰ ਕਿਲ੍ਹੇ ਖਾਲੀ ਕਰਨੇ ਪਏ ਪਰ ਉਸ ਨੂੰ ਅਹਿਸਾਸ ਸੀ ਕਿ ਘੱਟ ਗਿਣਤੀ ਫੌਜ ਅਤੇ ਯੁੱਧ ਸਮੱਗਰੀ ਦੀ ਘਾਟ ਦੇ ਕਾਰਨ ਕਿਲ੍ਹੇ ਵਿਚ ਰਹਿ ਕੇ ਸ਼ਾਹੀ ਸੈਨਾ ਨੂੰ ਭਜਾਇਆ ਨਹੀਂ ਜਾ ਸਕਦਾ। ਆਪਣੇ ਆਰੰਭ ਕੀਤੇ ਗਏ ਇਸ ਕੰਮ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਇਥੋਂ ਬਚ ਕੇ ਨਿਕਲਣਾ ਜ਼ਰੂਰੀ ਸੀ ਅਤੇ ਉਹ ਇਸ ਉਦੇਸ਼ ਵਿਚ ਸਫਲ ਹੋਏ।

ਸਿੱਖਾ ਨੇ ਪਾਣੀਪਤ ਤੋਂ ਲੈ ਕੇ ਲਾਹੌਰ ਦੇ ਨੇੜੇ ਤੱਕ ਪੰਜਾਬ ਦੇ ਅੱਠ ਜਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਪਟਿਆਲਾ, ਅੰਬਾਲਾ ਅਤੇ ਕਰਨਾਲ ਅਤੇ ਇਸ ਦੇ ਨੇੜੇ- ਤੇੜੇ ਦਾ ਇਲਾਕਾ ਜਿੱਤ ਲਿਆ। ਸ਼ਾਇਦ ਹੀ ਕਿਤੇ ਵਿਚ-ਵਿਚਾਲੇ ਕੋਈ ਛੋਟੇ-ਛੋਟੇ ਟੁਕੜੇ ਜਿੱਤਣ ਤੋਂ ਰਹਿ ਗਏ ਹੋਣਗੇ। ਪਰ ਇਸ ਸਮੁੱਚੇ ਇਲਾਕੇ ਤੇ ਸਿੱਖਾਂ ਦਾ ਅਧਿਕਾਰ ਹਾਲੀ ਸਥਾਪਤ ਨਹੀਂ ਹੋਇਆ ਸੀ। ਇੱਕ ਤਾਂ ਬੰਦਾ ਸਿੰਘ ਦੇ ਕੋਲ ਲੋੜ ਅਨੁਸਾਰ ਨਿਯਮਿਤ ਸੈਨਾ ਨਹੀਂ ਸੀ ਦੂਜਾ ਨਵੇਂ ਹਮਲਿਆਂ ਲਈ ਹਰ ਸਥਾਨ ਤੇ ਸਥਾਨਕ ਦਲ ਹੀ ਕੰਮ ਕਰਦੇ ਸਨ। ਥੋੜ੍ਹੀ -ਬਹੁਤ ਜਿਹੜੀ ਸੈਨਾ ਸੀ, ਉਹ ਜਿੱਤੇ ਹੋਏ ਇਲਾਕਿਆਂ ਵਿਚ ਖਿੰਡੀ-ਪੁੰਡੀ ਸੀ। ਯੁੱਧ ਸਮੱਗਰੀ ਵੀ ਬਹੁਤ ਘੱਟ ਸੀ। ਸਮਾਣਾ ਨਗਰ ਤੇ ਅਧਿਕਾਰ ਕਰਨ ਤੋਂ

ਲੈ ਕੇ ਲੋਹਗੜ੍ਹ ਕਿਲ੍ਹੇ ਤੇ ਅਧਿਕਾਰ ਕਰਨ ਤੱਕ ਜੋ ਕੁਝ ਵੀ ਬਣਾਇਆ ਸੀ। ਉਹ ਇੱਕ ਸਾਲ ਦੇ ਵਿਚ ਹੀ ਬਣਾਇਆ ਸੀ, ਇਨ੍ਹਾਂ ਹਾਲਾਤਾਂ ਵਿਚ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਦੇ ਲਈ ਸੱਠ ਹਜ਼ਾਰ ਨਿਯਮਿਤ ਮੁਗਲ ਸੈਨਾ ਅਤੇ ਹੋਰ ਅਣਗਿਣਤ ਗਾਜ਼ੀਆਂ ਦਾ, ਸਮੱਗਰੀ (ਰਸਦੀ) ਅਤੇ ਗੋਲਾ-ਬਾਰੂਦ ਤੋਂ ਬਿਨ੍ਹਾਂ ਲੰਬੇ ਸਮੇਂ ਤੱਕ ਮੁਕਾਬਲਾ ਕਰ ਸਕਣਾ ਬਹੁਤ ਮੁਸ਼ਕਿਲ ਸੀ। ਪਰ ਫਿਰ ਵੀ ਬੰਦਾ ਸਿੰਘ ਅਤੇ ਉਸਦੇ ਮੁੱਠੀ ਭਰ ਸਾਥੀ ਇਤਨੀ ਵੱਡੀ ਮੁਗਲ ਬਾਦਸ਼ਾਹੀ ਸ਼ਕਤੀ ਦੇ ਹੁੰਦਿਆਂ, ਉਨ੍ਹਾਂ ਨੂੰ ਤੁੱਛ ਸਾਬਤ ਕਰਨ ਵਿਚ ਸਫਲ ਹੋ ਗਏ।

ਬੰਦਾ ਸਿੰਘ ਨੇ ਆਪਣੇ ਕਿਲ੍ਹੇ ਅਤੇ ਖਜਾਨਾ ਖੁੱਸ ਜਾਣ ਤੋਂ ਨਿਰਾਸ਼ ਹੋ ਕੇ ਹੌਸਲਾ ਨਹੀਂ ਛੱਡਿਆ, ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਸ਼ਕਤੀ ਅਤੇ ਸਫਲਤਾ ਦੇ ਪ੍ਰਮੁੱਖ ਸਾਧਨ ਇਹ ਨਹੀ ਸਨ। ਇਹ ਤਾਂ ਉਨ੍ਹਾਂ ਦੀਆਂ ਜਿੱਤਾਂ ਅਤੇ ਸਫਲਤਾਵਾਂ ਦੇ ਕਰਕੇ ਖੁਦ ਉਨ੍ਹਾਂ ਦੇ ਹੱਥ ਆਏ ਸਨ। ਅਸਲ ਵਿਚ ਉਨ੍ਹਾਂ ਦੀ ਜਿੱਤ ਖਾਲਸੇ ਦੀ ਚੜ੍ਹਦੀ ਕਲਾ ਸੀ, ਜਿਸ ਉਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ। ਲੋਹਗੜ੍ਹ ਦੇ ਕਿਲੋਂ ਵਿਚੋਂ ਨਿਕਲਣ ਦੇ ਬਾਰ੍ਹਵੇਂ ਦਿਨ ਹੀ ਬੰਦਾ ਸਿੰਘ ਨੇ ਖਾਲਸਾ ਜਗਤ ਦੇ ਨਾਂ ਤੇ ਪੱਤਰ ਪ੍ਰਸਾਰਿਤ ਕੀਤੇ, ਜਿਨ੍ਹਾਂ ਨੂੰ ਲੋਕਾਂ ਨੇ 'ਹੁਕਮਨਾਮੇ' ਦਾ ਨਾਂ ਦਿੱਤਾ, ਇਨ੍ਹਾਂ ਵਿਚ ਲਿਖਿਆ ਸੀ ਕਿ ਆਦੇਸ਼ ਦੇਖਦਿਆਂ ਹੀ। ਖਾਲਸਾ ਉਨ੍ਹਾਂ ਦੇ ਕੋਲ ਪਹੁੰਚ ਜਾਏ। ਮਿਤੀ 12 ਪੋਹ ਸੰਮਤ 1767 (1● ਦਸੰਬਰ 171●)

ਲੋਹਗੜ੍ਹ ਵਿਚ ਹੋਈ ਹਾਨੀ ਤੋਂ ਵੀ ਖਾਲਸਾ ਨਿਰਾਸ਼ ਨਹੀਂ ਸੀ ਹੋਇਆ, ਹੁਕਮਨਾਮੇ ਪ੍ਰਾਪਤ ਹੋਣ ਦੀ ਦੇਰ ਸੀ ਕਿ ਜਿਨ੍ਹਾਂ ਨੂੰ ਪਤਾ ਲੱਗਾ ਉਹ ਸਾਰੇ ਚਹੁੰਆਂ

ਪਾਸਿਆਂ ਤੋਂ ਕੀਰਤਪੁਰ ਇਕੱਠੇ ਹੋਣ ਲੱਗੇ ਉਨ੍ਹਾਂ ਨੂੰ ਵੇਖ ਕੇ ਬੰਦਾ ਸਿੰਘ ਦਾ ਹੌਸਲਾ ਫਿਰ ਤੋਂ ਵੱਧ ਗਿਆ। ਜਲਦੀ ਹੀ ਉਨ੍ਹਾਂ ਨੂੰ ਲਗਿਆ ਕਿ ਉਹ ਸ਼ਿਵਾਲਿਕ ਪਰਬਤ ਦੇ ਦੇਸੀ ਰਾਜਿਆਂ ਦੇ ਵਿਰੁੱਧ ਹਮਲਾ ਕਰ ਸਕਣ ਵਿਚ ਸਮਰੱਥ ਹੋ ਗਏ ਹਨ।

ਬੰਦਾ ਸਿੰਘ ਦੀ ਨਜ਼ਰ ਸਭ ਤੋਂ ਪਹਿਲਾਂ ਰਾਜਾ ਭੀਮ ਚੰਦ ਦੇ ਪੁੱਤਰ ਅਜਮਿਹਰ ਚੰਦ ਕਹਿਲੂਰੀ ਤੇ ਪਈ, ਇਸ ਦਾ ਵੱਡਾ ਕਾਰਣ ਇਹ ਵੀ ਸੀ ਕਿ ਉਹ ਸ਼ੁਰੂ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਸ਼ਮਣੀ ਕਰਦਾ ਆ ਰਿਹਾ ਸੀ। ਪਰ ਉਸ ਨੂੰ ਕਦੇ ਸਫਲਤਾ ਨਹੀ ਮਿਲੀ ਸੀ। ਇਸ ਲਈ ਉਸਨੇ ਸਰਹਿੰਦ ਅਤੇ ਲਾਹੌਰ ਦੇ ਮੁਗਲ ਸ਼ਾਸ਼ਕਾਂ ਨਾਲ ਗੱਠ-ਜੋੜ ਕਰ ਲਿਆ ਸੀ। ਪਰ ਬੰਦਾ ਸਿੰਘ ਕਿਸੇ ਤੇ ਅਚਾਨਕ ਹਮਲਾ ਨਹੀ ਕਰਦਾ ਸੀ। ਆਪਣੀ ਪਰੰਪਰਾ ਅਨੁਸਾਰ ਬੰਦਾ ਸਿੰਘ ਨੇ ਪਰਵਾਨਾ ਦੇ ਕੇ ਉਨ੍ਹਾਂ ਕੋਲ ਵਿਸ਼ੇਸ਼ ਦੂਤ ਭੇਜਿਆ ਕਿ ਉਹ ਅਧੀਨਤਾ ਸਵੀਕਾਰ ਕਰ ਲਵੇ। ਨਰੇਸ ਅਜਮੇਹਰ ਦਾ ਅਪਰਾਧੀ ਮਨ ਪਹਿਲਾਂ ਤੋਂ ਹੀ ਧੜਕ ਰਿਹਾ ਸੀ। ਸਰਹਿੰਦ ਉਤੇ ਦਲ ਖਾਲਸੇ ਦੀ ਜਿੱਤ ਨੇ ਉਸਨੂੰ ਭੈ-ਭੀਤ ਕਰ ਦਿੱਤਾ ਸੀ ਕਿ ਉਹ ਉਨ੍ਹਾਂ ਦੇ ਹਮਲੇ ਤੋਂ ਨਹੀਂ ਬਚ ਸਕਦਾ। ਇਸ ਲਈ ਉਸਨੇ ਜਲੰਧਰ, ਜ਼ਿਮੀਦਾਰਾਂ ਅਤੇ ਗੁਆਂਢੀ ਪਰਬਤੀ ਨਰੇਸ਼ਾ ਨੂੰ ਆਪਣੀ ਸਹਾਇਤਾ ਲਈ ਬੁਲਾ ਲਿਆ। ਉਸਨੇ ਬਿਲਾਸਪੁਰ ਦੀ ਕਿਲ੍ਹੇਬੰਦੀ ਚੰਗੀ ਤਰ੍ਹਾਂ ਨਿਸ਼ਚਿਤ ਕਰ ਲਈ ਅਤੇ ਸਿੱਖਾਂ ਦੇ ਹਮਲੇ ਦੀ ਉਡੀਕ ਕਰਨ ਲੱਗਾ। ਇਸ ਤਰ੍ਹਾਂ ਉਸਨੇ ਬੰਦਾ ਸਿੰਘ ਦੀ ਲਲਕਾਰ ਨੂੰ ਸਵੀਕਾਰ ਕਰ ਲਿਆ ਅਤੇ ਸੰਧੀ ਕਰਕੇ ਅਧੀਨਤਾ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਪਰ ਜਦੋਂ ਸਿੱਖ ਜੇਤੂ ਹੋ ਕੇ ਉਸ ਦੇ ਇਲਾਕੇ ਵਿਚ ਦਾਖਲ ਹੋ ਗਏ ਤਾਂ ਉਸਦੇ ਸਾਰੇ ਯਤਨਾਂ ਦੇ

ਬਾਵਜੂਦ ਵੀ ਕੋਈ ਸਿੱਖਾਂ ਦੇ ਸਾਹਮਣੇ ਟਿਕ ਨਾ ਸਕਿਆ। ਇਸ ਮੁੱਠਭੇੜ ਵਿਚ ਤੇਰਾਂ ਸੌ ਸਿੱਖ ਮਾਰੇ ਗਏ ਅਤੇ ਬੜੀ ਮੁਸ਼ਕਿਲ ਨਾਲ ਹੀ ਕੋਈ ਵਿਸ਼ੇਸ਼ (ਖਾਸ) ਵਿਅਕਤੀ ਬਚ ਕੇ ਨਿਕਲ ਸਕਿਆ ਹੋਵੇਗਾ। ਬਿਲਾਸਪੁਰ ਨਗਰ ਤੋਂ ਦਲ ਖਾਲਸੇ ਨੂੰ ਕਾਫੀ ਮਾਤਰਾ ਵਿਚ ਧਨ ਪ੍ਰਾਪਤ ਹੋਇਆ। ਨਰੇਸ਼ ਅਜਮੇਰ ਚੰਦ ਕਹਿਲੂਰੀ ਅਤੇ ਉਸਦੇ ਸਹਾਇਕਾਂ ਦੀ ਹਾਰ ਨੇ ਬਹੁਤ ਸਾਰੇ ਹੋਰ ਪਰਬਤੀ ਨਰੇਸ਼ਾਂ ਨੂੰ ਵਿਆਕੁਲ ਕਰ ਦਿੱਤਾ। ਉਹ ਸਿੱਖਾਂ ਦੇ ਹਮਲੇ ਦੀ ਕਲਪਨਾ ਤੋਂ ਹੀ ਕੰਬਣ ਲੱਗੇ। ਉਨ੍ਹਾਂ ਲਈ ਬਚਾਅ ਦਾ ਸਰਲ ਮਾਰਗ ਇਹੀ ਸੀ ਕਿ ਉਹ ਚੁਪਚਾਪ ਬੰਦਾ ਸਿੰਘ ਦੀ ਅਧੀਨਤਾ ਸਵੀਕਾਰ ਕਰ ਲੈਣ। ਅਖੀਰ ਉਨ੍ਹਾਂ ਵਿਚੋਂ ਬਹੁਤ ਸਾਰੇ, ਦਲ-ਖਾਲਸਾ ਦੇ ਡੇਰੇ ਵਿਚ ਆਕੇ ਹਾਜ਼ਰ ਹੋਏ ਅਤੇ ਨਜ਼ਰਾਨੇ ਭੇਟ ਕਰਕੇ ਬੰਦਾ ਸਿੰਘ ਦੇ ਸੇਵਕ ਬਣ ਗਏ।

ਅਜਿਹਾ ਕਰਨ ਵਾਲਿਆ ਵਿਚ ਸਭ ਤੋਂ ਪਹਿਲਾ ਨਰੇਸ਼, ਮੰਡੀ ਇਲਾਕੇ ਦਾ ਨਰੇਸ਼ ਸਿੱਧਸੈਨ ਸੀ, ਉਸ ਨੇ ਬੇਨਤੀ ਕੀਤੀ ਕਿ ਉਹ ਤਾਂ ਪਹਿਲਾਂ ਹੀ ਨਾਨਕ ਪੰਥੀ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੰਡੀ ਇਲਾਕੇ ਨੂੰ ਆਪਣੇ ਚਰਨਾਂ ਦੀ ਛੋਹ ਨਾਲ ਪਵਿੱਤਰ ਕੀਤਾ ਅਤੇ ਰਾਜ ਪਰਿਵਾਰ ਨੂੰ ਆਸ਼ੀਰਵਾਦ ਦੇ ਕੇ ਧੰਨਵਾਦੀ ਬਣਾਇਆ ਹੈ, ਮਿਹਰ ਕੀਤੀ ਹੈ)। ਬੰਦਾ ਸਿੰਘ ਨਰੇਸ ਸਿੰਧਸੈਨ ਦੀ ਅਧੀਨਤਾ ਵੇਖ ਕੇ ਬਹੁਤ ਖੁਸ਼ ਹੋਇਆ ਦੋਹਾਂ ਥਿਰਾਂ ਨੇ ਇੱਕ ਦੂਜੇ ਵਿਚ ਵਿਸ਼ਵਾਸ਼ ਪ੍ਰਗਟ ਕੀਤਾ ਅਤੇ ਮਿਤਰਤਾ ਦੀ ਸੰਧੀ ਤੇ ਦਸਤਖਤ ਕੀਤੇ।

ਇਨ੍ਹਾਂ ਦਿਨਾਂ ਵਿਚ ਸਮਰਾਟ ਬਹਾਦਰ ਸ਼ਾਹ ਨੇ ਸਾਰੇ ਹਿਮਾਚਲ ਪ੍ਰਦੇਸ਼ ਦੇ ਪਰਬਤੀ ਨਰੇਸ਼ਾਂ ਨੂੰ ਆਦੇਸ਼ ਭੇਜ ਦਿੱਤੇ ਕਿ ਜੇ ਬੰਦਾ ਸਿੰਘ ਉਨ੍ਹਾਂ ਦੇ ਇਲਾਕੇ ਵਿਚ

ਹੋਵੇ ਤਾਂ ਉਸ ਨੂੰ ਕਿਸੇ ਵੀ ਤਰੀਕੇ (ਢੰਗ) ਨਾਲ ਫੜ ਕੇ ਮੇਰੇ ਸਾਹਮਣੇ ਪੇਸ਼ ਕਰਕੇ ਇਨਾਮ ਪ੍ਰਾਪਤ ਕਰਨ। ਬੰਦਾ ਸਿੰਘ ਕੁਦਰਤੀ ਨਜ਼ਾਰਿਆਂ ਤੇ ਮੁਗਧ ਹੋਣ ਵਾਲਾ ਇਕ ਭਾਵਕ ਵਿਅਕਤੀ ਸੀ, ਉਹ ਪਰਬਤੀ ਨਜਾਰਿਆਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਇਕੱਲਾ ਹੀ ਘੁੰਮਦਾ ਹੋਇਆ ਕੁੱਲੂ ਦੇ ਇਲਾਕੇ ਵਿਚ ਪ੍ਰਵੇਸ਼ ਕਰ ਗਿਆ। ਉਥੋਂ ਦੇ ਸਥਾਨਕ ਨਰੇਸ਼ ਨੇ ਇਸ ਮੌਕੇ ਦਾ ਲਾਭ ਉਠਾ ਕੇ ਉਸ ਨੂੰ ਬੰਦੀ ਬਣਾ ਕੇ ਇਕ ਖਾਸ ਜੇਲ੍ਹ ਵਿਚ ਕੈਦ ਕਰ ਲਿਆ। ਪਰ ਬੰਦਾ ਸਿੰਘ ਦੇ ਅੰਗ-ਰਖਿਅਕਾਂ ਨੂੰ ਜਿਉ ਹੀ ਇਸ ਖਬਰ ਦੀ ਸੂਚਨਾ ਮਿਲੀ। ਉਹ ਤੁਰੰਤ ਰਾਜਾ ਮਾਨ ਸਿੰਘ ਦੀ ਜੇਲ੍ਹ ਨੂੰ ਤੋੜ ਕੇ ਆਪਣੇ ਨੇਤਾ ਬੰਦਾ ਸਿੰਘ ਨੂੰ ਆਜ਼ਾਦ ਕਰ ਕੇ ਵਾਪਸ ਲੈ ਜਾਣ ਵਿਚ ਸਫਲ ਹੋ ਗਏ।

ਇੱਕ ਦਿਨ ਬੰਦਾ ਸਿੰਘ ਨੇ ਚੰਬਾ ਇਲਾਕੇ ਨੂੰ ਵੇਖਣ ਦਾ ਮਨ ਬਣਾਇਆ। ਉਸ ਨੂੰ ਪਤਾ ਲੱਗਾ ਸੀ ਕਿ ਕੁਦਰਤ ਨੇ ਇਸ ਸਥਾਨ ਨੂੰ ਆਪਣੀ ਖਾਸ ਮਨਮੋਹਕ ਸੁੰਦਰਤਾ ਨਾਲ (ਸਵਾਰਿਆ) ਸਜਾਇਆ ਹੈ। ਇਸ ਵਾਰੀ ਉਹ ਆਪਣੇ ਨਾਲ ਅੰਗ-ਰਖਿਅਕਾਂ ਦਾ ਦਲ ਲੈ ਗਏ। ਸੂਚਨਾ ਮਿਲਦਿਆਂ ਹੀ ਸਥਾਨਕ ਨਰੇਸ਼ ਉਦੈ ਸਿੰਘ ਨੇ  ਆਪਣੀਆਂ ਹੱਦਾਂ ਤੇ ਆਪਣੇ ਸੰਤਰੀਆਂ ਗਹੀ ਪੁੱਛ-ਗਿੱਛ ਕੀਤੀ ਕਿ ਉਸ ਦਾ ਚੰਬਾ ਇਲਾਕੇ ਵਿਚ ਪ੍ਰਵੇਸ਼ ਕਰਨ ਦਾ ਕੀ ਉਦੇਸ਼ ਹੈ? ਜੁਆਬ ਵਿਚ ਬੰਦਾ ਸਿੰਘ ਨੇ ਸੁਨੇਹਾ ਭੇਜਿਆ ਕਿ ਉਹ ਕੇਵਲ ਘੁੰਮਣ ਫਿਰਨ ਦੇ ਵਿਚਾਰ ਨਾਲ ਉਥੇ ਆਇਆ ਹੈ। ਤਦ ਰਾਜਾ ਉਦੈ ਸਿੰਘ ਨੇ ਆਪਣੇ ਮੰਤਰੀ ਨੂੰ ਭੇਜ ਕੇ ਦਲ-ਖਾਲਸੇ ਦੇ ਨਾਇਕ ਬੰਦਾ ਸਿੰਘ ਦਾ ਸਾਨਦਾਰ ਸੁਆਗਤ ਕੀਤਾ ਅਤੇ ਉਸ ਨੂੰ ਰਾਜ ਮਹੱਲ ਵਿਚ ਪਧਾਰਣ ਲਈ ਕਿਹਾ। ਇਸ ਤਰ੍ਹਾਂ ਵਿਚਾਰ-ਵਟਾਂਦਰਾ ਕਰਦਿਆਂ ਬਹੁਤ ਜਲਦੀ

ਰਾਜਾ ਉਦੈ ਸਿੰਘ ਅਤੇ ਬੰਦਾ ਸਿੰਘ ਦੀ ਮਿਤੱਰਤਾ ਵੱਧ ਗਈ, ਰਾਜਾ ਉਦੈ ਸਿੰਘ ਬੰਦਾ ਸਿੰਘ ਬਹਾਦਰ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਰਾਜਘਰਾਣੇ ਦੀ ਇਕ ਕੰਨਿਆ ਦਾ ਰਿਸ਼ਤਾ ਬੰਦਾ ਸਿੰਘ ਨੂੰ ਕਰਨ ਦੀ ਪੇਸ਼ਕਸ਼ ਕੀਤੀ। ਜਿਸ ਨੂੰ ਉਸ ਨੇ ਸਵੀਕਾਰ ਕਰ ਲਿਆ ਅਤੇ ਉਹ ਵਿਆਹ ਦੇ ਬੰਧਨ ਵਿਚ ਬੱਝ ਗਏ। ਬੰਦਾ ਸਿੰਘ ਦਾ ਵਿਆਹ ਬੰਧਨ ਵਿਚ ਬੱਝਣ ਦਾ ਆਪਣਾ ਹੀ ਉਦੇਸ਼ ਸੀ। ਉਹ ਚਾਹੁੰਦੇ ਸਨ ਕਿ ਕੋਈ ਸਥਾਈ ਸੁਰੱਖਿਤ ਇਲਾਕਾ ਉਨ੍ਹਾਂ ਦੀ ਰਿਹਾਇਸ ਹੋਵੇ। ਜਿਥੇ ਉਹ ਨਿਡਰ ਹੋ ਕੇ ਆ ਜਾ ਸਕਣ। ਕੁਝ ਮਹੀਨੇ ਚੰਬਾ ਇਲਾਕੇ ਵਿਚ ਬਿਤਾਉਣ ਤੋਂ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਇਸ ਮੌਕੇ ਦਾ ਫਾਇਦਾ ਲੈਣ ਲਈ ਉਸ ਨੂੰ ਦਲ-ਖਾਲਸਾ ਫਿਰ ਤੋਂ ਸੰਗਠਿਤ ਕਰਨ ਦਾ ਫੈਸਲਾ ਲੈ ਕੇ ਪਠਾਨਕੋਟ-ਗੁਰਦਾਸਪੁਰ ਇਲਾਕਿਆਂ ਵਿਚ ਫੈਲਣਾ ਸ਼ੁਰੂ ਕਰ ਦਿੱਤਾ। ਇਸ ਸਮੇਂ ਦੌਰਾਨ ਉਨ੍ਹਾਂ ਦੀ ਨਵੀਂ ਨਵੇਲੀ ਪਤਨੀ ਗਰਭਵਤੀ ਹੋ ਚੁੱਕੀ ਸੀ।

ਬੰਦਾ ਸਿੰਘ ਜੀ ਦੇ ਜੱਦੀ ਸੰਸਕਾਰ ਇਸ ਇਲਾਕੇ ਦੇ ਗੁਆਢ ਵਿਚ ਵੱਸਦੇ ਨਗਰ ਰਾਜੌਰੀ ਦੇ ਸਨ। ਆਪ ਆਪਣੇ ਆਪ ਨੂੰ ਰਾਜਪੂਤ ਅਥਵਾ ਡੋਗਰਾ ਅਖਵਾਉਂਦੇ ਸਨ। ਆਪ ਜੀ ਦੀ ਮਾਂ-ਬੋਲੀ ਡੋਗਰੀ (ਪਰਬਤੀ ਪੰਜਾਬੀ) ਸੀ। ਇਸ ਲਈ ਇਹ ਵਿਆਹ ਬਹੁਤ ਸਫਲ ਸਿੱਧ ਹੋਇਆ ਕਿਉਂਕਿ ਰਾਜਕੁਮਾਰੀ ਤਰਨ ਕੌਰ ਦਾ ਵੀ ਲਗਭਗ ਇਨ੍ਹਾਂ ਸੰਸਕਾਰਾਂ ਵਿਚ ਪਾਲਣ-ਪੋਸ਼ਣ ਹੋਇਆ ਸੀ।

ਚੰਬਾ ਦੇ ਸਨਾਥਕ ਨਿਵਾਸੀ ਬੰਦਾ ਸਿੰਘ ਜੀ ਨੂੰ ਇੱਕ ਮਹਾਪੁਰਸ਼ ਅਥਵਾ ਗੁਰੂ ਰੂਪ ਸਮਝ ਕੇ ਆਦਰ ਕਰਨ ਲੱਗੇ। ਬੰਦਾ ਸਿੰਘ ਜੀ ਵੀ ਆਪਣੀ ਗਿਣਤੀ ਵਧਾਉਣ

ਦੇ ਵਿਚਾਰ ਨਾਲ ਸ੍ਰੀ ਗੁਰੂ ਗੋਬਿੰਦ ਜੀ ਦੁਆਰਾ ਦਰਸਾਏ ਮਾਰਗ ਤੇ ਪ੍ਰਚਾਰ ਦੇ ਪ੍ਰਸਾਰ ਲਈ ਨਵੇ ਸਿੰਘ ਸਜਾਉਣ ਲੱਗੇ। ਪਰ ਇਥੋਂ ਦੇ ਨਵੇਂ ਸਜੇ ਸਿੰਘ ਬੰਦਾ ਸਿੰਘ ਜੀ ਨੂੰ ਗੁਰੂ ਰੂਪ ਸਮਝ ਕੇ ਆਦਰ ਦੇਂਦੇ ਅਰਥਾਤ ਪੈਰ ਛੂਹਦੇਂ ਅਤੇ ਬੰਦਾ ਸਿੰਘ ਜੀ ਦੇ ਜਥੇ ਦੁਆਰਾ ਅੰਮ੍ਰਿਤ ਪਾਣ ਕਰਨ ਕਰਕੇ ਮਾਸ ਨਹੀ ਖਾਂਦੇ ਸਨ। ਉਹ ਜਦ ਕਦੀ ਆਪਸ ਵਿਚ ਮਿਲਦੇ 'ਵਾਹਿਗੁਰੂ ਜੀ ਦਾ ਖਾਲਸਾਂ ਵਾਹਿਗੁਰ ਜੀ ਦੀ ਫਤਹਿ' ਕਹਿਣ ਦੀ ਥਾਂ ਸੰਖੇਪ ਰੂਪ ਵਿਚ ' ਗੁਰੂ ਫਤਹਿ' ਜਾਂ 'ਫਤਹਿ ਦਰਸ਼ਨ' ਕਹਿ ਦਿੰਦੇ।ਅਸਲ ਵਿਚ ਨਵੇਂ ਸਜੇ ਸਿੰਘ ਅਜੇ ਖਾਲਸਾ ਰਹਿਤ ਮਰਯਾਦਾ ਸਿੱਖ ਰਹੇ ਸਨ। ਬਹੁਤ ਸਾਰੀਆਂ ਨਵੀਆਂ ਗੱਲਾ ਸਿੱਖਣ ਵਿਚ ਅਜੇ ਸਮਾਂ ਲੱਗਣਾ ਸੀ ਅਰਥਾਤ ਪੂਰੀ ਪਰਪੱਕਤਾ ਆਉਣੀ ਸੀ। ਉਸ ਸਮੇਂ ਸਭ ਤੋਂ ਵੱਡੀ ਭਿੰਨਤਾ ਤਦ ਪੈਦਾ ਹੋ ਗਈ ਜਦੋਂ ਸੈਨਾ ਵਿਚ ਦੋ ਪ੍ਰਕਾਰ ਦੇ ਲੰਗਰ ਅਲੱਗ-ਅਲੱਗ ਹੋਂਦ ਵਿਚ ਆ ਗਏ। ਇਕ ਉਹ ਲੋਕ ਸਨ, ਜਿਹੜੇ ਮਾਸ ਖਾਂ ਦੇ ਸਨ। ਦੂਜੇ ਜਿਹੜੇ ਮਾਸ ਨਹੀਂ ਖਾਂ ਦੇ ਸਨ, ਜਿਹੜੇ ਮਾਸ ਦਾ ਸੇਵਨ ਨਹੀ ਕਰਦੇ ਸਨ ਉਹ 'ਬੰਦਈ ਸਿੱਖ' ਅਖਵਾਉਣ ਲੱਗੇ । ਜਦ ਕਿ ਇਨ੍ਹਾਂ ਵਿਚ ਆਪਸੀ ਸਿਧਾਤਕ ਮਤਭੇਦ ਕੁਝ ਵੀ ਨਹੀ ਸੀ।

ਵੈਸੇ ਬੰਦਾ ਸਿੰਘ ਖੁਦ ਵੀ ਬਹੁਤ ਪਵਿੱਤਰ ਜੀਵਨ ਵਾਲਾ, ਨਾਮ-ਬਾਣੀ ਦਾ ਅਭਿਆਸੀ ਅਤੇ ਸੰਜਮੀ ਪੁਰਸ਼ ਸੀ। ਇਸ ਲਈ ਉਸ ਦੇ ਮੁੱਖ-ਮੰਡਲ ਤੇ ਤੇਜ-ਪ੍ਰਤਾਪ ਦੀ ਝਲਕ ਮਿਲਦੀ ਸੀ। ਉਨ੍ਹਾਂ ਦੇ ਬਚਨਾਂ (ਰਿੱਧੀ - ਸਿੱਧੀ) ਵਿਚ ਵੀ ਸਿੱਧੀ ਸੀ। ਉਹ ਸਹਿਜ ਭਾਵ ਵਿਚ ਕੁਝ ਕਹਿ ਦੇਂਦੇ ਤਾਂ ਉਹ ਸੱਚ ਹੋ ਜਾਂਦਾ। ਉਸਦੇ ਅੰਗ-ਰਖਿਅਕ ਕਈ ਵਾਰ ਇਹ ਗੱਲ ਪ੍ਰਤੱਖ ਵੇਖ ਚੁੱਕੇ ਸਨ। ਇਸ ਸੁਭਾਵਿਕ ਹੀ

ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤੋਂ ਦੀਖਿਆਂ ਲੈਂਣ ਤੋਂ ਪਹਿਲਾਂ ਉਹ ਇਕ ਆਸ਼ਰਮ ਚਲਾਉਂਦਾ ਸੀ ਅਤੇ ਉਸਦੇ ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਚੇਲੇ ਵੀ ਸਨ। ਇਸ ਤਰ੍ਹਾਂ ਉਹ ਗੁਰੂ-ਚੇਲੇ ਦੀ ਪਰੰਪਰਾ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਉਨ੍ਹਾਂ ਦੇ ਅੰਤਿਮ ਆਦੇਸ਼ਾਂ ਨੂੰ ਨੰਦੇੜ ਨਗਰ ਤੋਂ ਵਾਪਸ ਆਉਣ ਵਾਲੇ ਸਿੰਘਾਂ ਨੇ ਉਸ ਨੂੰ ਜਾਣੂ ਕਰਵਾ ਦਿੱਤਾ ਸੀ ਕਿ ਭਵਿੱਖ ਵਿਚ ਸਰੀਰਕ ਰੂਪ ਵਿਚ ਕੋਈ ਵਿਅਕਤੀ ਵਿਸ਼ੇਸ਼ ਗੁਰੂ ਨਹੀਂ ਅਖਵਾ ਸਕਦਾ। ਸਾਰੇ ਸਿੱਖਾਂ ਦੇ ਗੁਰੂ ਕੇਵਲ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੀ ਹੋਣਗੇ ਜੋ ਕੇਵਲ ਸ਼ਬਦ ਗੁਰੂ ਦੇ ਰੂਪ ਵਿਚ ਹਨ। ਬੰਦਾ ਸਿੰਘ ਆਪਣੇ ਗੁਰੂ ਜੀ ਤੇ ਪੂਰਨ ਵਿਸ਼ਵਾਸ ਅਤੇ ਸ਼ਰਧਾ ਭਗਤੀ ਰੱਖਦਾ ਸੀ। ਇਸ ਲਈ ਉਹ ਆਪਣੇ ਗੁਰੂ ਦੇ ਅੰਤਿਮ ਆਦੇਸ਼ ਦਾ ਦ੍ਰਿੜਤਾ ਨਾਲ ਪਾਲਣ ਕਰਦਾ ਸੀ।

## 'ਚੰਬਾ ਇਲਾਕੇ ਤੋਂ ਬੰਦਾ ਸਿੰਘ ਬਹਾਦਰ ਪਠਾਨਕੋਟ ਅਤੇ ਗੁਰਦਾਸਪੁਰ ਇਲਾਕੇ ਵਿਚ'

ਸਮਰਾਟ ਬਹਾਦਰ ਸ਼ਾਹ, ਬੰਦਾ ਸਿੰਘ ਦੇ ਹੱਥ ਨਾ ਆਉਣ ਕਾਰਨ ਬਹੁਤ ਪਰੇਸ਼ਾਨ ਸੀ। ਫਿਰ ਉਸ ਨੂੰ ਪਰਬਤੀ ਇਲਾਕਿਆਂ ਤੋਂ ਸੂਚਨਾਵਾਂ ਮਿਲਣ ਲੱਗੀਆਂ ਕਿ ਬੰਦਾ ਸਿੰਘ ਨੇ ਦਲ ਖਾਲਸਾ ਦਾ ਪੁਨਗਠਨ ਕਰਕੇ ਬਿਲਾਸਪੁਰ ਦੇ ਨਰੇਸ਼ ਅਜਮੇਰ ਚੰਦ ਨੂੰ ਹਰਾ ਦਿੱਤਾ ਹੈ ਅਤੇ ਇਸ ਸਮੇਂ ਉਹ ਦੁਬਾਰਾ ਸ਼ਕਤੀਸ਼ਾਲੀ ਬਣ ਗਿਆ ਹੈ। ਇਸ ਲਈ ਸਮਰਾਟ ਬੰਦਾ ਸਿੰਘ ਦਾ ਦਮਨ ਕਰਨਾ ਚਾਹੁੰਦਾ ਸੀ। ਪਰ ਉਸ ਦਾ ਕੋਈ

ਵੀ ਸਰਦਾਰ ਇਸ ਖਤਰੇ ਵਾਲੇ ਕੰਮ ਨੂੰ ਕਰ ਸਕਣ ਲਈ ਆਪਣੇ ਆਪ ਤਿਆਰ ਨਾ ਹੋਇਆ। ਸਾਰੇ ਜਾਣਦੇ ਸਨ ਕਿ ਪਰਬਤੀ ਇਲਾਕਿਆ ਅਤੇ ਸੰਘਣੇ ਜੰਗਲਾਂ ਵਿਚ ਇਹ ਕੰਮ ਕਰਨਾ ਅਸੰਭਵ ਹੈ। ਇਸ ਲਈ ਉਹ ਸਾਰੇ ਬੰਦਾ ਸਿੰਘ ਦੇ ਮੈਦਾਨਾਂ ਵਿਚ ਉਤਰਨ ਦੀ ਉਡੀਕ ਕਰਨ ਲੱਗੇ।

ਬੰਦਾ ਸਿੰਘ ਵਿਆਹ ਦੇ ਝਮੇਲਿਆਂ ਤੋਂ ਵਿਹਲਾ ਹੋ ਕੇ ਜਲਦੀ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਪੂਰੀ ਸ਼ਕਤੀ ਨਾਲ ਮੈਦਾਨਾਂ ਵਿਚ ਆ ਗਿਆ। ਉਨ੍ਹਾਂ ਦਿਨਾਂ ਵਿਚ ਜੰਮੂ ਇਲਾਕੇ ਦਾ ਫੌਜਦਾਰ ਵਾਜੀਦ ਖਾਨ ਖੇਸ਼ਗੀ ਸੀ। ਇਸ ਨੂੰ ਕੁਤਬਦੀਨ ਦਾ ਖਿਤਾਬ ਮਿਲਿਆ ਹੋਇਆ ਸੀ। ਇਸ ਨੇ ਤੁਰੰਤ ਡੇਢ ਹਜ਼ਾਰ ਘੋੜਸਵਾਰ ਸਿਪਾਹੀ ਦੇ ਕੇ ਆਪਣੇ ਜੀਜੇ ਸ਼ਾਹਦਾਦ ਖਾਨ ਨੂੰ ਸਿੱਖਾਂ ਦਾ ਸਾਹਮਣਾ ਕਰਨ ਲਈ ਭੇਜਿਆ ਅਤੇ ਉਸਦੇ ਬਾਅਦ ਖੁਦ ਵੀ ਸੁਲਤਾਨਪੁਰ ਦੇ ਫੌਜਦਾਰ ਸ਼ਮਸ਼ਖਾਨ ਦੇ ਨਾਲ ਨੌ ਸੌ ਘੋੜਸਵਾਰ ਲੈ ਕੇ ਉਧਰ ਹੀ ਚਲ ਪਿਆ। ਇਹ ਲੋਕ ਅੱਧੇ ਸਫਰ ਤੋਂ ਬਾਅਦ ਸ਼ਿਕਾਰ ਖੇਡਣ ਵਿਚ ਰੁੱਝ ਗਏ, ਤਦ ਇਨ੍ਹਾਂ ਨੂੰ ਖ਼ੁਬਰ ਮਿਲੀ ਕਿ ਸਿੱਖ ਬਹੁਤ ਹੀ ਨੇੜੇ ਆ ਗਏ ਹਨ। ਸ਼ਮਸਖਾਨ ਉਨ੍ਹਾਂ ਨੂੰ ਰੋਕਣ ਲਈ ਅੱਗੇ ਵਧਿਆਂ ਪਰ ਸਿੱਖਾਂ ਨੇ 'ਰਾਹੋਂ ਦੇ ਕਿਲ੍ਹੇ' ਵਾਲੀ ਤਰਕੀਬ ਨਾਲ ਉਸ ਨੂੰ ਆਪਣੀ ਚਾਲ ਵਿਚ ਫਸਾ ਲਿਆ, ਉਹ ਪਹਿਲਾਂ ਤਾਂ ਮੁਗਲ ਸੈਨਾ ਨੂੰ ਵੇਖ ਕੇ ਨੱਸ ਪਏ। ਵਾਜੀਦ ਖਾਨ ਦੇ ਰੋਕਣ ਦੇ ਬਾਵਜੂਦ ਵੀ ਸ਼ਮਸਖਾਨ ਨੇ ਸਿੱਖਾਂ ਦਾ ਪਿੱਛਾ ਕੀਤਾ ਅਤੇ ਉਹ ਉਨ੍ਹਾਂ ਦੇ ਨੇੜੇ ਦਾ ਪਹੁੰਚਿਆ, ਜਿਉ ਹੀ ਸਿੱਖਾਂ ਨੇ ਮਹਿਸੂਸ ਕੀਤਾ ਕਿ ਦੁਸ਼ਮਣ ਹੁਣ ਸਾਡੇ ਚੁੰਗਲ ਵਿਚ ਹੈ ਤਾਂ ਉਹ ਤੁਰੰਤ ਪਰਤੇ ਅਤੇ ਦੁਸ਼ਮਣ ਤੇ ਟੁੱਟ ਕੇ ਪੈ ਗਏ। ਉਸ ਵੇਲੇ

ਦੁਸ਼ਮਣ ਆਪਣੀ ਮੁੱਖ ਧਾਰਾ ਤੋਂ ਭਟਕ ਕੇ ਇਕੱਲਾ ਹੋ ਗਿਆ ਅਤੇ ਮਾਰਿਆ ਗਿਆ। ਬਸ ਫਿਰ ਕੀ ਸੀ, ਸਿੱਖਾਂ ਦੀ ਗਿਣਤੀ ਘੱਟ ਹੋਣ ਤੇ ਵੀ ਉਹ ਦੁਸ਼ਮਣ ਤੇ ਹਾਵੀ ਹੋ ਗਏ ਅਤੇ ਘਮਸਾਨ ਦੀ ਲੜਾਈ ਹੋਈ, ਪਰ ਮੁਗਲਾਂ ਦੇ ਪੈਰ ਉਖੱੜ ਚੁੱਕੇ ਸਨ। ਥੋੜ੍ਹੇ ਸਮੇਂ ਵਿਚ ਹੀ ਲਾਸ਼ਾਂ ਅਤੇ ਜ਼ਖਮੀਆਂ ਦੇ ਢੇਰ ਲੱਗ ਗਏ। ਜਦ ਵਾਜੀਦ ਖਾਨ ਨੇ ਵੇਖਿਆ ਯੁੱਧ ਦਾ ਪਾਸਾ ਉਸ ਦੇ ਵਿਰੁੱਧ ਪਲਟ ਗਿਆ ਹੈ ਤਾਂ ਉਹ ਬਚੇ ਹੋਏ ਸੈਨਿਕਾਂ ਨੂੰ ਲੈ ਕੇ ਇਕ ਵਾਰ ਫਿਰ ਸਿੱਖਾਂ ਤੇ ਟੁੱਟ ਕੇ ਪੈ ਗਿਆ ਪਰ ਇਸ ਹਮਲੇ ਵਿਚ ਉਹ ਆਪ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸਦੀ ਇਹ ਹਾਲਤ ਵੇਖ ਕੇ ਉਸਦੇ ਜਵਾਨ ਉਸ ਨੂੰ ਲੈ ਕੇ ਮੈਦਾਨ ਵਿਚੋਂ ਨੱਸ ਗਏ। ਮੈਦਾਨ ਸਿੱਖਾਂ ਦੇ ਹੱਥ ਲੱਗ। ਇਸ ਜਿੱਤ ਤੋਂ ਦਲ ਖਾਲਸਾ ਨੂੰ ਬਹੁਤ ਸਾਰੀ ਯੁੱਧ-ਸਮੱਗਰੀ ਹੱਥ ਲੱਗੀ। ਇਸ ਦੇ ਉਲਟ ਜ਼ਖਮੀ ਵਾਜੀਦ ਖਾਨ ਤੀਜੇ ਦਿਨ ਮਰ ਗਿਆ। ਇਸ ਤਰ੍ਹਾਂ ਬਹਿਰਾਮਪੁਰ ਅਤੇ ਰਾਇਪੁਰ (ਰਾਜਪੁਰ) ਤੋਂ ਵੀ ਸਿੱਖਾਂ ਨੂੰ ਬਹੁਤ ਸਾਰਾ ਧਨ ਪ੍ਰਾਪਤ ਹੋਇਆ। ਇਥੋ ਜਿੱਤ ਪ੍ਰਾਪਤ ਕਰਕ ਉਹ ਕਲਾਨੌਰ ਤੇ ਬਟਾਲਾ ਦੇ ਪਰਗਣਿਆਂ ਵੱਲ ਚੱਲ ਪਏ। ਇਹ ਇਤਿਹਾਸਕ ਯੁੱਧ 6 ਮਾਰਚ ਸੰਨ 1711 ਨੂੰ ਹੋਇਆ ਸੀ।

ਇਹ ਉਹ ਦਿਨ ਸਨ ਜਦੋਂ ਦਲ ਖਾਲਸਾ ਦੁਆਰਾ ਸਥਾਪਤ ਸਿੱਖ ਰਾਜ ਖਤਮ ਹੋ ਚੁੱਕਾ ਸੀ। ਉਹ ਸਾਰੇ ਮੈਦਾਨ ਛੱਡ ਕੇ ਪਰਬਤਾਂ ਦੀ ਸ਼ਰਨ ਵਿਚ ਜਾ ਚੁੱਕੇ ਸਨ। ਇਸ ਵੇਲੇ ਇਹ ਜਿੱਤ ਪ੍ਰਾਪਤ ਹੋਣੀ ਸਿੱਖਾਂ ਦਾ ਪੁਨਰ ਸਥਾਪਿਤ ਹੋਣਾ ਸੀ। ਜਦੋਂ ਬਹਿਰਾਮਪੁਰ ਦੀ ਜਿੱਤ ਦੇ ਬਾਅਦ ਦਲ ਖਾਲਸਾ ਦਾ ਨਾਇਕ ਬੰਦਾ ਸਿੰਘ ਬਹਾਦਰ ਕਲਾਨੌਰ ਪਹੁੰਚਿਆ ਤਾਂ ਉਥੋ ਦੇ ਸਥਾਨਕ ਪ੍ਰਸ਼ਾਸਕ ਨੇ ਬੰਦਾ ਸਿੰਘ ਨਾਲ ਯੁੱਧ ਵਿਚ

ਉਲਝਣਾ ਠੀਕ ਨਹੀਂ ਸਮਝਿਆ, ਉਸ ਨੇ ਸਮਝੌਤੇ ਦਾ ਮਾਰਗ ਚੁਣਿਆ। ਉਹ ਨਜ਼ਰਾਨਾ ਲੈ ਕੇ ਬੰਦਾ ਸਿੰਘ ਦਾ ਸੁਆਗਤ ਕਰਨ ਲਈ ਪਹੁੰਚਿਆ। ਇਸ ਤਰ੍ਹਾਂ ਉਸ ਨੇ ਯੁੱਧ ਦੇ ਵਿਨਾਸ਼ ਤੋਂ ਨਗਰ ਨੂੰ ਬਚਾ ਲਿਆ।

ਬੰਦਾ ਸਿੰਘ ਨੇ ਪਿਛਲੀਆਂ ਭੁੱਲਾਂ ਨੂੰ ਸੁਧਾਰਨ ਲਈ ਨਵੀਆਂ ਕੀਤੀਆਂ ਦੇ ਅੰਤਰਗਤ ਸਭ ਤੋਂ ਪਹਿਲਾਂ ਆਪਣੀ ਸੈਨਿਕ ਸ਼ਕਤੀ ਨੂੰ ਵਧਾਉਣ ਲਈ ਹੋਰ ਧਰਮ ਦੇ ਲੋਕਾਂ ਨੂੰ ਵੀ ਆਪਣੀ ਸੈਨਾ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਬੰਦਾ ਸਿੰਘ ਤੇ ਖਾਲਸਾ ਦਲ ਦਾ ਮੁਸਲਿਮ ਭਾਈਚਾਰੇ ਨਾਲ ਕੋਈ ਮਤਭੇਦ ਨਹੀਂ ਸੀ। ਉਹ ਤਾਂ ਕੇਵਲ ਦੁਸ਼ਟ ਅਤੇ ਭ੍ਰਿਸ਼ਟ ਤਾਕਤਾਂ ਨਾਲ ਮੁਕਾਬਲਾ ਕਰ ਰਹੇ ਸਨ ਜਿਹੜਾ ਉਨ੍ਹਾਂ ਦੀ ਅਧੀਨਤਾ ਸਵੀਕਾਰ ਕਰ ਲੈਂਦਾ ਸੀ, ਉਥੇ ਕਿਸੇ ਤਰ੍ਹਾਂ ਦਾ ਖ਼ੂਨ ਖਰਾਬਾ ਨਹੀ ਸੀ ਹੁੰਦਾ। ਇਸ ਤਰ੍ਹਾਂ ਬੰਦਾ ਸਿੰਘ ਨੇ ਮੁਸਲਮਾਨ ਪਰਜਾ ਨਾਲ ਬਹੁਤ ਉਦਾਰਤਾ ਪੂਰਨ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਬੰਦਾ ਸਿੰਘ ਦੀ ਸੈਨਾ ਵਿਚ ਲਗਭਗ ਪੰਜ ਹਜ਼ਾਰ ਇਸਲਾਮ ਧਰਮ ਦੇ ਲੋਕ ਭਰਤੀ ਹੋ ਗਏ। ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਨਮਾਜ ਤੇ ਖਤਬਾ, ਅਜਾਨ ਆਦਿ ਦੀ ਖੁਲ੍ਹੀ ਛੁੱਟੀ ਮਿਲੀ ਹੋਈ ਸੀ, ਉਹ ਜਿਵੇਂ ਚਾਹੁੰਣ, ਪੜ੍ਹਨ।

ਮਈ 1711 ਈਸਵੀ ਨੂੰ ਬਾਦਸ਼ਾਹ ਨੂੰ ਸਮਾਚਾਰ ਦਿੱਤਾ ਗਿਆ ਕਿ ਬੰਦਾ ਸਿੰਘ ਨੇ ਬਿਆਸ ਅਤੇ ਰਾਵੀ ਦੇ ਵਿਚਲੇ ਇਲਾਕੇ ਤੇ ਦੁਬਾਰਾ ਕਬਜ਼ਾ ਕਰ ਲਿਆ ਹੈ। ਉਹ ਸ਼ਾਹੀ ਸੈਨਾ ਨਾਲ ਯੁੱਧ ਕਰਨ ਲਈ ਵੱਡੇ ਪੈਮਾਨੇ ਤੇ ਸਿਪਾਹੀ ਭਰਤੀ ਕਰ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਸ਼ਾਹੀ ਲਸ਼ਕਰ ਲਾਹੌਰ ਲਈ ਚਲ ਪਿਆ ਸੀ ਅਤੇ ਬਾਦਸ਼ਾਹ

ਹੁਸ਼ਿਆਰਪੁਰ ਦੇ ਨੇੜੇ ਪਹੁੰਚ ਗਿਆ ਸੀ। ਬਾਦਸ਼ਾਹ ਚੇਤੰਨ ਹੋਇਆ, ਉਸ ਨੂੰ ਪਹਿਲਾਂ ਤੋਂ ਹੀ ਸ਼ੱਕ ਸੀ ਕਿ ਪਹਾੜੀ ਇਲਾਕਿਆਂ ਵਿਚ ਯਾਤਰਾ ਕਰਦਿਆਂ ਕਿਸੇ ਵੀ ਸਮੇਂ ਸਿੱਖ ਗੁਰੀਲਾ ਯੁੱਧ ਉਸ ਉਤੇ ਕਰ ਸਕਦੇ ਹਨ। ਉਹ ਸਢੌਰਾ ਇਲਾਕੇ ਵਿਚ ਸਿੱਖਾਂ ਦੇ ਛਾਪੇ ਆਪਣੀਆਂ ਅੱਖਾਂ ਨਾਲ ਵੇਖ ਚੁੱਕਿਆ ਸੀ। ਇਸ ਲਈ ਉਸਨੇ ਤੁਰੰਤ ਲਾਹੌਰ ਜਾਣ ਦਾ ਰਸਤਾ ਬਦਲਣ ਦਾ ਆਦੇਸ਼ ਦਿੱਤਾ ਅਤੇ ਆਪਣੀ ਸੁਰੱਖਿਆ ਹੋਰ ਸਖਤ ਕਰਵਾ ਦਿੱਤੀ।

ਜਦੋ ਬੰਦਾ ਸਿੰਘ ਆਪਣੀ ਸੈਨਾ ਨਾਲ ਬਟਾਲਾ ਨਗਰ ਦੇ ਨੇੜੇ ਪਹੁੰਚਿਆ ਤਾ ਉਥੋਂ ਦੀ ਜਨਤਾ ਦਾ ਹੌਂਸਲਾ ਟੁੱਟ ਗਿਆ। ਉਹ ਆਪਣੀ ਸੁਰੱਖਿਆ ਚਾਹੁੰਦੇ ਸਨ, ਜਿਹੜੀ ਕਿ ਉਨ੍ਹਾਂ ਨੂੰ ਸਥਾਨਕ ਪ੍ਰਸ਼ਾਸਨ ਤੋਂ ਮਿਲਣ ਦੀ ਕੋਈ ਆਸ ਨਹੀ ਸੀ। ਵਧੇਰੇ ਅਮੀਰ ਲੋਕ ਤਾਂ ਆਪਣੇ ਪਰਿਵਾਰ ਅਤੇ ਧਨ ਨੂੰ ਲੈ ਕੇ ਲਾਹੌਰ ਭੱਜ ਗਏ। ਇਥੋਂ ਦੇ ਫੌਜਦਾਰ ਸੱਯਦ ਮੁਹੰਮਦ ਫਜ਼ਲੂਦੀਨ ਕਾਦਰੀ ਨੇ ਨਗਰ ਦੇ ਬਾਹਰ ਬੰਦਾ ਸਿੰਘ ਦੀ ਸੈਨਿਕ ਸ਼ਕਤੀ ਨਾਲ ਸਖਤ ਮੁਕਾਬਲਾ ਕੀਤਾ ਪਰ ਉਹ ਛੇਤੀ ਹੀ ਰਣ-ਭੂਮੀ ਵਿਚ ਮਾਰਿਆ ਗਿਆ। ਅਤੇ ਉਸ ਦੀ ਹਾਰ ਹੋ ਗਈ। ਨਗਰ ਦੇ ਦਰਵਾਜੇ ਤੋੜ ਕੇ ਇਥੋਂ ਦੀ ਸੈਨਿਕ ਸਮੋਗਰੀ ਤੇ ਕਬਜਾ ਕਰ ਲਿਆ ਗਿਆ। ਪਰ ਇਥੇ ਠਹਿਰਣਾ ਉਸ ਨੂੰ ਰਣ-ਨੀਤੀ ਦੇ ਅੰਤਰਗਤ ਠੀਕ ਨਹੀਂ ਲਗਿਆ ਕਿਉਂਕਿ ਬਾਦਸ਼ਾਹ ਵਿਸ਼ਾਲ ਲਸ਼ਕਰ ਲੈ ਕੇ ਲਾਹੌਰ ਵੱਲ ਵਧ ਰਿਹਾ ਸੀ। ਬੰਦਾ ਸਿੰਘ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ ਸੀ। ਇਸ ਲਈ ਉਹ ਆਪਣੀ ਸਾਰੀ ਸੈਨਾ ਦੇ ਨਾਲ ਗਵੀ ਨਦੀ ਪਾਰ ਕਰਕੇ ਜੰਮੂ ਇਲਾਕੇ ਵੱਲ ਅੱਗੇ ਗਿਆ। ਇਹ ਘਟਨਾ ਮਈ ਮਹੀਨੇ ਸੰਨ 1711 ਦੇ

ਆਖਰੀ ਦਿਨਾਂ ਦੀ ਹੈ, ਦਲ ਖਾਲਸਾ ਨੇ ਆਪਣੇ ਲਈ ਸੁਰੱਖਿਅਤ ਸਥਾਨ ਬਣਾਉਣ ਲਈ ਜੰਮੂ ਇਲਾਕੇ ਵਿਚ ਪਹੁੰਚਿਦਿਆਂ ਹੀ ਔਰੰਗਾਬਾਦ ਅਤੇ ਪਸਰੂਰ ਨਗਰਾਂ ਨੂੰ ਜਿੱਤ ਲਿਆ ਅਤੇ ਇਨ੍ਹਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਉਧਰ ਬਾਦਸ਼ਾਹ ਨੇ 'ਖਾਨ ਬਹਾਦਰ ਮੁਹੰਮਦ ਅਮੀਨ' ਨੂੰ ਵਿਸ਼ਾਲ ਸੈਨਾ ਦੇ ਕੇ ਸਿੱਖਾਂ ਨੂੰ ਕੁਚਲਣ ਲਈ ਭੇਜਿਆ, ਬੰਦਾ ਸਿੰਘ ਚੇਤਨ ਸੀ, ਉਸਨੇ ਆਪਣੇ ਦਲ ਨੂੰ ਦੋ ਭਾਗਾਂ ਵਿਚ ਵੰਡ ਲਿਆ। ਜੂਨ ਦੇ ਪਹਿਲੇ ਹਫਤੇ ਵਿਚ ਉਨ੍ਹਾਂ ਨੇ ਪਸਰੂਰ ਇਲਾਕੇ ਵਿਚ ਸ਼ਾਹੀ ਲਸ਼ਕਰ ਤੇ ਧਾਵਾ ਬੋਲ ਦਿੱਤਾ। ਭਿਅੰਕਰ ਮੁੱਠਭੇੜ ਹੋਈ ਦੋਹਾਂ ਧਿਰਾਂ ਵਿਚ ਜਬਰਦਸਤ ਲੜਾਈ ਹੋਈ। ਪਰ ਸਿੱਖਾਂ ਦੀ ਗਿਣਤੀ ਬਹੁੱਤ ਘੱਟ ਸੀ, ਇਸਲਈ ਅਖੀਰ ਉਨ੍ਹਾਂ ਨੂੰ ਪਿਛੇ ਹਟਣਾ ਪਿਆ। ਪਰ ਇਸ ਗੁਰੀਲਾ ਯੁੱਧ ਵਿਚ ਖਾਨ ਬਹਾਦਰ ਮੁਹੰਮਦ ਅਮੀਨ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਬੰਦਾ ਸਿੰਘ ਨੇ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ ਪਰਬਤਾਂ ਦੀ ਉਟ ਲੈ ਲਈ ਅਤੇ ਦੂਰ ਨਿਕਲ ਗਏ।

ਜਦੋਂ ਦਲ ਖਾਲਸਾ ਆਪਣੇ ਜਥੇਦਾਰ ਬੰਦਾ ਸਿੰਘ ਦੀ ਅਗਵਾਈ ਵਿਚ ਜੰਮੂ ਇਲਾਕੇ ਦੇ ਪੂਰਬ-ਦੱਖਣ ਦੀ ਪਰਬਤਮਾਲਾ ਵਿਚ ਪਹੁੰਚਿਆ ਤਾਂ ਇਥੋ ਦੇ ਜਗਵਾਲੀ ਨਰੇਸ਼ ਧ੍ਰਵਦੇਵ ਨੇ ਤੁਰੰਤ ਇਸ ਗੱਲ ਦੀ ਸੂਚਨਾ ਲਾਹੌਰ ਦੇ ਸੂਬੇਦਾਰ ਨੂੰ ਭੇਜੀ ਅਤੇ ਰਾਜੌਰੀ ਇਲਾਕੇ ਦੇ ਫੌਜਦਾਰ ਸੱਯਦ ਅਜਮਤੁਲਾ ਖਾਨ ਨੂੰ ਸਹਾਇਤਾ ਦੇ ਲਈ ਬੁਲਾ ਕੇ ਪਰਬਤੀ ਦੱਰਿਆਂ ਦਾ ਮਾਰਗ ਆਵਾਜਾਈ ਲਈ ਰੋਕ ਦਿੱਤਾ। ਉਧਰ ਖਾਨ ਬਹਾਦਰ ਮੁਹੰਮਦ ਅਮੀਨ (ਰੁਸਤਮੇ-ਜੰਗ) ਆਪਣੀ ਬਚੀ-ਖੁਚੀ ਸੈਨਾ ਨੂੰ ਲੈ ਕੇ

ਸਿੱਖਾਂ ਦਾ ਪਿੱਛਾ ਕਰਦਾ ਹੋਇਆ ਪਹੁੰਚਿਆ। ਬੰਦਾ ਸਿੰਘ ਨੇ ਇਸ ਮੁਸ਼ਕਿਲ ਹਾਲਾਤ ਨੂੰ ਸਮਝਿਆ ਅਤੇ ਤੁਰੰਤ ਇਕ ਤਰਕੀਬ ਅਪਨਾਈ, ਉਸ ਸਮੇਂ ਦਲ ਖਾਲਸਾ ਦੇ ਤਿੰਨੇ ਪਾਸੇ ਦੁਸ਼ਮਣ ਦੀ ਸੈਨਾ ਸੀ, ਇਕ (ਚੌਥੇ) ਪਾਸੇ ਉੱਚੇ ਪਰਬਤ, ਦਲ ਖਾਲਸਾ ਪੂਰੀ ਤਰ੍ਹਾਂ ਘਿਰ ਚੁਕਿਆ ਸੀ। ਪਰ ਉਨ੍ਹਾਂ ਨੇ ਬਹੁਤ ਹੀ ਹੌਂਸਲੇ ਤੋਂ ਕੰਮ ਲਿਆ। ਇਕ ਲਾਈਨ ਬਣਾਕੇ ਪਿਛੇ ਹਟਦੇ ਹੋਏ ਦੱਰੇ ਵੱਲ ਵੱਧਣ ਲੱਗੇ। ਜਿਉਂ ਹੀ ਉਹ ਦੱਰੇ ਦੇ ਨੇੜੇ ਪਹੁੰਚੇ ਤਾਂ ਦੁਸ਼ਮਣ ਦੀ ਸੈਨਾ ਤੇ ਟੁੱਟ ਪਏ ਅਤੇ ਉਨ੍ਹਾਂ ਦੀਆਂ ਲਾਈਨਾਂ ਨੂੰ ਚੀਰਦੇ ਹੋਏ ਦੱਰੇ ਵਿਚੋਂ ਨਿਕਲਣ ਵਿਚ ਸਫਲ ਹੋ ਗਏ। ਮੁਹੰਮਦ ਅਮੀਨ ਹੱਥ ਮਲਦਾ ਹੀ ਰਹਿ ਗਿਆ। ਇਸਨੇ ਬਾਦਸ਼ਾਹ ਨੂੰ ਸੂਚਨਾ ਭੇਜੀ ਸੀ ਕਿ ਹੁਣ ਜਲਦੀ ਹੀ ਉਹ ਬੰਦਾ ਸਿੰਘ ਨੂੰ ਫੜ੍ਹਣ ਵਿਚ ਸਫਲ ਹੋਣ ਵਾਲੇ ਹਨ।

## ਬਾਦਸ਼ਾਹ ਦੀ ਲਾਹੌਰ ਵਿਚ ਮੌਤ:-

ਕਿਲ੍ਹਾਂ ਲੋਹਗੜ੍ਹ ਫਤਹਿ ਕਰਨ ਤੋਂ ਬਾਅਦ ਸ਼ਾਹੀ ਨਸ਼ਕਰ ਨੂੰ ਇਨਾਮ, ਤਨਖਾਹ ਅਤੇ ਛੱਟੀ ਆਦਿ ਦੇ ਕੰਮ ਵਿਚ ਬਹੁਤ ਲੰਬਾ ਸਮਾਂ ਉਥੇ ਠਹਿਰਣਾ ਨਹੀ ਪਿਆ। ਦੂਰ-ਦੁਰੇੜੇ ਤੋਂ ਆਈਆਂ ਸਾਰੀਆਂ ਫੌਜਾਂ ਜਦੋ ਵਾਪਸ ਚਲੀਆਂ ਗਈਆਂ ਤਾਂ ਬਾਦਸ਼ਾਹ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਸਤਾਉਣ ਲੱਗੀ। ਉਸ ਨੂੰ ਡਰ ਰਹਿੰਦਾ ਸੀ ਕਿ ਸਿੱਖ ਗੁਰੀਲਾ ਯੁੱਧ ਦਾ ਸਹਾਰਾ ਲੈ ਕੇ ਉਸ ਉਤੇ ਹਮਲਾ ਨਾ ਕਰ ਦੇਣ। ਕਿਉਂਕਿ ਉਸ ਨੂੰ ਕੀਰਤਪੁਰ ਆਦਿ ਪਰਬਤੀ ਇਲਾਕਿਆਂ ਵਿਚ ਬਹੁਤ ਵੱਡੀ ਗਿਣਤੀ ਵਿਚ ਸਿੱਖਾਂ ਦੇ ਇਕੱਠੇ ਹੋਣ ਦੀਆਂ ਸੂਚਨਾਵਾਂ ਮਿਲ ਰਹੀਆਂ ਸਨ।

ਜਲਦੀ ਹੀ ਉਸਨੂੰ ਸ਼ਮਸ਼ਖਾਨ ਅਤੇ ਵਾਜੀਦਖਾਨ ਦੇ ਸਿੱਖਾਂ ਦੁਆਰਾ ਮਾਰੇ ਜਾਣ ਦੀ ਸੂਚਨਾ ਵੀ ਮਿਲ ਗਈ। ਇਸ ਲਈ ਉਹ ਸਹਿਜੇ-ਸਹਿਜੇ ਲਾਵੌਰ ਵੱਲ ਚੱਲ ਪਿਆ। ਪਰ ਰਾਹ ਵਿਚ ਹੀ ਉਸਨੂੰ ਸੂਚਨਾ ਮਿਲੀ ਗਈ ਕਿ ਸਿੱਖ ਫਿਰ ਤੋਂ ਪਠਾਨਕੋਟ, ਬਟਾਲਾ ਆਦਿ ਇਲਾਕਿਆਂ ਤੇ ਕਬਜ਼ਾ ਕਰ ਬੈਠੇ ਹਨ। ਇਸ ਲਈ ਉਸਨੇ ਸਿੱਖਾਂ ਦੇ ਦਮਨ ਲਈ 'ਖਾਨ ਬਹਾਦਰ ਮੁਹੰਮਦ ਅਮੀਨ' (ਰੁਸਤਮੇ ਜੰਗ) ਨੂੰ ਵਿਸ਼ਾਨ ਸੈਨਾ ਦੇ ਕੇ ਜੰਮੂ ਇਲਾ ਕਿ ਵਿਚ  ਭੇਜਿਆ, ਡਰਦਿਆਂ ਹੋਇਆ ਉਸਨੇ ਹੁਸ਼ਿਆਰਪੁਰ ਤੋਂ ਲਾਹੌਰ ਜਾਣ ਦਾ ਆਪਣਾ ਰਸਤਾ ਬਦਲ ਲਿਆ, ਜਿਸ ਕਰਕੇ ਉਹ 1 ਅਗਸਤ 1711 ਈ. ਨੂੰ ਲਾਹੌਰ ਪਹੁੰਚਿਆ ਇਸ ਵਾਰੀ ਬਾਦਸ਼ਾਹ ਨੇ ਆਪਣਾ ਡੇਰਾ ਸ਼ਾਹੀ ਕਿਲ੍ਹੇ ਵਿਚ ਨਹੀਂ ਲਾਇਆ ਬਲਕਿ ਰਾਵੀ ਨਦੀ ਦੇ ਤੱਟ ਦੇ ਨੇੜੇ ਆਲੂਵਾਲਾ ਪਿੰਡ ਵਿਚ ਰਖਿਆ। ਸ਼ਹਿਜਾਦਾ ਅਜੀਜ਼ੁਦੀਨ ਅਜੀਮੁਸ਼ਾਨ ਪਿੰਡ ਦੇ ਕੋਲ ਠਹਿਰਿਆ ਅਤੇ ਡੇਰੇ ਦੇ ਆਲੇ-ਦੁਆਲੇ ਖਜ਼ਾਨੇ ਦੀਆਂ ਬੈਲ-ਗੱਡੀਆਂ ਨਾਲ ਹੱਦ-ਬੰਦੀ ਬਣਾ ਲਈ।

ਬਾਦਸ਼ਾਹ ਦੇ ਲਾਹੌਰ ਵੱਲ ਆਉਣ ਦੇ ਸਮਾਚਾਰ ਸੁਣ ਕੇ ਹੀ ਲਾਹੌਰ ਦੇ ਕੱਟੜ ਮੁਸਲਮਾਨਾਂ ਦਾ ਉਤਸ਼ਾਹ ਵੱਧ ਗਿਆ ਅਤੇ ਲਾਹੌਰ ਦੇ ਸਿੱਖਾਂ ਦੇ ਲਈ ਬਹੁਤ ਮੁਸੀਬਤ ਦੇ ਦਿਨ ਲੰਘ ਰਹੇ ਸਨ। ਅਸਲ ਵਿਚ ਜਹਾਦੀਆਂ ਤੋਂ ਭੀਲੋਵਾਲ ਹੋ ਕੇ ਵਾਪਸ ਆਉਣ ਦੇ ਕਾਰਨ ਉਹ ਸਿੱਖਾਂ ਤੇ ਕ੍ਰੋਧਿਤ    ਸੀ। ਇਨ੍ਹਾਂ ਦਿਨਾ ਵਿਚ ਸਿੱਖਾਂ ਦੇ ਕਤਲੇਆਮ ਦਾ ਸ਼ਾਹੀ ਫਰਮਾਨ ਵੀ ਇਥੇ ਪਹੁੰਚ ਗਿਆ। ਜਿਹੜੇ ਲੋਕ ਰਣ-ਭੂਮੀ ਵਿਚ ਸਿੱਖਾਂ ਦਾ ਸਾਹਮਣਾ ਨਹੀਂ ਕਰ ਸਕੇ ਸਨ, ਉਹ ਹੁਣ ਮੁਲਾਨਿਆ ਰਾਹੀ ਆਪਣੇ ਕੱਟੜ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਕਾਰਨ, ਸਿੱਖਾਂ ਦੇ ਘਰ ਤੇ ਦੁਕਾਨਾਂ ਲੁੱਟਣ ਲੱਗੇ।

ਉਨ੍ਹਾਂ ਦਿਨਾਂ ਵਿਚ ਹਿੰਦੂਆਂ ਅਤੇ ਸਿੱਖਾਂ ਵਿਚ ਕੋਈ ਵਿਸ਼ੇਸ਼ ਪਹਿਚਾਣ (ਫਰਕ) ਨਹੀਂ ਸੀ, ਸਾਰੇ ਲੋਕ ਦਾੜ੍ਹੀਆਂ ਰਖਦੇ ਸਨ। ਇਸ ਲਈ ਸਿੱਖਾਂ ਦੇ ਭੁਲੇਖੇ ਹਿੰਦੂਆਂ ਤੇ ਵੀ ਅਤਿਆਚਾਰ ਹੋਣ ਲੱਗੇ। ਇੱਕ ਮਹਿਲਾ ਸੰਨਿਆਸੀ ਦੀ ਹੱਤਿਆ ਕਰ ਦਿੱਤੀ ਗਈ ਅਤੇ ਇੱਕ ਸਰਕਾਰੀ ਅਧਿਕਾਰੀ ਸ਼ਿਵ ਸਿੰਘ ਦੀ ਵੀ ਜੋ ਕਿ ਮੰਦਰ ਵਿਚ ਪੂਜਾ-ਅਰਚਨਾ ਲਈ ਪਰਿਵਾਰ ਸਹਿਤ ਗਿਆ ਸੀ। ਕੱਟੜ ਮੌਲਵੀਆਂ ਨੇ ਇਹ ਕਹਿ ਦਿੱਤਾ ਕਿ ਨਗਰ ਵਿਚ ਕੁਫਰ ਵਧਦਾ ਜਾ ਰਿਹਾ ਹੈ, ਇਸਲਾਮ ਦੇ ਲਈ ਇਹ ਖਤਰਾ ਹੈ। ਉਨ੍ਹਾਂ ਨੇ ਜਨਤਾ ਨੂੰ ਆਪਸ ਵਿਚ ਲੜਾ ਦਿੱਤਾ, ਇਸ ਕੁੱਟ- ਮਾਰ ਵਿਚ ਹਿੰਦੂਆਂ ਨੂੰ ਬਹੁਤ ਹਾਨੀ ਹੋਈ, ਇਹ ਵੇਖ ਕੇ ਬਾਦਸ਼ਾਹ ਦੀ ਸੁਰੱਖਿਆ ਲਈ ਤੈਨਾਤ ਬੁੰਦੇਲ ਖੰਡ ਦੇ ਹਿੰਦੂ ਫੌਜੀ ਅਧਿਕਾਰੀ ਬਚਨ ਸਿੰਘ ਕਛਵਾਰਾ ਅਤੇ ਬਦਨ ਸਿੰਘ ਬੁੰਦੇਲਾ ਨਿਰਦੋਸ਼ ਹਿੰਦੂ ਜਨਤਾ ਦੇ ਪੱਖ ਵਿਚ ਖੜੇ ਹੋ ਗਏ। ਇਸ ਤਰ੍ਹਾਂ ਬਾਦਸ਼ਾਹ ਦੇ ਖੇਮੇ ਵਿਚ ਫੌਜੀ ਬਗਾਵਤ ਸ਼ੁਰੂ ਹੋ ਗਈ। ਇਸ ਵੇਲੇ ਸਥਾਨਕ ਪ੍ਰਸ਼ਾਸ਼ਕ ਅਸਲਮ ਖਾਨ ਨੇ ਗੰਭੀਰ ਹਾਲਾਂਤਾ ਨੂੰ ਸਮਝ ਲਿਆ ਅਤੇ ਵਿਵੇਕ ਬੁੱਧੀ ਤੋਂ ਕੰਮ ਲੈਂਦੇ ਹੋਏ ਅਪਰਾਧੀਆਂ ਨੂੰ ਸਜ਼ਾ ਦੇ ਕੇ ਮਾਸਲਾ ਸ਼ਾਂਤ ਕੀਤਾ।

ਹਿੰਦੂਆਂ ਦੀ ਬਗਾਵਤ ਦਾ ਮਾਮਲਾ ਅਜੇ ਮੁੱਕਿਆ ਹੀ ਸੀ ਕਿ ਤਾਜੀਆਂ ਦੇ ਰੋਸ ਪ੍ਰਦਰਸ਼ਾ ਦੇ ਕਾਰਣ ਮੁਸਲਮਾਨਾਂ ਦੇ ਦੋ ਸੰਪਰਦਾਵਾਂ ਸ਼ਿਆ ਤੇ ਸੁੰਨੀ ਵਿਚ ਸਖਤ ਲੜਾਈ ਹੋ ਗਈ। ਬਾਦਸ਼ਾਹ ਆਪ ਸ਼ਿਆ ਸੀ। ਇਸਲਈ ਉਸਨੇ ਸੁੰਨੀ ਮੁਸਲਮਾਨਾਂ ਨੂੰ ਉਨ੍ਹਾਂ ਦੀਆਂ ਨਜ਼ਾਇਜ ਹਰਕਤਾਂ ਲਈ ਕਠੋਰ ਦੰਡ ਦਿੱਤੇ। ਇਸ ਤਰ੍ਹਾਂ ਸਥਾਨਕ ਕੱਟੜ ਮੌਲਵੀ ਬਾਦਸ਼ਾਹ ਦੇ ਵਿਰੁੱਧ ਹੋ ਗਏ ਅਤੇ ਨਗਰ ਵਿਚ ਹਾਲਾਤ ਵਿਗੜ੍ਹ ਗਏ। ਤਦ ਬਾਦਸ਼ਾਹ ਨੂੰ ਸਮਾਚਾਰ ਮਿਲਿਆ ਕਿ ਮੁਹੰਮਦ ਅਮੀਰ ਖਾਨ ਜੋ ਕਿ ਦਲ

ਖਾਲਸਾ ਦੇ ਨਾਇਕ ਬੰਦਾ ਸਿੰਘ ਦਾ ਪਿੱਛਾ ਕਰਨ ਲਈ ਜੰਮੂ ਦੇ ਇਲਾਕੇ ਵਿਚ ਗਿਆ ਹੋਇਆ ਸੀ, ਉਹ ਬਹੁਤ ਵੱਡੇ ਲਸ਼ਕਰ ਦਾ ਜਾਨੀ ਨੁਕਸਾਨ ਕਰਵਾਕੇ ਖਾਲੀ ਹੱਥ ਵਾਪਸ ਆਇਆ, ਇਨ੍ਹਾਂ ਦਿਨਾਂ ਵਿਚ ਬਾਦਸ਼ਾਹ ਨੂੰ ਚਿੰਤਾ ਕਰਕੇ ਪਹਿਲਾਂ ਹੀ ਕੁਝ ਹਜ਼ਮ ਨਹੀਂ ਹੋ ਰਿਹਾ ਸੀ। ਸ਼ਾਇਦ ਉਸ ਦੇ ਤਿੱਲੀ ਵਿਚ ਸੋਚ ਆ ਗਈ ਸੀ। ਉੱਤੋਂ ਇਸ ਖਬਰ ਨੇ ਉਸ ਦੀ ਸਿਹਤ ਹੋਰ ਵਿਗਾੜ ਦਿੱਤੀ। ਬਾਦਸ਼ਾਹ ਇਸ ਚਿੰਤਾ ਵਿਚ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ। ਉਹ ਬੇਚੈਨੀ ਵਿਚ ਵਹਿਸੀ -ਭਰਮੀ ਹੋ ਗਿਆ ਅਤੇ ਬੇਸਿਰ-ਪੈਰ ਦੀਆਂ ਗੱਲਾਂ ਕਰਨ ਲੱਗਾ। ਇਸੇ ਉਤੇਜਨਾ ਵਿਚ ਉਸਨੇ ਆਦੇਸ਼ ਦਿੱਤਾ ਕਿ ਨਗਰ ਦੇ ਸਾਰੇ ਆਵਾਰਾ ਕੁੱਤਿਆਂ ਨੂੰ ਮਾਰ ਦਿੱਤਾ ਜਾਵੇ, ਫਿਰ ਆਦੇਸ਼ ਦਿੱਤਾ ਕਿ ਸਾਰੇ ਗਧਿਆਂ ਨੂੰ ਮਾਰ ਦਿੱਤਾ ਜਾਵੇ ਆਦਿ। ਤਿੰਨ ਦਿਨ ਤੱਕ ਵੈਦਾਂ-ਹਕੀਮਾਂ ਨੇ ਆਪਣੇ ਵੱਲੋਂ ਬਹੁਤ ਯਤਨ ਕੀਤੇ ਪਰ ਬਾਦਸ਼ਾਹ ਦੀ ਸਿਹਤ ਹੋਰ ਵਿਗੜ ਗਈ। ਇਸ ਤਰ੍ਹਾਂ 18 ਫਰਵਰੀ, 1712 ਦੀ ਰਾਤ ਨੂੰ ਉਸ ਦਾ ਦੇਹਾਂਤ ਹੋ ਗਿਆ।

ਬਾਦਸ਼ਾਹ ਦੀ ਮੌਤ ਦੇ ਬਾਅਦ ਬਾਪ-ਦਾਦੇ ਦੀ ਪਰੰਪਰਾ ਅਨੁਸਾਰ ਗੱਦੀ ਦੇ ਲਈ ਆਪਾ-ਧਾਪੀ ਮੱਚ ਗਈ। ਭਰਾਵਾਂ ਵਿਚ ਗੱਦੀ ਪ੍ਰਾਪਤੀ ਦੇ ਲਈ ਯੁੱਧ ਹੋਇਆ। ਜਿਸ ਵਿਚ ਸ਼ਹਿਜਾਦਾ ਜਹਾਂਦਰ ਸ਼ਾਹ ਨੇ ਆਪਣੇ ਭਰਾਵਾਂ ਨੂੰ ਮਾਰ ਦਿੱਤਾ ਅਤੇ 19 ਮਾਰਚ ਨੂੰ ਗੱਦੀ ਤੇ ਬੈਠ ਗਿਆ।

## 'ਦਲ ਖਾਲਸਾ ਦਾ ਲੋਹਗੜ੍ਹ ਤੇ ਸਢੌਰਾ ਕਿਲ੍ਹਿਆਂ ਤੇ ਦੁਬਾਰਾ ਕਬਜ਼ਾ'

ਜੰਮੂ ਇਲਾਕੇ ਵਿਚ ਸ਼ਾਹੀ ਲਸ਼ਕਰ ਨਾਲ ਘਮਸਾਨ ਦੇ ਯੁੱਧ ਵਿਚ ਦਲ ਖਾਲਸੇ ਨੂੰ ਵੀ ਭਾਰੀ ਹਾਨੀ ( ਨੁਕਸਾਨ) ਉਠਾਉਣੀ ਪਈ। ਇਸ ਲਈ ਜਥੇਦਾਰ ਬੰਦਾ ਸਿੰਘ ਨੇ ਰਣ ਨੀਤੀ ਨੂੰ ਦੁਬਾਰਾ ਨਿਰਧਾਰਿਤ ਕਰਨ ਲਈ ਪੰਚਾਇਤ ਬੁਲਾਈ। ਫੈਸਲਾ ਇਹ ਹੋਇਆ ਕਿ ਬਾਦਸ਼ਾਹ ਦੇ ਨੇੜੇ ਹੋਣ ਦੇ ਕਾਰਣ ਸਾਡੀ ਤਾਕਤ ਘੱਟ ਹੋ ਜਾਂਦੀ ਹੈ। ਕਿਉਕਿ ਸਥਾਨਕ ਪ੍ਰਸ਼ਾਸਕਾਂ ਨੂੰ ਸ਼ਾਹੀ ਲਸਕਰ ਤੋ ਤੁਰੰਤ ਸੈਨਿਕ ਸਹਾਇਤਾ ਪਹੁੰਚ ਜਾਂਦੀ ਹੈ ਜੇ ਅਸੀ ਦੁਬਾਰਾ ਉਨਤੀ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਗੁਆ ਚੁੱਕੇ ਇਲਾਕਿਆਂ ਤੇ ਦੁਬਾਰਾ ਕਬਜ਼ਾ ਕਰ ਲੈਣਾ ਚਾਹੀਦਾ ਹੈ। ਕਿਉਂਕਿ ਇਸ ਸਮੇਂ ਬਾਦਸ਼ਾਹ ਲਾਹੌਰ ਵਿਚ ਬਿਮਾਰ ਪਿਆ ਹੈ ਤੇ ਉਸਦੀ ਮਾਨਸਿਕ ਸਥਿਤੀ ਵੀ ਵਿਗੜੀ ਹੋਈ ਹੈ। ਫੈਸਲਾ ਠੀਕ ਸੀ। ਇਸ ਲਈ ਦਲ ਖਾਲਸਾ ਪਰਬਤਾਂ ਦੀ ਤਲਹਟੀ ਦੇ ਰਸਤਿਆਂ ਵਿਚ ਹੁੰਦਾ ਹੋਇਆ ਕੀਰਤਪੁਰ ਪਹੁੰਚਿਆ, ਉਥੋਂ ਯੋਜਨਾ ਅਨੁਸਾਰ ਸਢੌਰਾ ਇਲਾਕੇ ਤੇ ਹਮਲਾ ਕਰ ਦਿੱਤਾ, ਸਢੌਰਾ ਨਗਰ ਤੇ ਕਿਲ੍ਹੇ ਵਿਚ ਦਲ ਖਾਲਸਾ ਦੀ ਪਹਿਲਾਂ ਤੋਂ ਬਾਅਦ ਹੀ ਨਗਰ ਅਤੇ ਕਿਲ੍ਹਾਂ ਦੋਵੇਂ ਸਿੱਖਾਂ ਦੇ ਹੱਥ ਆ ਗਏ। ਠੀਕ ਇਸੇ ਤਰ੍ਹਾਂ ਅਗਲੀ ਕਾਰਵਾਈ ਵਿਚ ਲੋਹਗੜ੍ਹ ਕਿਲ੍ਹੇ ਨੂੰ ਦੁਬਾਰਾ ਪ੍ਰਾਪਤ ਕਰ ਲਿਆ ਗਿਆ। ਜਿਉਂ ਹੀ ਖਾਲਸੇ ਦਾ ਦੁਬਾਰਾ ਇਨ੍ਹਾਂ ਸਥਾਨਾਂ ਤੇ ਕਬਜ਼ਾ ਹੋਇਆ, ਆਲੇ ਦੁਆਲੇ ਦੇ ਇਲਾਕੇ ਵਿਚ ਸਿੱਖਾਂ ਨੂੰ ਦੁਬਾਰਾ ਤੋਂ ਆਪਣੀਆਂ ਗਤੀਵਿਧੀਆਂ ਵਧਾਉਣ ਦਾ ਸੁਭ ਮੌਕਾ ਪ੍ਰਾਪਤ ਹੋ ਗਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਕਿਲ੍ਹੇ ਦੀ ਮੁਰੰਮਤ ਕੀਤੀ। ਫਿਰ ਕਿਲ੍ਹੇ ਵਿਚ ਖਾਣ ਦੀ ਰਸਦ ਅਤੇ ਹਥਿਆਰਾਂ ਦਾ ਭੰਡਾਰ ਬਣਾਉਣਾ ਸ਼ੁਰੂ ਕਰ ਦਿੱਤਾ। ਨਵੇਂ ਸੈਨਿਕਾਂ ਦੀ ਭਰਤੀ ਵੀ ਉਨ੍ਹਾਂ ਨੂੰ ਮਿਲਣ ਲੱਗੀ।

ਇਨ੍ਹਾਂ ਸਭ ਤਰ੍ਹਾਂ ਦੀਆਂ ਘਟਨਾਵਾਂ ਦਾ ਸਮਾਚਾਰ ਜਦੋਂ ਬੀਮਾਰ ਬਾਦਸ਼ਾਹ ਨੂੰ ਮਿਲਿਆ ਤਾਂ ਉਸਨੇ ਜੈਨੂਦੀਨ ਅਹਿਮਦ ਸ਼ਾਹ ਨੂੰ ਸਰਹਿੰਦ ਮੰਡਲ ਦਾ ਫੌਜਦਾਰ ਨਿਯੁਕਤ ਕੀਤਾ। 800 ਪਿਆਦੇ ਤੇ 540 ਘੋੜਸਵਾਰਾਂ ਦਾ ਅਹੁਦਾ ਪ੍ਰਧਾਨ ਕੀਤਾ ਅਤੇ ਵਾਅਦਾ ਕੀਤਾ ਕਿ ਜੇ ਉਹ ਸਿੱਖਾਂ ਤੇ ਜਿੱਤ ਪ੍ਰਾਪਤ ਕਰ ਲਵੇਗਾ ਤਾਂ ਉਸ ਦਾ ਅਹੁਦਾ ਵਜੀਦ ਖਾਨ ਦੇ ਬਰਾਬਰ ਕਰ ਦਿੱਤਾ ਜਾਵੇਗਾ ਇਹ ਅਹੁਦਾ ਉੱਚਾ ਕਰਨ ਦਾ ਵਾਅਦਾ ਕੇਵਲ ਇਸ ਲਈ ਕੀਤਾ ਗਿਆ ਕਿ ਉਹ ਆਪਣਾ ਪੂਰਾ ਧਿਆਨ ਸਿੱਖਾਂ ਨੂੰ ਕੁਚਲਣ ਤੇ ਇਕਾਗਰ ਕਰੇ ਅਤੇ ਮੁਹੰਮਦ ਅਮੀਨ ਖਾਨ ਨੂੰ ਪੂਰਾ ਸਹਿਯੋਗ ਦੇਵੇ। ਉਸ ਨੂੰ ਵਿਸ਼ੇਸ਼ ਰੂਪ ਵਿਚ ਸਿੱਖਾਂ ਨੂੰ ਕੁਚਲਣ ਲਈ ਭੇਜਿਆ ਗਿਆ ਸੀ। ਇਨ੍ਹਾਂ ਦਿਨਾ ਵਿਚ ਹੀ ਬਾਦਸ਼ਾਹ ਦਾ ਮਾਨ ਸਿਕ ਸੰਤੁਲਨ ਵਿਗੜ ਗਿਆ ਅਤੇ ਉਸ ਦੀ ਸਿਹਤ ਵਧੇਰੇ ਖਰਾਬ ਹੋ ਗਈ। ਇਸ ਕਰਕੇ ਉਸ ਦੇ ਦਿੱਤੇ ਗਏ ਆਦੇਸ਼ਾ ਤੇ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਸੀ। ਕਿਉਂਕਿ ਸਾਰੇ ਉਸਦੇ ਨਵੇਂ ਉਤਰਾਧਿਕਾਰੀ ਦੀ ਚੋਣ ਤੇ ਧਿਆਨ ਦੇਣ ਵਿਚ ਰੁਝੇ ਹੋਏ ਸਨ। ਉਹ ਆਪਣੇ-ਆਪਣੇ ਪੱਖ ਦੇ ਸ਼ਹਿਜਾਦਿਆਂ ਨੂੰ ਤਾਕਤ ਹਥਿਆਉਣ ਲਈ ਪ੍ਰੇਰਿਤ ਕਰ ਰਹੇ ਸਨ। ਇਸੇ ਦੌਰਾਨ 18 ਫਰਵਰੀ 1712 ਈਸਵੀ ਨੂੰ ਸਮਰਾਟ ਬਹਾਦਰਸ਼ਾਹ ਦੀ ਮੌਤ ਹੋ ਗਈ। ਇਸ ਕਰਕੇ ਸ਼ਹਿਜ਼ਾਦੇ ਇੱਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਅਤੇ ਉਨ੍ਹਾਂ ਵਿਚ ਆਪਸੀ ਯੁੱਧ ਸ਼ੁਰੂ ਹੋ ਗਿਆ। ਜਦੋਂ ਇਹ ਸੂਚਨਾ ਦਲ ਖਾਲਸਾ ਨੂੰ ਮਿਲੀ ਤਾਂ ਉਹ ਇਸ ਸਮੇ ਦਾ ਭਰਪੂਰ ਲਾਭ ਉਠਾਉਣ ਦੇ ਉਦੇਸ਼ ਨਾਲ ਆਪਣੇ ਸੈਨਿਕ ਸੰਗਠਨ ਨੂੰ ਦ੍ਰਿੜਤਾ ਭਰਪੂਰ ਬਣਾਉਣ ਦੀ ਕੋਸ਼ਿਸ਼ ਵਿਚ ਰੁੱਝ ਗਏ।

ਆਪੇ ਬਣਿਆ ਨਵਾਂ ਸਮਾਰਟ ਜਹਾਂਗੀਰ ਸ਼ਾਹ ਯੋਗ ਸ਼ਾਸਕ ਨਹੀ ਸੀ ਉਸਦਾ ਵਧੇਰੇ ਸਮਾ ਸ਼ਰਾਬ ਤੇ ਸੁੰਦਰੀਆਂ ਵਿਚ ਬਤੀਤ ਹੁੰਦਾ ਸੀ। ਉਹ ਰਾਗ-ਰੰਗ ਦੀਆਂ ਸਹਿਫਲਾ ਸਜਾ ਕੇ ਐਸ਼-ਆਰਾਮ ਦਾ ਜੀਵਨ ਜਿਊਣ ਵਿਚ ਸਮਾਂ ਅਤੇ ਧਨ ਨਸ਼ਟ ਕਰਦਾ ਰਹਿੰਦਾ ਸੀ। ਉਹ ਡਰ ਪੋਕ-ਬੁਜ਼ਦਿਲ ਸੁਭਾਅ ਦਾ ਵਿਅਕਤੀ ਸੀ। ਇਸ ਤਰ੍ਹਾਂ ਉਸ ਦੀ ਹੁਕਮ ਅਦੂਲੀ ਕਦਮ-ਕਦਮ ਤੇ ਹੁੰਦੀ ਸੀ। ਸਿੱਟੇ ਵਜੋਂ ਰਾਜ ਪ੍ਰਬੰਧ ਤੇ ਉਸ ਦੀ ਪਕੜ ਢਿੱਲੀ ਪੈਂਦੀ ਜਾ ਰਹੀ ਸੀ ਉਸ ਦੀ ਇਸ ਤਰੁੱਟੀ ਦਾ ਲਾਭ ਉਠਾਉਂਦਿਆਂ ਹੋਇਆਂ ਉਸਦੇ ਭਤੀਜੇ ਫਰੁਖਸ਼ੀਅਰ ਨੇ ਉਸ ਤੇ ਹਮਲਾ ਕਰ ਦਿੱਤਾ । ਉਹ ਉਸ ਤੋਂ ਆਪਣੇ ਪਿਤਾ ਦੇ ਖੂਨ ਦਾ ਬਦਲਾ ਲੈਣਾ ਚਾਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਉਹ ਬੰਗਾਲ ਤੇ ਬਿਹਾਰ ਪ੍ਰਾਂਤ ਦਾ ਸੂਬੇਦਾਰ (ਰਾਜਪਾਲ) ਨਿਯੁਕਤ ਸੀ, ਬਾਦਸ਼ਾਹ ਹੋਏ ਯੁੱਧ ਵਿਚ ਤਾਦਸੰਬਰ 1712 ਈ. ਨੂੰ ਜਹਾਂਦਾਰ ਸ਼ਾਹ ਹਾਰ ਗਿਆ ਅਤੇ ਇੱਕ ਫਰਵਰੀ 1713 ਈ. ਨੂੰ ਉਸ ਦੀ ਹੱਤਿਆ ਕਰ ਦਿੱਤੀ ਗਈ।

ਫਰੁਖਸ਼ੀਅਰ ਦੇ ਸਮਰਾਟ ਬਣਨ ਤੇ ਉਸਨੇ ਸਿੱਖਾਂ ਪ੍ਰਤੀ ਬੜੀ ਸਖਤ ਨੀਤੀ ਅਪਨਾਈ। ਉਸਨੇ ਦੁਬਾਰਾ ਮਹੁੰਮਦ ਅਮੀਨ ਨੂੰ ਭਾਰੀ ਲਸ਼ਕਰ ਦੇ ਕੇ ਸਢੌਰਾ ਕਿਲਾ ਫਤਹਿ ਕਰਨ ਲਈ ਭੇਜ ਦਿੱਤਾ। ਇਹ ਸਿਪਾਹਸਲਾਰ ਕੁਝ ਸਮੇਂ ਲਈ ਸਢੌਰਾ ਦਾ ਕਿਲ੍ਹਾ ਛੱਡ ਕੇ ਜਹਾਂਦਾਰ ਸ਼ਾਹ ਦੀ ਸਹਾਇਤਾ ਲਈ ਦਿੱਲੀ ਗਿਆ ਹੋਇਆ ਸੀ। ਉਸਦੇ ਵਾਪਸ ਪਰਤਣ ਤੇ ਸਢੌਰੇ ਦੇ ਕਿਲ੍ਹੇ ਤੇ ਲੋਹਗੜ੍ਹ ਦੇ ਕਿਲ੍ਹੇ ਤੇ ਲੰਮੇ ਸਮੇਂ ਦਾ ਘੇਰਾ ਪਾ ਕੇ ਸ਼ਾਹੀ ਸੈਨਾ ਬੈਠ ਗਈ। ਸਿੱਖ ਸਮੇਂ - ਸਮੇਂ ਤੇ ਅਚਾਨਕ ਛਾਪਾ ਮਾਰ (ਗੁਰੀਲਾ) ਯੁੱਧ ਕਰਦੇ ਅਤੇ ਕੁਝ ਰਣ-ਸਮੱਗਰੀ ਅਤੇ ਖਾਣ ਦੀ ਸਮੱਗਰੀ (ਰਸਦਾ)

ਕਿਲ੍ਹੇ ਵਿਚੋਂ ਲੁੱਟ ਕੇ ਲੈ ਜਾਂਦੇ, ਇਸ ਤਰ੍ਹਾਂ ਛੇ ਮਹੀਨੇ ਤੋਂ ਵਧੇਰੇ ਸਮਾਂ ਲੰਘ ਗਿਆ। ਜੈਨੂਦੀਨ ਅਹਿਮਦ ਖਾਨ ਦੀਆਂ ਤੋਪਾਂ ਦੇ ਗੋਲਿਆਂ ਦਾ ਸਿੱਖਾਂ ਦੀ ਗੱਦੀ ਤੇ ਕੋਈ ਅਸਰ ਨਾ ਹੋਇਆ, ਅੰਤ ਉਸਨੇ ਇੱਕ ਉੱਚਾ ਚਬੂਤਰਾ ਬਣਾ ਕੇ ਉਸ ਦੇ ਉੱਤੇ ਤੋਪ ਲਗਾਈ ਜਿਸ ਦੀ ਮਾਰ ਪ੍ਰਭਾਵਸ਼ਾਲੀ ਸੀ। ਸਿੱਖਾਂ ਨੇ ਕਿਲ੍ਹੇ ਦੇ ਅੰਦਰ ਇੱਕ ਸੁਰੰਗ ਬਣਾਈ ਅਤੇ ਉਸ ਤੋਪ ਦੇ ਕੋਲ ਅੱਧੀ-ਗਤ ਨੂੰ ਉਸਦਾ ਮੂੰਹ ਖੋਲ੍ਹ ਦਿੱਤਾ। ਮੀਂਹ ਦੀ ਹਨੇਰੀ ਰਾਤ ਵਿਚ ਉਨ੍ਹਾਂ ਨੇ ਰੱਸੀ ਨਾਲ ਬੰਨ੍ਹ ਕੇ ਦੂਜੇ ਪਾਸਿਉ ਘੋੜ੍ਹੇ ਨਾਲ ਤੋਪ ਨੂੰ ਖਿਚਵਾਇਆ। ਇਹ ਸੁਰੰਗ ਤੱਕ ਆ ਗਈ। ਪਰ ਸੁਰੰਗ ਦੇ ਨੇੜੇ ਪਹੁੰਚ ਕੇ ਤਖਤੇ ਨਾਲ ਪਲਟ ਕੇ ਪਾਣੀ ਦੇ ਗਹਿਰੇ (ਡੂੰਘੇ) ਟੋਏ ਵਿਚ ਡਿੱਗ ਪਈ ਇਸ ਤਰ੍ਹਾਂ ਸਿੱਖਾਂ ਦੀ ਇਹ ਯੋਜਨਾ ਅਸਫਲ ਰਹੀ।

ਸਢੌਰੇ ਦੇ ਕਿਲ੍ਹੇ ਦਾ ਘੇਰਾ ਬਹੁਤ ਦੇਰ ਤੱਕ ਚਲਦਾ ਰਿਹਾ ਪਰ ਇਸ ਵਿਚ ਨਵੇਂ ਸਿਰੇ ਤੋ ਜਾਨ ਪਾਉਣ ਲਈ ਨਵੇਂ ਬਾਦਸ਼ਾਹ ਫਰੁਖਸ਼ੀਅਰ ਨੇ ਮੁਹਿੰਮ ਦੀ ਅਗਵਾਈ ਅਬੁਦ ਸਮੱਦ ਖਾਨ ਨੂੰ ਸੌਂਪ ਦਿਤੀ। ਉਸ ਨੂੰ ਵਚਨ ਦਿੱਤਾ ਕਿ ਜੇ ਉਹ ਸਿੱਖਾਂ ਨੂੰ ਕੁਚਲਣ ਵਿਚ ਸਫਲ ਹੋ ਜਾਂਦਾ ਹੈ ਤਾਂ ਲਾਹੌਰ ਦਾ ਸੂਬੇਦਾਰ (ਰਾਜਪਾਲ) ਉਸ ਨੂੰ ਹੀ ਨਿਯੁਕਤ ਕੀਤਾ ਜਾਵੇਗਾ । ਕੇਂਦਰ ਸਰਕਾਰ ਵਲੋਂ ਸਿੱਖਾਂ ਦਾ ਖਲੜਾ ਹਲਕਾ ਹੋ ਗਿਆ ਕਿਉਂਕਿ ਪ੍ਰਮੁਖ ਕੇਂਦਰੀ ਸੈਨਾ ਦਾ ਦਬਾਅ ਇਥੇ ਹੀ ਬਣਿਆ ਰਹਿਣ ਲੱਗਾ।

ਅਬੁਦ ਸਮੱਦ ਖਾਨ ਨੇ ਨਵੀਂ ਨੀਤੀ ਦੇ ਅੰਤਰਗਤ ਇੱਕ -ਇੱਕ ਕਰਕੇ ਸਢੌਰਾ ਅਤੇ ਲੋਹਗੜ੍ਹ ਨੂੰ ਜਿਤਨ ਦੀ ਠਾਣੀ। ਤਦ ਸਿੱਖਾਂ ਨੇ ਇੱਕ ਰਾਤ ਅਚਾਨਕ ਸਢੌਰਾ ਕਿਲ੍ਹਾ ਤਿਆਗ ਦਿੱਤਾ ਅਤੇ ਉਹ ਲੋਹਗੜ੍ਹ ਦੇ ਕਿਲ੍ਹੇ ਵਿਚ ਚਲੇ ਗਏ। ਜਦੋਂ

ਲੋਹਗੜ੍ਹ ਦੇ ਕਿਲ੍ਹੇ ਤੇ ਵੀ ਦੁਸ਼ਮਣ ਸੈਨਾ ਦਾ ਦਬਾਅ ਵੱਧ ਗਿਆ ਤਾਂ ਸਿੱਖਾਂ ਨੇ ਉਸ ਨੂੰ ਵੀ ਇਸੇ ਵਿਧੀ ਅਨੁਸਾਰ ਤਿਆਗਾ ਦਿੱਤਾ। ਸਿੱਖ ਨਾਹਨ ਦੀਆਂ ਪਹਾੜੀਆਂ ਵਿਚ ਅਲੋਪ ਹੋ ਗਏ। ਦੁਸ਼ਮਣ ਸੈਨਾ ਨੇ ਉਨ੍ਹਾਂ ਨੂੰ ਕਈ ਥਾਵਾਂ ਤੇ ਖਿਲਰੇ ਹੋਏ ਵੇਖਿਆ ਪਰ ਸ਼ਾਹੀ ਸੈਨਾ ਵਿਚ ਕਿਸੇ ਦਾ ਵੀ ਸਿੱਖਾਂ ਦਾ ਪਿਛਾ ਕਰਨ ਦਾ ਹੌਸਲਾ ਨਾ ਹੋਇਆ ਕਿਉਂਕਿ ਉਹ ਜਾਣਦੇ ਸਨ ਸਿੱਖਾਂ ਨੂੰ ਹਾਰੇ ਹੋਏ ਨਹੀ ਸਮਝਣਾ ਚਾਹੀਦਾ। ਇਹ ਦੁਸ਼ਮਣ ਨੂੰ ਘੇਰੇ ਵਿਚ ਲਿਆ ਕੇ ਘਾਤ ਲਾ ਕੇ ਅਚਾਨਕ ਹਮਲਾ ਕਰ ਦੇਦੇ ਹਨ। ਇਸਲਈ ਸਿੱਖ ਜਿਥੇ ਜਾਂਦੇ ਸਨ, ਜਾਣ ਦਿੱਤਾ ਗਿਆ। ਇਹ ਘਟਨਾ ਨਵੰਬਰ ਮਹੀਨੇ ਦੇ ਅੱਧ ਵਿਚ ਵਾਪਰੀ। ਇਸ ਦੇ ਬਾਅਦ ਮੁਗਲ ਸੈਨਾ ਨੇ ਇਨ੍ਹਾਂ ਦੋਹਾਂ ਕਿਲ੍ਹਿਆਂ ਨੂੰ ਢਾਹ ਕੇ ਸਦਾ ਲਈ ਇਨ੍ਹਾਂ ਦੀ ਹੋਂਦ ਖਤਮ ਕਰ ਦਿੱਤੀ।

ਲੋਹਗੜ੍ਹ ਖਾਲੀ ਹੋ ਜਾਣ ਤੋਂ ਬਾਅਦ ਅਬੁਦਲ ਸਮਦ ਖਾਨ ਤਾਂ ਆਪਣੀ ਸੂਬੇਦਾਰੀ ਦੇ ਚੱਕਰ ਵਿਚ ਲਾਹੌਰ ਚਲਾ ਗਿਆ। ਉਸ ਦੇ ਪੁੱਤਰ ਜਕਰੀਆ ਖਾਨ ਅਤੇ ਫੌਜਦਾਰ ਸ਼ੰਭੂ ਨੂੰ ਦਿੱਲੀ ਬਾਦਸ਼ਾਹ ਫਰੁਖਸ਼ੀਅਰ ਦੀ ਸੇਵਾ ਵਿਚ ਭੇਜ ਦਿੱਤਾ, ਜੋ ਕਿ ਬਾਦਸ਼ਾਹ ਨੂੰ ਸਿੱਖਾਂ ਦੀ ਹਾਰ ਦਾ ਵਿਸਥਾਰ ਦੱਸਣ ਤੇ ਬਾਦਸ਼ਾਹ ਤੋਂ ਇਨਾਮ ਪ੍ਰਾਪਤ ਹੋ ਸਕੇ। ਬਾਦਸ਼ਾਹ ਨੇ ਉਨ੍ਹਾਂ ਨੂੰ ਇੱਕ ਖਿੱਲਤ, ਜੜਾਊ ਕਲਗੀ, ਝੰਡਾ ਅਤੇ ਨਗਰਾ ਤੋਹਫੇ ਵਜੋਂ ਦਿੱਤੇ।

## 'ਦਲ ਖਾਲਸਾ ਤੇ ਉਸ ਦੇ ਨਾਇਕ ਦਾ ਗੁਪਤਵਾਸ'

ਕੇਦਰੀ ਪ੍ਰਸ਼ਾਸਨ ਦੀ ਦ੍ਰਿਸ਼ਟੀ ਸਿੱਖਾਂ ਤੇ ਕਰੜੀ ਹੋ ਗਈ ਤਾਂ ਉਨ੍ਹਾਂ ਦਿਨਾਂ ਦੌਰਾਨ ਦਲ ਖਾਲਸਾ ਨੂੰ ਬਹੁਤ ਵੰਡੀਆਂ ਕੁਰਬਾਨੀਆਂ ਦੇਣ ਤੋ ਬਾਅਦ ਵੀ ਅੰਤ

ਵਿਚ ਹਾਰ ਦਾ ਮੂੰਹ ਵੇਖਣਾ ਪੈ ਰਿਹਾ ਸੀ। ਅੰਤ ਦੂਜੀ ਵਾਰ ਲੋਹਗੜ੍ਹ ਅਤੇ ਸਢੌਰਾ ਕਿਲ੍ਹੇ ਖੁੱਸ ਜਾਣ ਤੋਂ ਬਾਅਦ ਖਾਲਸਾ ਪੰਚਾਇਤ ਨੂੰ ਬਹੁਤ ਗੰਭੀਰ ਹੋ ਕੇ ਨਵੀਂ ਰਣਨੀਤੀ ਤਿਆਰ ਕਰਨੀ ਸੀ। ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਸਿੱਖਾਂ ਨੂੰ ਗੈਰ-ਕਾਨੂੰਨੀ ਲੋਕ (ਬਾਗੀ) ਘੋਸ਼ਿਤ ਕਰ ਦਿੱਤਾ ਗਿਆ ਸੀ, ਉਨ੍ਹਾਂ ਦਾ ਘਰ ਲੁੱਟ ਲੈਣਾ ਕੋਈ ਅਪਰਾਧ ਨਹੀ ਸੀ ਸਗੋਂ ਉਨ੍ਹਾਂ ਨੂੰ ਫੜਾਉਣ ਵਿਚ ਸਹਾਇਤਾ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਜਾ ਰਹੇ ਸਨ। ਅਜਿਹੇ ਵਾਤਾਵਰਣ ਵਿਚ ਜਿਥੇ ਸਿੱਖ ਹੋਣਾ ਇੱਕ ਅਪਰਾਧ ਮੰਨਿਆ ਜਾਣ ਲੱਗਾ ਉਥੇ ਸਿੱਖੀ ਦਾ ਵਧਣਾ ਫੁਲਣਾ ਅਸੰਭਵ ਜਿਹੀ ਗੱਲ ਬਣਦੀ ਜਾ ਰਹੀ ਸੀ। ਅਜਿਹੇ ਹਾਲਾਤ ਵਿਚ ਦਲ ਖਾਲਸਾ ਨੂੰ ਨਵੇਂ ਜਵਾਨਾਂ ਦੀ ਭਰਤੀ ਅਤੇ ਧਨ ਆਦਿ ਦੀਆਂ ਲੋੜਾਂ ਦੀ ਪੂਰਤੀ ਵੀ ਬਹੁਤ ਔਖੀ ਹੋ ਰਹੀ ਸੀ। ਅਖੀਰ ਦਲ- ਖਾਲਸਾ ਨੇ ਫੈਸਲਾ ਲਿਆ ਕਿ ਕੁਝ ਸਮੇ ਲਈ ਸ਼ਾਤ ਹੋ ਜਾਣ ਅਤੇ ਕਿਸੇ ਠੀਕ ਸਮੇ ਦੀ ਉਡੀਕ ਕਰਨ ਅਥਵਾ ਉਹ ਇਲਾਕਾ ਚੁਣਿਆ ਜਾਵੇ, ਜਿਹੜਾ ਸੈਨਿਕ ਦ੍ਰਿਸ਼ਟੀ ਤੋਂ ਕਮਜੋਰ ਹੋਵੇ ਜਾ ਜਿਥੇ ਕੇਂਦਰੀ ਸੈਨਿਕ ਸ਼ਕਤੀ ਆਸਾਨੀ ਨਾਲ ਨਾ ਪਹੁੰਚ ਸਕੇ। ਉਨ੍ਹਾਂ ਦਿਨਾਂ ਵਿਚ ਦੇਸ਼ ਵਿਚ ਮੀਂਹ ਨਾ ਪੈਣ ਕਾਰਣ ਅਕਾਲ (ਸੋਕਾ) ਵਰਗੀ ਹਾਲਾਤ ਪੈਦਾ ਹੋ ਰਹੀ ਸੀ। ਇਸ ਲਈ ਦਲ ਖਾਲਸਾ ਦੇ ਜਵਾਨਾਂ ਨੂੰ ਆਪਣੇ ਪਰਿਵਾਰਾਂ ਦੀ ਸੁਰੱਖਿਆ ਦੀ ਦਿਤਾ ਵੀ ਸਤਾ ਰਹੀ ਸੀ। ਅਜਿਹੇ ਹਾਲਾਤਾਂ ਵਿਚ ਕੋਈ ਹੱਲ ਨਜ਼ਰ ਨਾ ਆਉਣਾ ਬਹੁਤ ਵੱਡੀ ਦੁਬਿਧਾ ਬਣ ਗਿਆ ਸੀ।

ਦਲ ਖਾਲਸਾ ਦੇ ਸਾਹਮਣੇ ਸਭ ਤੋਂ ਪਹਿਲਾਂ ਆਪਣੇ ਪਰਿਵਾਰਾਂ ਦੀ ਸੁਰੱਖਿਆ ਦਾ ਭਾਰ ਸੀ। ਅੰਤ ਪੰਚਾਇਤ ਨੇ ਫੈਸਲਾ ਕੀਤਾ ਕਿ ਵਧੇਰੇ ਜਵਾਨ

ਛੋਟੀਆਂ-ਛੋਟੀਆਂ ਟੁਕੜੀਆਂ ਵਿਚ ਆਪਣੇ ਘਰਾਂ ਨੂੰ ਜਾਣ ਅਤੇ ਪਰਿਵਾਰਾਂ ਨੂੰ ਸੁਰੱਖਿਆ ਦੇਣ ਅਰਥਾਤ ਕਿਸੇ ਸ਼ਿਵਾਲਿਕ ਪਰਬਤ ਦੀਆਂ ਘਾਟੀਆਂ ਵਿਚ ਉਨ੍ਹਾਂ ਨੂੰ ਲੈ ਜਾਇਆ ਜਾਵੇ ਜਿਸ ਨਾਲ ਉਹ ਦੁਸ਼ਮਣ ਦੀ ਮਾੜੀ ਨਜ਼ਰ ਤੋਂ ਸੁਰੱਖਿਤ ਹੋ ਜਾਣ। ਜਦੋਂ ਸੰਕਟ ਖਤਮ ਹੋ ਜਾਵੇ ਤਾਂ ਦੁਬਾਰਾ ਸੰਗਠਿਤ ਹੋ ਕੇ ਆਪਣੇ ਉਦੇਸ਼ ਦੀ ਪੂਰਤੀ ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਦਲ ਖਾਲਸਾ ਵਿਚ ਵਧੇਰੇ ਜਵਾਨ ਮਾਲਵਾ ਇਲਾਕੇ ਦੇ ਸਨ, ਜਿਨ੍ਹਾਂ ਦੇ ਪਰਿਵਾਰਾਂ ਤੇ ਪ੍ਰਸਾਸਨ ਨੇ ਸਖਤ ਨਜ਼ਰ ਰੱਖੀ ਹੋਈ ਸੀ ਅਤੇ ਉਨ੍ਹਾਂ ਤੇ ਅਤਿਆਚਾਰਾਂ ਦਾ ਬਾਜ਼ਾਰ ਗਰਮ ਸੀ। ਇਸ ਲਈ ਰੋਪੜ ਜਿਲੇ ਦੇ ਨੌਜਵਾਨ ਸਮੂਹਿਕ ਰੂਪ ਵਿਚ ਆਪਣੇ ਘਰਾਂ ਨੂੰ ਪਰਤ ਆਏ ਕਿਉਂਕਿ ਇਹ ਇਲਾਕਾ ਕਹਿਲੂਰ ਪਰਬਤ ਮਾਲਾ ਦੇ ਨੇੜੇ ਸੀ ਅਤੇ ਦਲ- ਖਾਲਸਾ ਨੇ ਇਨ੍ਹਾਂ ਪਰਬਤਾਂ ਵਿਚ ਹੀ ਸ਼ਰਨ ਲਈ ਹੋਈ ਸੀ। ਰੋਪੜ ਜ਼ਿਲ੍ਹੇ ਦਾ ਫੌਜਦਾਰ ਵੱਡੀ ਗਿਣਤੀ ਵਿਚ ਸਿੱਖਾਂ ਦੀ ਆਮਦ ਵੇਖ ਕੇ ਉਥੋਂ ਭੱਜ ਗਿਆ  ਅਤ ਸਰਹਿੰਦ ਪਹੁੰਚ ਵਾਪਸ ਆਇਆ  ਤਦ ਤੱਕ ਸਿੱਖ ਜਵਾਨ ਆਪਣੇ ਪਰਿਵਾਰਾਂ ਨੂੰ ਨਾਲ ਲੈ ਕੇ ਜਾ ਚੁੱਕੇ ਸਨ। ਪਰ ਦਿਤੇ-ਕਿਤੇ ਗਿਆ ਦੇ ਜਵਾਨਾਂ ਨਾਲ ਛੋਟੀਆ-ਮੋਟੀਆਂ ਝੜਪਾਂ ਹੋਈਆਂ, ਜਿਨ੍ਹਾਂ ਵਿਚ ਦੋਹਾਂ ਧਿਰਾਂ ਨੂੰ ਇਕੋ ਜਿਹਾ ਨੁਕਸਾਨ ਸਹਿਣਾ ਪਿਆ।

ਦਲ ਖਾਲਸਾ ਦਾ ਨਾਇਕ ਬੰਦਾ ਸਿੰਘ ਵੀ ਪੰਚਾਇਤ ਦੇ ਫੈਸਲੇ ਅਨੁਸਾਰ ਆਪਣੇ ਪਰਿਵਾਰ ਨੂੰ ਮਿਲਣ ਆਪਣੇ ਸਹੁਰੇ ਚੰਬਾ ਪਹੁੰਚ ਗਿਆ। ਪਰ ਉਸਦੇ ਮਨ ਵਿਚ ਅਜੇ ਵੀ ਖਾਲਸੇ ਦੀ ਪ੍ਰਗਤੀ ਦੇਖਣ ਦੀ ਇੱਛਾ ਵਧੇਰੇ ਤੀਬਰ ਸੀ। ਪ੍ਰੰਤੂ ਇਕ ਵਾਰ ਮੌਕਾ ਖੁੰਝ ਜਾਣ ਕਾਰਨ ਹੁਣ ਸਭ ਕੁਝ ਅਸੰਭਵ ਲੱਗ ਰਿਹਾ ਜਾਪਦਾ ਸੀ।

ਕਿਉਂਕਿ ਦੁਸ਼ਮਣ ਸਾਵਧਾਨ ਹੋ ਚੁੱਕਾ ਸੀ ਅਤੇ ਕੁਝ ਕੁਦਰਤੀ ਸੰਯੋਗ ਵੀ ਨਹੀ ਸੀ ਬਣ ਰਿਹਾ। ਇਸ ਲਈ ਸਭ ਠੀਕ ਸਮਾਂ ਆਉਣ ਦੀ ਉਡੀਕ ਵਿਚ ਇਧਰ ਉਧਰ ਵਕਤ ਬਿਤਾ ਰਹੇ ਸਨ।

ਬੰਦਾ ਸਿੰਘ ਦਾ ਦਿਲ ਕੀਤਾ ਕਿ ਉਹ ਆਪਣੇ ਜਨਮ-ਸਥਾਨ ਰਾਜੌਰੀ ਆਦਿ ਇਲਾਕੇ ਦਾ ਇਕ ਵਾਰ ਦੌਰਾ ਕਰੇ ਪਰ ਇਹ ਸਭ ਕੁਝ ਸੰਭਵ ਨਹੀ ਸੀ ਕਿਉਂਕਿ ਕਦਮ-ਕਦਮ ਤੇ ਦੁਸ਼ਮਣ ਚੇਤੰਨ ਹੋ ਕੇ ਬੈਠਾ ਸੀ। ਪਰ ਬੰਦਾ ਸਿੰਘ ਵੀ ਬੁਜਦਿਲ ਨਹੀਂ ਸੀ। ਉਹ ਆਪਣੇ ਅੰਗ-ਰਖਿਆਕਾਂ ਦੇ ਇੱਕ ਦਲ ਨੂੰ ਲੈ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਰਾਜੌਰੀ ਪਹੁੰਚ ਹੀ ਗਿਆ। ਉਹ ਲੰਮੇ ਸਮੇਂ ਦੀ ਜੁਦਾਈ ਤੋਂ ਬਾਅਦ ਆਪਣੇ ਪੂਰਵਜਾ ਨੂੰ ਮਿਲੇ। ਪਰ ਸੁਰੱਖਿਅਤ ਪਹਾੜੀ ਇਲਾਕੇ ਨੂੰ ਆਪਣਾ ਡੇਰਾ ਬਣਾਇਆ ਅਤੇ ਆਪਣੇ ਪੂਰਵਜਾਂ ਦੇ ਪ੍ਰਭਾਵ ਕਰਕੇ ਆਪਣੀ ਬਿਰਾਦਰੀ ਦੇ ਇੱਕ ਪਰਿਵਾਰ, ਵਜੀਰਾਬਾਦ ਦੇ ਇੱਕ ਖੱਤਰੀ ਸ਼ਿਵਰਾਮ ਦੀ ਸੁਪੁਤਰੀ ਕੁਮਾਰੀ ਸਾਹਿਬ ਕੌਰ ਨਾਲ ਦਜਾ ਵਿਆਹ ਕਰਵਾ ਲਿਆ। ਜਿਸ ਦੀ ਕੁਖੋਂ ਰਣਜੀਤ ਸਿੰਘ ਪੁੱਤਰ ਪੈਦਾ ਹੋਇਆ। ਇਸੇ ਬਾਲਕ ਤੋਂ ਹੀ ਬੰਦਾ ਸਿੰਘ ਦਾ ਵੰਸ਼ ਚਲਦਾ ਆ ਰਿਹਾ ਹੈ। ਅਨੁਮਾਨ ਲਾਇਆ ਜਾਂਦਾ ਹੈ ਕਿ ਬੰਦਾ ਸਿੰਘ ਉਚਿਤ ਸਮੇਂ ਦੀ ਤਾਕ ਵਿਚ ਲਗਭਗ ਸਵਾ ਸਾਲ ਇਥੇ ਰਹੇ। ਇਥੇ ਰਹਿ ਕੇ ਹੀ ਉਨ੍ਹਾਂ ਨੇ ਦਲ ਖਾਲਸਾ ਦੀਆਂ ਅਗਲੀਆਂ ਗਤੀਵਿਧੀਆਂ ਦੀਆਂ ਯੋਜਨਾਵਾਂ ਬਣਾਈਆਂ, ਜਿਉਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਲਾਹੌਰ ਦਾ ਸੂਬੇਦਾਰ ਅਬਦੁਲ ਸਮਦ ਕਸੂਰ ਇਲਾਕੇ ਵਿਚ ਭੱਟੀਆਂ ਦਾ ਫਸਾਦ ਨਿਪਟਾਉਣ ਲਈ ਗਿਆ ਹੋਇਆ ਹੈ, ਉਸੇ ਸਮੇ ਉਨ੍ਹਾਂ ਨੇ ਖਿੰਡੇ ਹੋਏ ਸਮੂਹ ਸਿੱਖਾਂ ਨੂੰ ਲਾਮਬੱਧ ਕੀਤਾ।

# "ਦਲ-ਖਾਲਸਾ ਦਾ ਦੁਬਾਰਾ ਪ੍ਰਗਟ ਹੋਣਾ"

ਦਲ ਖਾਲਸਾ ਦੇ ਸੈਨਾ ਨਾਇਕ ਬੰਦਾ ਸਿੰਘ ਬਹਾਦਰ ਨੇ ਲਗਭਗ ਡੇਢ ਸਾਲ ਤੱਕ ਗੁਪਤਵਾਸ ਰਖ ਕੇ ਅਨਿਸਚਤਾ ਵਾਲਾ ਜੀਵਨ ਬਿਤਾਇਆ। ਇਸ ਵਿਚ ਉਨ੍ਹਾਂ ਦੇ ਆਪਣੇ ਪਰਿਵਾਰਕ ਕਾਰਣ ਵੀ ਸਨ। ਪਰ ਦਲ ਖਾਲਸਾ ਦਾ ਮੁੱਖ ਉਦੇਸ਼ ਕੇਂਦਰੀ ਮੁਗਲ ਸਰਦਾਰ ਦਾ ਧਿਆਨ ਆਪਣੇ ਵਲੋਂ ਹਟਾਉਣਾ ਸੀ। ਨਵੇਂ ਸਿਰੇ ਤੋਂ ਦਲ ਖਾਲਸਾ ਦਾ ਪੁਨਰਗਠਨ ਕਰਨਾ ਅਤੇ ਖਾਲਸਾ ਦਾ ਪੁਨਰਗਠਨ ਕਰਨਾ ਅਤੇ ਆਪਣੇ ਜਵਾਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਇਲਾਕਿਆਂ ਵਿਚ ਵਸਾਉਣਾ ਤੇ ਮੁਸ਼ਕਲ ਸਮੇਂ ਲਈ ਨਵੇ ਸੁਰੱਖਿਅਤ ਇਲਾਕੇ ਲੱਭਣਾ ਸੀ।

ਇਸ ਕੰਮ ਵਿਚ ਸਫਲਤਾ ਮਿਲਦਿਆਂ ਹੀ ਸੰਨ 1715 ਈ. ਨੂੰ ਬਸੰਤ ਰੁੱਤ ਦੇ ਆਉਂਦਿਆਂ ਹੀ ਦਲ ਖਾਲਸੇ ਨੇ ਆਪਣੇ ਮਿਥੇ ਉਦੇਸ਼ ਨੂੰ ਸਾਹਮਣੇ ਰੱਖਦੇ ਜੰਮੂ ਇਲਾਕੇ ਦੇ ਮੈਦਾਨਾਂ ਵਿਚ ਲਾਮਬੱਧ ਹੋਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਕਲਾਨੌਰ ਨੂੰ ਆਪਣੇ ਕਬਜ਼ੇ ਵਿਚ ਕਰਨ ਦਾ ਉਦੇਸ ਰਖਿਆ। ਸਿੱਖਾਂ ਦੇ ਪ੍ਰਗਟ ਹੋਣ ਦਾ ਸਮਾਚਾਰ ਸੁਣ ਕੇ ਕਲਾਨੌਰ ਦੇ ਫੌਜਦਾਰ ਸੁਹਰਾਵ ਖਾਨ ਅਤੇ ਉਸਦੇ ਕਾਨੂੰਨਗੋ ਸੰਤੋਸ਼ ਰਾਇ ਨੇ ਆਂਢ-ਗੁਆਂਢ ਦੇ ਪਰਗਨਿਆਂ ਤੋਂ ਹੋਰ ਵਾਧੂ ਫੌਜ਼ ਮੰਗਵਾ ਲਈ ਅਤੇ ਬਹੁਤ ਸਾਰੇ ਜਹਾਦੀਆਂ ਦੀ ਭੀੜ ਇਕੱਠੀ ਕਰ ਲਈ। ਪਰ ਸਿੱਖਾਂ ਦੇ ਇੱਕ ਹਮਲੇ ਨਾਲ ਸਾਰੇ ਭੱਜ ਖੜੇ ਹੋਏ ਅਤੇ ਬਹੁਤੇ ਤਾਂ ਪਿਛੇ ਮੁੜ ਕੇ ਦੇਖਣ ਜੋਗੇ ਵੀ ਨਹੀ ਸਨ। ਖੁਦ ਸੁਹਰਾਵ ਖਾਨ, ਸੰਤੋਸ਼ ਰਾਇ ਤੇ ਅਨੌਖ ਰਾਇ ਆਪਣੇ ਪ੍ਰਾਣ ਬਚਾ ਕੇ

ਰਣ-ਭੂਮੀ ਵਿਚੋਂ ਭੱਜ ਨਿਕਲੇ, ਇਸ ਤਰ੍ਹਾਂ ਕਲਾਨੌਰ ਫਿਰ ਦੁਬਾਰਾ ਸਿੱਖਾਂ ਦੇ ਹੱਥ ਆ ਗਿਆ। ਬੰਦਾ ਸਿੰਘ ਨੇ ਇਸ ਵਾਰ ਜਨ ਸਾਧਾਰਣ ਦੇ ਹਿੱਤਾਂ ਦਾ ਬਹੁਤ ਧਿਆਨ ਰਖਿਆ ਅਤੇ ਚੰਗਾ ਸ਼ਾਸਨ ਪ੍ਰਬੰਧ ਸਥਾਪਤ ਕਰਕੇ ਬਟਾਲੇ ਨਗਰ ਵੱਲ ਚਾਲੇ ਪਾ ਦਿੱਤੇ।

ਬਟਾਲਾ ਨਗਰ ਦਾ ਫੌਜਦਾਰ ਮੁਹੰਮਦ ਦਾਇਮ ਫੌਜ਼ਾਂ ਲੈ ਕੇ ਦੋਰਾਂ ਟਾਕਰੇ ਲਈ ਨਗਰ ਦੇ ਬਾਹਰ ਆ ਗਿਆ ਅਤੇ ਮੋਰਚਾ ਲਾ ਕੇ ਬੈਠ ਗਿਆ। ਲਗਭਗ ਛੇ ਘੰਟੇ ਬਹੁਤ ਘਮਸਾਨ ਦਾ ਯੁੱਧ ਹੋਇਆ ਧਿਰਾਂ ਨੂੰ ਭਾਰੀ ਨੁਕਸਾਨ ਹੋਇਆ ਪਰ ਮੁਗਲ ਸੈਨਾ ਹਾਰ ਖਾ ਕੇ ਭੱਜ ਗਈ। ਇਸ ਤਰ੍ਹਾਂ ਬਟਾਲੇ ਤੇ ਦਲ ਖਾਲਸੇ ਦਾ ਦੁਬਾਰਾ ਅਧਿਕਾਰ ਸਥਾਪਿਤ ਹੋ ਗਿਆ।

ਜਦੋਂ ਖਾਲਸੇ ਦੀਆਂ ਇਨ੍ਹਾਂ ਜਿੱਤਾਂ ਦੀ ਖਬਰ ਬਾਦਸ਼ਾਹ ਫਰੁਖਸ਼ੀਅਰ ਨੂੰ ਮਿਲੀ ਤਾਂ ਉਸਦੇ ਕ੍ਰੋਧ ਦੀ ਹੱਦ ਨਾ ਰਹੀ। ਉਹ ਬੌਖਲਾ ਉਠਿਆ, ਉਸਨੇ ਲਾਹੌਰ ਦੇ ਸੂਬੇਦਾਰ (ਰਾਜਪਾਲ) ਅਬਦੁਲ ਸਮਦ ਖਾਨ ਨੂੰ ਸਖਤ ਸ਼ਬਦਾਂ ਵਿਚ ਚਿੱਠੀ ਲਿਖੀ ਅਤੇ ਕਿਹਾ, ਉਹ ਆਪਣੀ ਸੰਪੂਰਨ ਤਾਕਤ ਸਿੱਖਾਂ ਦੇ ਦਮਨ ਅਤੇ ਉਨ੍ਹਾਂ ਦੇ ਨੇਤਾ ਨੂੰ ਫੜਨ ਵਿਚ ਲਾ ਦੇਵੇ। ਇਸ ਦੌਰਾਨ ਸਿੱਖਾਂ ਨੇ ਰਾਇਪੁਰ ਆਦਿ ਇਲਾਕੇ ਜਿੱਤ ਲਏ।

ਦਲ ਖਾਲਸਾ ਨੂੰ ਇਹ ਜਾਣਕਾਰੀ ਤਾਂ ਸੀ ਕਿ ਉਨ੍ਹਾਂ ਦੀਆਂ ਨਵੀਆਂ ਜਿੱਤਾਂ ਦੇ ਸਮਾਚਾਰਾਂ ਨੇ ਬਾਦਸ਼ਾਹ ਫਰੁਖਸ਼ੀਅਰ ਦੀ ਨੀਂਦ ਹਰਾਮ ਕਰ ਦਿੱਤੀ ਹੋਵੇਗੀ। ਇਸ ਲਈ ਉਹ ਕੇਂਦਰੀ ਮੁਗਲ ਸੈਨਾ ਦੀ ਦਖਲ ਅੰਦਾਜ਼ੀ ਤੋਂ ਪਹਿਲਾਂ ਆਪਣੇ ਲਈ ਕੋਈ

ਸੁਰੱਖਿਅਤ ਸਥਾਨ ਅਥਵਾ ਕਿਲ੍ਹਾ ਬਣਾ ਲੈਣਾ ਚਾਹੁੰਦੇ ਸਨ। ਇਸ ਲਈ ਜਥੇਦਾਰ ਬੰਦਾ ਸਿੰਘ ਨੇ ਕਲਾਨੌਰ ਤੇ ਬਟਾਲੇ ਦੇ ਵਿਚਕਾਰ ਇੱਕ ਕਿਲ੍ਹੇ ਦੇ ਨਿਰਮਾਣ ਦਾ ਕੰਮ ਅਜੇ ਸ਼ੁਰੂ ਹੀ ਹੋਇਆ ਸੀ ਕਿ ਦਿੱਲੀ ਵਲੋਂ ਨਾਇਬ ਆਰਿਫ ਬੇਗਖਾਨ ਦੀ ਅਗਵਾਈ ਵਿਚ ਬਹੁਤ ਵੱਡਾ ਮੁਗਲੀਆਂ ਸ਼ਾਹੀ ਲਸ਼ਕਰ ਦਲ ਖਾਲਸਾ ਦੇ ਵਿਰੁੱਧ ਕਾਰਵਾਈ ਕਰਨ ਦੇ ਲਈ ਪਹੁੰਚ ਗਿਆ।

ਸਥਾਨਕ ਰਾਜਪਾਲ ਦੀ ਸੈਨਾ ਅਤੇ ਕੇਂਦਰ ਦੀ ਸੈਨਾ ਦਲ ਖਾਲਸਾ ਦੀ ਸੰਖਿਆ ਤੋਂ ਦਸ ਗੁਣਾ ਸੀ। ਪਰ ਦਲ ਖਾਲਸੇ ਦੇ ਨਾਇਕ ਬੰਦਾ ਸਿੰਘ ਦਾ ਹੌਂਸਲਾ ਦੇਖਣ ਯੋਗ ਸੀ।

ਉਹ ਰਤੀ ਭਰ ਵੀ ਡੋਲ੍ਹੇ ਨਹੀਂ। ਉਹ ਆਪਣੇ ਮੋਰਚਿਆਂ ਵਿਚ ਨਿਡਰ ਹੋ ਕੇ ਡਟੇ ਰਹੇ।

ਪਹਿਲੇ ਯੁੱਧ ਵਿਚ ਉਹ ਐਨੀ ਬਹਾਦਰੀ ਨਾਲ ਲੜੇ ਕਿ ਬਾਦਸ਼ਾਹੀ ਜਰਨੈਲ ਉਨ੍ਹਾਂ ਦੀ ਵੀਰਤਾ ਵੇਖ ਕੇ ਹੈਰਾਨ ਰਹਿ ਗਏ। ਇੱਕਵਾਰ ਤਾਂ ਅਜਿਹਾ ਮਹਿਸੂਸ ਹੋਣ ਲੱਗਾ ਕਿ ਸ਼ਾਹੀ ਲਸ਼ਕਰ ਦੀ ਹਾਰ ਹੋਣ ਵਾਲੀ ਹੈ ਪਰ ਉਹ ਆਪਣੀ ਵਧੇਰੇ ਗਿਣਤੀ ਦੇ ਜ਼ੋਰ ਤੇ ਦੁਬਾਰਾ ਯੁੱਧ-ਖੇਤਰ ਤੇ ਕਾਬਜ਼ ਹੋ ਗਏ। ਮਜ਼ਬੂਰ ਹੋ ਕੇ ਦਲ – ਖਾਲਸਾ ਨੂੰ ਪਿਛੇ ਹਟਣਾ ਪਿਆ ਦਲ ਖਾਲਸਾ ਨੇ ਹੌਂਸਲੇ ਨਾਲ ਪਿਛੇ ਹਟਦੇ ਹੋਏ ਗੁਰਦਾਸਪੁਰ ਵਾਲੇ ਪਾਸੇ ਆਪਣਾ ਰੁਖ ਕੀਤਾ। ਦੁਸ਼ਮਣ ਸੈਨਾ ਨੇ ਉਨ੍ਹਾਂ ਦਾ ਪਿਛਾ ਕੀਤਾ ਪਰ ਸਿੱਖ ਪਿੱਛਾ ਕਰਨ ਵਾਲਿਆਂ ਤੇ ਜ਼ਖਮੀ ਸ਼ੇਰ ਦੀ ਤਰ੍ਹਾਂ ਭੜਕ ਕੇ ਹਮਲਾ ਕਰ ਦਿੰਦੇ ਅਤੇ

ਉਨ੍ਹਾਂ ਨੂੰ ਭਾਰੀ ਨੁਕਸਾਨ ਪਹੁੰਚਾ ਦੇਂਦੇ। ਇਸ ਲਈ ਦੁਸ਼ਮਣ ਸੈਨਾ ਆਪਣੇ ਬਚਾਉ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਨਾਲ ਟੱਕਰ ਲੈਣ ਤੋਂ ਕਤਰਾਉਣ ਲੱਗੀ। ਅਖੀਰ ਦਲ-ਖਾਲਸਾ ਹੌਲੀ- ਹੌਲੀ ਫਿਰ ਹੱਟਦੇ ਹੋਏ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਪਹੁੰਚਣ ਵਿਚ ਸਫਲ ਹੋ ਗਏ। ਇਸ ਗੜ੍ਹੀ ਦਾ ਅਸਲੀ ਨਾਮ ਭਾਈ ਦੁਨੀਚੰਦ ਦਾ (ਹਵੇਲੀ) ਅਦਾਰਾ ਸੀ। ਸੰਜੋਗ ਨਾਲ ਇਸ ਦੇ ਆਲੇ ਦੁਆਲੇ ਬਹੁਤ ਉੱਚੀ ਪੱਕੀ ਦੀਵਾਰ ਸੀ ਅਤੇ ਅੰਦਰ ਅਜਿਹੀ ਖੁੱਲ੍ਹੀ ਥਾਂ ਸੀ ਕਿ ਇਥੇ ਦਲ ਖਾਲਸਾ ਦੇ ਜਵਾਨ ਸਮਾ ਸਕਦੇ ਸਨ। ਜਥੇਦਾਰ ਬੰਦਾ ਸਿੰਘ ਨੇ ਆਪਣੇ ਸਿਪਾਹੀਆ ਨੂੰ ਆਦੇਸ਼ ਦਿੱਤਾ ਕਿ ਸਾਰੇ ਲੌਕ ਫਟਾਫਟ ਉਸ ਸਹਾਇਕ ਸਥਾਨ ਨੂੰ ਕਿਲ੍ਹੇ ਵਿਚ ਬਦਲਣ ਦੇ ਕੰਮ ਵਿਚ ਜੁੱਟ ਜਾਣ ਅਤੇ ਹਰ ਤਰ੍ਹਾਂ ਦੀ ਯੁੱਧ ਸਮੱਗਰੀ ਇੱਕਠੀ ਕਰਨ ਵੱਲ ਧਿਆਨ ਦੇਣ। ਬਸ ਫਿਰ ਕੀ ਸੀ ਸਿੱਖਾਂ ਨੇ ਦੁਸ਼ਮਣ ਦੇ ਨੇੜੇ ਆਉਣ ਤੋਂ ਪਹਿਲਾਂ ਰਸਦ, ਗੋਲਾ-ਬਰੂਦ, ਅਸਤਰ- ਸ਼ਸਤਰ ਕਿਸੇ ਵੀ ਕੀਮਤ ਤੇ ਖਰੀਦ ਲਏ ਅਤੇ ਗੜ੍ਹੀ ਨੂੰ ਮਜ਼ਬੂਤ ਕਿਲ੍ਹੇ ਵਿਚ ਬਦਲਣ ਵਿਚ ਜੁੱਟ ਗਏ। ਉਨ੍ਹਾਂ ਨੇ ਦੁਸਮਣ ਨੂੰ ਗੜ੍ਹੀ ਤੋਂ ਦੂਰ ਰਖਣ ਲਈ ਆਲੇ-ਦੁਆਲੇ ਇੱਕ ਖਾਈ ਬਣਾ ਲਈ ਅਤੇ ਉਸ ਨੈੜੇ ਵਗਦੀ ਨਹਿਰ ਦੇ ਪਾਣੀ ਨਾਲ ਭਰ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਮੁੱਖ ਨਹਿਰ ਨੂੰ ਤੋੜ ਕੇ ਉਸ ਦਾ ਪਾਣੀ ਇਸ ਤਰ੍ਹਾਂ ਖਿਲਾਰ ਦਿੱਤਾ ਕਿ ਦੁਸਮਣ ਉਨ੍ਹਾਂ ਦੇ ਨੇੜੇ ਨੇ ਆ ਸਕਣ, ਚਾਰੇ ਪਾਸੇ ਚਿੱਕੜ ਅਤੇ ਦਲਦਲ ਵਾਲੀ ਥਾਂ ਬਣਾ ਦਿੱਤੀ।

ਉਸਨੇ ਪੂਰਨ ਰੂਪ ਵਿਚ ਸ਼ਾਤਚਿਤ ਅਤੇ ਅਡੋਲ ਰਹਿ ਕੇ ਪ੍ਰਾਣ ਤਿਆਗੇ । ਬਾਕੀ ਸਿੱਖ ਅਧਿਕਾਰੀਆਂ ਨਾਲ ਵੀ ਇਸੇ ਤਰ੍ਹਾਂ ਦਾ ਹੀ ਅਣਮਨੁੱਖੀ ਵਿਵਹਾਰ ਕੀਤਾ ਗਿਆ ਅਤੇ ਫਿਰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

ਤਤਕਾਲੀਨ ਇਤਿਹਾਸਕਾਰਾਂ ਦੇ ਇੱਕ ਲਿਖਤੀ ਪ੍ਰਸੰਗ ਦੇ ਅਨੁਸਾਰ ਬਾਦਸ਼ਾਹ ਫਰੁਖਸ਼ੀਅਰ ਨੇ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਤੋਂ ਪੁੱਛ-ਗਿੱਛ ਕਰਦਿਆਂ ਕਿਹਾ - ਤੁਹਾਡੇ ਲੋਕਾਂ ਵਿਚੋਂ ਕੋਈ ਬਾਜ਼ ਸਿੰਘ ਨਾਂ ਦਾ ਵਿਅਕਤੀ ਹੈ, ਜਿਸ ਦੀ ਵੀਰਤਾ ਦੇ ਬਹੁਤ ਕਿੱਸੇ ਸੁਣਨ ਨੂੰ ਮਿਲਦੇ ਹਨ? ਤਦ ਬੇੜੀਆਂ ਅਤੇ ਹੱਥਕੜੀਆਂ ਵਿਚ ਜਕੜੇ ਬਾਜ਼ ਸਿੰਘ ਨੇ ਕਿਹਾ, " ਮੈਨੂੰ ਬਾਜ਼ ਸਿੰਘ ਕਹਿੰਦੇ ਹਨ। ਇਹ ਸੁਣਦਿਆਂ ਹੀ ਬਾਦਸ਼ਾਹ ਨੇ ਕਿਹਾ, " ਤੂੰ ਤਾਂ ਬੜਾ ਬਹਾਦਰ ਆਦਮੀ ਜਾਣਿਆ ਜਾਂਦਾ ਸੀ ਪਰ ਹੁਣ ਤਾਂ ਤੇਰੇ ਤੋਂ ਕੁਝ ਵੀ ਨਹੀਂ ਹੋ ਸਕਦਾ। ਜੁਆਬ ਵਿਚ ਬਾਜ਼ ਸਿੰਘ ਨੇ ਕਿਹਾ, ਜੇ ਤੁਸੀ ਮੇਰਾ ਕਰਤਬ ਵੇਖਣਾ ਚਾਹੁੰਦੇ ਹੋ ਤਾਂ ਮੇਰੀਆਂ ਬੇੜੀਆਂ ਖੁਲ੍ਹਣਾ ਚਾਹੁੰਦੇ ਹੈ ਤਾਂ ਮੇਰੀਆਂ ਬੇੜੀਆਂ ਖੁਲ੍ਹਣਾ ਦਿਉ ਤਾਂ ਮੈਂ ਹੁਣ ਵੀ ਤਹਾਨੂੰ ਤਮਾਸਾ ਵਿਖਾ ਸਕਦਾ ਹਾਂ। ਇਸ ਚੁਣੌਤੀ ਤੇ ਬਾਦਸ਼ਾਹ ਨੇ ਆਗਿਆ ਦੇ ਦਿੱਤੀ ਕਿ ਇਸਦੀਆਂ ਬੇੜੀਆਂ ਖੋਲ ਦਿੱਤੀਆਂ ਜਾਣ। ਕਿ ਇਸਦੀਆਂ ਬੋੜੀਆਂ ਖੋਲ੍ਹ ਦਿੱਤੀਆਂ ਜਾਣ। ਬਾਜ਼ ਸਿੰਘ ਅਜੇ ਵਾਂਗਾ ਝਪਟ ਕੇ ਬਾਦਸ਼ਾਹ ਦੇ ਦੋ ਕਰਮਚਾਰੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਉਨ੍ਹਾਂ ਨੂੰ ਆਪਣੀਆਂ ਹਥਕੜੀਆਂ ਨਾਲ ਹੀ ਚਿੱਤ ਕਰ ਦਿੱਤਾ। ਫਿਰ ਉਹ ਇੱਕ ਸ਼ਾਰੀ ਅਧਿਕਾਰੀ ਵੱਲ ਝਪਟਿਆ ਪਰ ਤਦ ਤੱਕ ਉਸ ਨੂੰ ਸ਼ਾਹੀ ਸੇਵਕਾ ਨੇ ਫੜ੍ਹ ਲਿਆ ਅਤੇ ਦੁਬਾਰਾ ਬੇੜੀਆਂ ਵਿਚ ਜਕੜ ਦਿੱਤਾ ਗਿਆ।

## ਬੰਦਈ ਅਤੇ ਤੱਤ ਖਾਲਸਾ ਵਿਚ ਮੱਤਭੇਦ

ਦਲ ਖਾਲਸਾ ਦੇ ਨਾਇਕ ਜਥੇਦਾਰ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਿਪਾਹੀਆਂ ਦੀ ਸ਼ਹੀਦੀ ਦੇ ਬਾਅਦ ਮੁਗਲ ਪ੍ਰਸ਼ਾਸਨ ਨੇ ਬੰਦਾ ਸਿੰਘ ਦੇ ਸਮਰਥਕਾਂ ਦੇ ਨਾਲ ਹੀ

ਸਮੁੱਚੀ ਸਿੱਖ ਕੌਮ ਨੂੰ ਹੀ ਬਾਗੀ (ਦੇਸ਼ ਧ੍ਰੋਹੀ) ਘੋਸ਼ਿਤ ਕਰ ਦਿੱਤਾ। ਇਸ ਸੰਬੰਧ ਵਿਚ ਇੱਕ ਸ਼ਾਹੀ ਅਧਿਆਦੇਸ਼ ਜਾਰੀ ਕੀਤਾ ਗਿਆ ਕਿ ਜਿਥੇ ਵੀ ਕੋਈ ਸਿੱਖ ਸੰਪਰਦਾਇ ਦਾ ਵਿਅਕਤੀ ਮਿਲ ਜਾਵੇ, ਬਿਨ੍ਹਾਂ ਕਿਸੇ ਸੰਕੋਚ ਦੇ ਉਸ ਣੀ ਹੱਤਿਆ ਕਰ ਦਿੱਤੀ ਜਾਵੇ, ਇਸ ਆਦੇਸ਼ ਨੂੰ ਅਮਲੀ ਰੂਪ ਦੇਣ ਲਈ ਹਰੇਕ ਸਿੱਖ ਦੇ ਸਿਰ ਲਈ ਇਨਾਮ ਦੀ ਰਕਮ ਨਿਸ਼ਚਿਤ ਇਸ ਆਦੇਸ਼ ਨੂੰ ਅਮਲੀ ਰੂਪ ਦੇਣ ਲਈ ਹਰੇਕ ਸਿੱਖ ਦੇ ਸਿਰ ਲਈ ਇਨਾਮ ਦੀ ਰਕਮ ਨਿਸ਼ਚਿਤ ਕਰ ਦਿੱਤੀ ਗਈ। ਲਾਹੌਰ ਦੇ ਸੂਬੇਦਾਰ (ਹਾਜਪਾਲ) ਅਬਦੁਸ ਸਮਦ ਖਾਨ ਦੀਆਂ ਗਸ਼ਤੀ ਸੈਣਾਵਾਂ ਨੇ ਸਿੱਖਾਂ ਨੂੰ ਖੋਜਣ ਲਈ ਸਮੁੱਚਾ ਪੰਜਾਬ ਦਾ ਇਲਾਕਾ ਛਾਣ ਮਾਰਿਆ ਅਤੇ ਜੰਗਲੀ ਜੀਵਾ ਦੀ ਤਰ੍ਹਾਂ ਉਨ੍ਹਾਂ ਦੇ ਸ਼ਿਕਾਰ ਕੀਤਾ। ਇਯ ਸਮੇਂ ਕੌਰਾਨ ਜਿਹੜੇ ਸਿੱਖ ਮਾਰੇ ਗਏ ਉਨ੍ਹਾਂ ਦੀ ਗਿਣਤੀ ਹੈਰਾਨੀ ਜਨਕ ਸੀ। ਕੁਝ ਦਿਨ ਆਪਣੇ ਆਪ ਨੂੰ ਸੁਰੱਖਿਅਤ ਕਰਨ ਲਈ ਸਿੱਖ ਆਪਣੇ ਪਰਿਵਾਰਾ ਸਮਤੇ ਆਪਣੀ ਜਨਮ ਭੂਮੀ ਤਿਆਗ ਕੇ ਦੂਰ-ਦੂਜੇ ਪ੍ਰਦੇਸ਼ਾਂ ਅਖਵਾ ਸ਼ਿਵਾਲਿਕ ਪਰਬਤ-ਮਾਲਾ ਵਿਚ ਕਿਤੇ ਲੁਕਣ ਲਈ ਚਲੇ ਗਏ ਸਿਰਫ ਇਹ ਲੋਕ ਉਸ ਸਮੂਹਿਕ ਹੱਤਿਆ - ਕਾਂਡਾ ਤੋਂ ਬਚ ਸਕੇ।

ਦਿੱਲੀ ਵਿਚ ਬਾਦਸ਼ਾਹ ਫਰੁਖਸ਼ੀਅਰ ਦੀ ਹੱਤਿਆ ਦੇ ਬਾਅਦ ਸੰਨ 1718 ਈ ਵਿਚ ਤਾਕਤ ਬਦਲਣ ਕਰਕੇ ਸਿੱਖਾਂ ਨੂੰ ਕੁਝ ਰਾਹਤ ਮਿਲੀ ।ਇਸ ਉਥਲ-ਪੁਥਲ ਦਾ ਲਾਭ ਉਠਾਉਦਿਆਂ ਹੋਇਆਂ ਦੁਰਾਡੇ ਇਲਾਕਿਆਂ ਅਤੇ ਕੁਝ ਜੰਗਲ ਤੇ ਮਰੂਭੂਮੀਆਂ ਤੋਂ ਸਿੱਖ ਹੌਲੀ-ਹੌਲੀ ਵਾਪਸ ਪਰਤਣ ਲੱਗੇ। ਇਸ ਲੰਮੇ ਸਮੇਂ ਵਿਚ ਅਬਦੁਸ ਸਮਦ ਵੀ ਕੁਝ ਕਮਜ਼ੋਰ ਪੈ ਗਿਆ ਸੀ ਕਿਉਂਕਿ ਸਿੱਖਾਂ ਨੂੰ ਮਾਰਣ ਤੇ ਉਹ ਹੋਰ ਧਦੇ ਸਲ ਅਤੇ ਵਧੇਰੇ ਆਤਕ ਫੈਲਾਉਂਦੇ ਸਨ। ਉਹ ਥੱਕ ਹਾਰ ਗਿਆ। ਵਧੇਰੇ ਸਿੱਖ ਲੋਕ ਛੋਟੇ-ਛੋਟੇ

ਮਸੂਹਾਂ ਵਿਚ ਸੰਗਠਿਤ ਹੋ ਗਏ ਸਨ। ਉਹ ਆਪਣੀ ਸੁਰੱਖਿਆ ਲਈ ਸੁਰੀਲਾ ਯੁੱਧ ਦਾ ਸਹਾਰਾ ਫੌਜ਼ ਤੇ ਸਮੇਂ -ਸਮੇਂ ਤੇ ਛਾਪੇ ਮਾਰਨ ਲੱਗੇ ਸਨ। ਉਹ ਅਤਿਆਚਾਰਾਂ ਦਾ ਬਦਲਾ ਲਏ ਬਿਨਾਂ ਨਹੀਂ ਰਹਿੰਦੇ ਸਨ। ਅੰਤ ਪ੍ਰਸ਼ਾਸਨ ਦੀ ਇਨ੍ਹਾਂ ਨੇ ਕਮਰ (ਲੋਕ) ਤੋੜ ਦਿੱਤੀ। ਇਸ ਤਰ੍ਹਾਂ ਪ੍ਰਸ਼ਾਸਨ ਨੂੰ ਵੀ ਇਹ ਅਹਿਸਾਸ ਹੋ ਗਿਆ ਕਿ ਖ਼ੂਨ ਦਾ ਬਦਲ ਖ਼ੂਨ ਨੀਤੀ ਅਪਨਾ ਕੇ ਕਦੇ ਬਥਾਈ ਸ਼ਾਂਤੀ ਸਥਾਪਿਤ ਨਹੀਂ ਹੋ ਸਕਦੀ। ਇਸ ਲਈ ਸਿੱਖਾਂ ਤੇ ਲੋਗੀਆਂ ਪਾਬੰਦੀਆਂ ਹੋਲੀ ਹੌਲੀ ਖਤਮ ਹੁੰਦੀਆਂ ਗਈਆਂ, ਜਿਵੇਂ ਜਿਵੇਂ ਹਾਲਾਤ ਸੁਧਰਦੇ ਗਏ, ਹੌਲੀ-ਹੌਲੀ ਸਿੱਖ ਘਰਾਂ ਨੂੰ ਵਾਪਸ ਪਰਤ ਆਏ।

ਦਸੰਬਰ 17●4 ਵਿਚ ਆਨੰਦਪੁਰ ਸਾਹਿਬ ਦੇ ਵਿਨਾਸ਼ ਦੇ ਬਾਅਦ ਪੰਜਾਬ ਵਿਚ ਸਿੱਖਾਂ ਦੇ ਲਈ ਸਭ ਤੋਂ ਵੱਡਾ ਤੀਰਥ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਹੀ ਸੀ। ਕਿਉਂਕਿ ਹਾਲੇ ਕੇਸਗੜ੍ਹ ਸਾਹਿਬ ਆਪਣੇ ਪੁਰਾਲੇ ਗੌਰਵ ਨੂੰ ਪ੍ਰਾਪਤ ਨਹੀਂ ਕਰ ਸਕਿਆ ਸੀ। ਇਸ ਦੇ ਇਲਾਵਾ ਇਹ ਸਥਾਨ ਕਾਫੀ ਦੂਰ ਇੱਕ ਕੋਨੇ ਵਿਚ ਹੋਣ ਦੇ ਕਾਰਣ ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦਾ ਹੋਰ ਵੀ ਵਧੇਰੇ ਮਹੱਤਵ ਵੱਧ ਗਿਆ ਸੀ ਕਿਉਂਕਿ ਉਹ ਪੰਜਾਬ ਦੇ ਕੇਂਦਰ ਵਿਚ ਸਥਿਤ ਹੈ।

ਇਨ੍ਹਾਂ ਦਿਨਾਂ ਵਿਚ ਸ੍ਰੀ ਕਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਬੰਧ ਲਈ ਕੋਈ ਵਿਸ਼ੇਸ਼ ਕਮੇਟੀ ਨਹੀਂ ਸੀ। ਸ਼ਰਧਾਲੂਆਂ ਦੀ ਗਿਣਤੀ ਲਗਾਤਾਰ ਵੱਧਣ ਨਾਲ ਉਥੋਂ ਦੀ ਆਮਦਨ ਵੀ ਵਧਣ ਲੱਗੀ। ਦਲ ਖਾਲਸਾ ਦੇ ਕੁਝ ਛੋਟੇ ਦਲ ਉਥੇ ਹਾਜ਼ਰ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਇੱਛਾ ਰਹਿੰਦੀ ਸੀ ਕਿ ਚੜ੍ਹਾਵੇ ਦਾ ਪੈਸਾ (ਧਨ) ਉਨ੍ਹਾਂ ਨੂੰ ਮਿਲੇ ਤਾਂਕਿ ਉਹ ਖਾਲਸੇ ਦੀ ਚੜ੍ਹਦੀ ਦਲਾ ਲਈ ਖਰਚ ਕਰ ਸਕਣ। ਇਨ੍ਹਾਂ ਵਿਚ ਦੋ

ਪ੍ਰਮੁੱਖ ਗੁੱਟ ਸਨ। ਜਥੇਦਾਰ ਵਿਨੋਦ ਸਿੰਘ ਜਿਹੜਾ ਆਪਣੇ ਆਪ ਨੂੰ ਤੱਤ ਖਾਲਸੇ ਦਾ ਪ੍ਰਤੀਨਿਧ ਦੱਸਦਾ ਸੀ। ਉਹ ਚਾਹੁੰਦਾ ਸੀ ਕਿ ਸੇਵਾ ਦਾ ਕੰਮ ਉਸਦੇ ਕੋਲ ਰਹੇ ਪਰ ਉਸ ਸਮੇਂ ਇਹ ਪ੍ਰਬੰਧ ਸਰਦਾਰ ਅਮਰ ਸਿੰਘ ਦੇ ਹੱਥ ਵਿਚ ਸੀ, ਜਿਨ੍ਹਾਂ ਨੂੰ ਮਹੰਤਾ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਆਪਣਾ ਅਧਿਕਾਰ ਛੱਡਣ ਲਈ ਤਿਆਰ ਨਹੀਂ ਸਨ। ਬਸ ਇਸੇ ਗੱਲ ਨੂੰ ਲੈ ਕੇ ਆਪਸ ਵਿਚ ਮਤਭੇਦ ਬਹੁਤ ਗਹਿਰਾ ਹੋ ਗਿਆ। ਧੜੇਬੰਦੀ ਦੇ ਕਾਰਨ ਇੱਕ ਦੂਜੇ ਨੂੰ ਨੀਂਵਾ ਦਿਖਾਉਣ ਲਈ ਪਹਿਲਾਂ ਸ਼ਬਦੀ ਜੰਗ ਸ਼ੁਰੂ ਹੋ ਗਈ। ਨਤੀਜੇਵਜੋ ਇੱਕ ਦੂਜੇ ਨੂੰ ਬੁਰਾ ਭਲਾਂ ਕਿਹਾ ਗਿਆ। ਖੇਮਕਰਨ ਨੇ ਭਰਾ ਅਮਰ ਸਿੰਘ ਵਿਸੁੱਧ ਸ਼ਾਕਾਹਾਰੀ ਸਨ। ਇਸ ਲਈ ਇਸ ਗੱਲ ਨੂੰ ਲੈ ਕੇ ਉਨ੍ਹਾਂ ਨੂੰ ਬੰਦਈ ਖਾਲਸਾ ਦੇ ਨਾਂ ਨਾਲ ਸੰਬੋਧਿਤ ਕੀਤਾ ਗਿਆ। ਕਿਉਂਕਿ ਬਦਾ ਸਿੰਘ ਦੇ ਨਿਕਟ ਵਰਤੀ ਮਾਸਾਹਾਰੀ ਨਹੀ ਸਨ। ਮੁੱਖ ਗੱਲ ਤਾਂ ਚੜ੍ਹਾਵੇ ਦੇ ਧਨ ਅਤੇ ਉਥੋ ਦੇ ਪ੍ਰਬੰਧ ਦਾ ਅਧਿਕਾਰ ਪ੍ਰਾਪਤ ਕਰਨ ਦੀ ਸੀ। ਪਰ ਧੜੇਬੰਦੀ (ਗੁੱਟਬੰਦੀ) ਇੱਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਬਜ਼ਿੱਦ ਸੀ। ਅਜਿਹੇ ਹਾਲਾਤਾਂ ਵਿਚ ਸਨ 1720● ਦੀ ਦੀਵਾਲੀ ਦੇ ਦਿਨ ਜਦੋਂ ਦੋਵੇਂ ਧੜੇ ਅੰਮ੍ਰਿਤਸਰ ਪਹੁੰਚੇ ਤਾਂ ਉਨ੍ਹਾਂ ਵਿਚ ਲੜਾਈ ਦੇ ਆਸਾਰ ਹੋਰ ਵਧ ਗਏ। ਜਥੇਦਾਰ ਵਿਨੋਦ ਸਿੰਘ ਦੇ ਲੜਦੇ ਕਾਰਨ ਸਿੰਘ ਦੀ ਅਗਵਾਈ ਵਿਚ ਦੀਵਾਲੀ ਦਾ ਮੇਲਾ ਲੱਗਣਾ ਸੀ। ਮੇਲੇ ਵਿਚ ਸ਼ਾਂਤੀ ਸਥਾਪਿਤ ਰਖਣੀ ਵੀ ਉਨ੍ਹਾਂ ਦਾ ਹੀ ਫਰਜ਼ ਸੀ। ਉਨ੍ਹਾਂ ਝਗੜਾ ਖਤਮ ਕਰਨ ਦੀ ਕੋਸ਼ਿਸ ਕੀਤੀ ਪਰ ਅਸਫਲ ਰਹੇ। ਇਸ ਦੌਰਾਨ ਮਾਤਾ ਸੁੰਦਰੀ ਜੀ ਨੇ, ਜਿਹੜੇ ਉਸ ਸਮੇਂ ਦਿੱਲੀ ਵਿਖੇ ਰਹਿੰਦੇ ਸਨ, ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਝਗੜੇ ਨੂੰ ਨਿਪਟਾਉਣ ਲਈ ਅੰਮ੍ਰਿਤਸਰ ਭੇਜਿਆ, ਉਨ੍ਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਦੋਹਾਂ

ਧੜਿਆਂ ਦੇ ਝਗੜੇ ਨੂੰ ਰੋਕਿਆ ਅਤੇ ਸਲਾਹ ਦਿੱਤੀ ਕਿ ਉਹ ਆਪਸੀ ਵਿਚਾਰ-ਵਟਾਂਦਰੇ ਲਈ ਸਹਿਮਤ ਹੋ ਜਾਣ। ਉਨ੍ਹਾਂ ਨੇ ਕਾਗਜ਼ ਦੀਆਂ ਦੋ ਪਰਚੀਆਂ ਬਣਾਈਆਂ। ਇੱਕ ਪਰਚੀ ਤੇ ਤੱਤ ਖਾਲਸਾ ਦਾ ਨਾਅਰਾ

‘ਵਾਹਿਗੁਰੂ ਜੀ ਦਾ ਖਾਲਸਾ,

ਵਾਹਿਗੁਰੂ ਜੀ ਦੀ ਫਤਹਿ’।

ਅਤੇ ਦੂਜੀ ਪਰਚੀ ਤੇ ਅਖੌਤੀ ਬੰਦਈ ਖਾਲਸਾ ਵਲੋਂ ਉਨ੍ਹਾਂ ਦੀ ਨਿਸ਼ਾਨੀ ਦੇ ਰੂਪ ਵਿਚ ਨਾਅਰਾ ‘ਫਤਹਿ ਦਰਸ਼ਨ’ ਲਿਖ ਦਿੱਤਾ, ਸ਼ਰਤ ਇਹ ਲਗਾਈ ਗਈ ਕਿ ਦੋਹਾ ਪਰਚੀਆਂ ਨੂੰ ਇਕੋ ਵੇਲੇ ਦਰਬਾਰ ਸਾਹਿਬ ਦੇ ਸਰੋਵਰ ਵਿਚ ਡੁਬੋ ਦਿੱਤਾ ਜਾਵੇ। ਜਿਹੜੀ ਪਰਚੀ ਪਾਣੀ ਵਿਚ ਡੁੱਬੀ ਰਹਿ ਜਾਵੇ ਉਹ ਆਪਣੇ ਆਪ ਨੂੰ ਖਤਮ ਕਰਕੇ ਦੂਜੀ ਪਾਰਟੀ ਵਿਚ ਰਲ ਜਾਵਗੇ। ਦੋਹਾਂ ਧੜਿਆ ਨੇ ਇਹ ਗੱਲ ਸਵੀਕਾਰ ਕਰ ਲਈ। ਜਦੋਂ ਪਰਚੀਆਂ ਪਾਣੀ ਵਿਚ ਡੁਬੋ ਦਿੱਤੀਆਂ ਗਈਆਂ ਤਾਂ ਕੁਝ ਸਮੇਂ ਦੀ ਉਡੀਕ ਦੇ ਬਾਅਦ’ ਵਾਹਿਗੁਰੂ ਜੀ ਕਾ ਖਾਲਸਾ’ ਵਾਲੀ ਪਰਚੀ ਪਾਣੀ ਦੀ ਤਹਿ ਤੇ ਉਭ ਆਈ। ਇਸ ਲਈ ਤੱਤ ਖਾਲਸਾ ਦੇ ਪੱਖ ਵਿਚ ਵਿਚ ਜਿੱਤ ਦਾ ਐਲਾਨ ਕਰ ਦਿੱਤਾ ਗਿਆ। ਪਰ ਬਹੁਤ ਸਾਰੇ ਅਖੌਤੀ ਬੰਦਈ ਖਾਲਸਿਆਂ ਨੇ ਇਸ ਫੈਸਲੇ ਨੂੰ ਸਵੀਕਾਰ ਨਾ ਕੀਤਾ ਅਤੇ ਆਪਣੇ ਆਪ ਨੂੰ ਤੱਤ ਖਾਲਸਾ ਵਿਚ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਅਸਲ ਚਿ ਉਹ ਕਰਨਾ ਨਹੀ ਚਾਹੁੰਦੇ ਸਨ ਅੰਤ ਵਿਚ ਇਹ ਫੈਸਲਾ ਹੋਇਆ ਕਿ ਅਕਾਲ ਤਖਤ ਦੇ ਸਾਹਮਣੇ ਦੋਹਾਂ ਧੜਿਆ ਦੇ ਨੇਤਾਵਾਂ ਵਿਚਕਾਰ ਇੱਕ ਕੁਸ਼ਤੀ ਕਰਵਾਈ ਜਾਵੇ, ਹਾਰਿਆ ਹੋਇਆ ਦਲ ਆਪਣੇ ਆਪ ਨੂੰ ਵਿਰੋਧੀ ਦਲ ਵਿਚ

ਲੀਨ ਕਰ ਦੇਵੇਗਾ, ਜਦੋਂ ਅਜਿਹਾ ਕੀਤਾ ਗਿਆ ਤਾਂ ਫਿਰ ਤੱਤ ਖਾਲਸਾ ਹੀ ਜੇਤੂ ਰਿਹਾ । ਇਸ ਤੋਂ ਬਾਅਦ ਬਹੁਤ ਸਾਰੇ ਅਖੌਤੀ ਬੰਦਈ ਖਾਲਸਾ ਦੇ ਵਧੇਰੇ ਮੈਂਬਰਾਂ ਨੇ ਆਪਣਾ ਦਲ ਸਮਾਪਤ ਕਰ ਦਿੱਤਾ। ਪਰ ਕੁਝ ਥੋੜ੍ਹੇ ਜਿਹੇ ਵਿਅਕਤੀਆਂ ਨੇ ਇਹ ਫੈਸਲਾ ਸਵੀਕਾਰ ਨਾ ਕੀਤਾ। ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚੋਂ ਤਾਕਤ ਨਾਲ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਦੀ ਸ਼ਿਕਾਇਤ ਸੀ ਕਿ ਤੱਤ ਖਾਲਸਾ 'ਸਰਕਾਰੀਆਂ' ਹੈ ਭਾਵ ਇਹ ਲੋਕ ਮੁਗਲ ਸਰਕਾਰ ਦੀ ਨੌਕਰੀ ਕਰਦੇ ਹਨ, ਇਸ ਲਈ ਇਨ੍ਹਾਂ ਦਾ ਕੰਟਰੋਲ ਦਰਬਾਰ ਸਾਹਿਬ ਦੇ ਨਹੀ ਹੋਣਾ ਚਾਹੀਦਾ।

ਬਸ ਫਿਰ ਕੀ ਸੀ ਦੁਸ਼ਮਣ ਜਿਹੜੇ ਉਨ੍ਹਾਂ ਦੇ ਨਾਂ ਤੋਂ ਕੰਬਦੇ ਸਨ, ਹੁਣ ਉਨ੍ਹਾਂ ਦੀ ਲਾਚਾਰੀ ਤੇ ਬਹਾਦਰੀ ਦੇ ਜੌਹਰ ਵਿਖਾਉਣ ਲੱਗੇ। ਸਫਲਤਾ ਦੇ ਹੰਕਾਰ ਵਿਚ ਅਬਦੁਸ ਸਮਦ ਖਾਨ ਚੰਗੇ ਵਿਵਹਾਰ ਦੇ ਸਾਰੇ ਵਚਨ ਭੁਲ ਗਿਆ ਅਤੇ ਨਿਢਾਲ ਹੋ ਰਹੇ ਸਿੱਖਾਂ ਦੇ ਹੱਥ - ਪੈਰ ਜਕੜ ਦੇ ਉਨ੍ਹਾਂ ਨੂੰ ਕਸ਼ਟ ਦਿੱਤੇ ਗਏ। ਕੁਝ ਬੇਸੁਰਤ ਸਿੱਖਾਂ ਨੂੰ ਉਥੇ ਹੀ ਖਤਮ ਕਰ ਦਿੱਤਾ ਗਿਆ। ਉਨ੍ਹਾਂ ਦੇ ਢਿੱਡ ਇਸ ਲਾਲਚ ਲਈ ਚੀਰ ਦਿੱਤੇ ਗਏ ਕਿ ਕਿਤੇ ਉਹ ਸੋਨੇ ਦੀਆਂ ਮੁਹਰਾਂ ਹੀ ਨਾ ਨਿਗਲ ਗਏ ਹੋਣ। ਇਸ ਤਰ੍ਹਾਂ ਪੂਰਾ ਮੈਦਾਨ ਖੂਨ ਨਾਲ ਲੱਖ-ਪੱਥ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਦੇ ਸਿਰ ਕੱਟ ਕੇ ਘਾਹ-ਫੂਸ ਨਾਲ ਭਰ ਦਿੱਤੇ ਗਏ ਅਤੇ ਭਾਲਿਆਂ ਤੇ ਟੰਗ ਦਿੱਤੇ ਗਏ। ਗੁਰਦਾਸ ਨੰਗਲ ਦਾ ਪਿੰਡ ਅਤੇ ਭਾਈ ਦੁਨੀ ਚੰਦ ਦੀ ਹਵੇਲੀ ਸਭ ਤਹਿਸ- ਨਹਿਸ ਕਰ ਦਿਤੇ ਗਏ, ਉਥੇ ਸਿਰਫ ਖੰਡਰ ਹੀ ਬਾਕੀ ਰਹਿ ਗਏ ਸਨ। ਇਹ ਘਟਨਾ ਦਸੰਬਰ ਦੇ ਸ਼ੁਰੂ ਵਿਚ ਸੰਨ 1715 ਈ. ਨੂੰ ਹੋਈ।

ਮੁਹੰਮਦ ਹਾਦੀ ਕਾਮਵਰ ਖਾਨ ਲਿਖਦ ਹੈ, ਇਹ ਕਿਸੇ ਦੀ ਬੁਧੀਮਤਾ ਜਾਂ ਸੂਰਬੀਰਤਾ ਦਾ ਨਤੀਜਾ ਨਹੀ ਸੀ ਸਗੋਂ ਪ੍ਰਮਾਤਮਾ ਕੀ ਕ੍ਰਿਪਾ ਸੀ ਕਿ ਇਹ ਤਰ੍ਹਾ ਹੋ ਗਿਆ। ਨਹੀਂ ਤਾਂ ਹਰ ਕੋਈ ਜਾਣਦਾ ਸੀ ਕਿ ਸਵਰਗਵਾਸੀ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਚਾਰੇ ਸ਼ਹਿਜ਼ਾਦਿਆਂ ਅਤੇ ਅਣਗਿਣਤ ਵੱਡੇ-ਵੱਡੇ ਅਫਸਰਾਂ ਸਹਿਤ ਇਸ ਵਿਦਰੋਹ ਨੂੰ ਖਤਮ ਕਰਨ ਲਈ ਅਣਗਿਣਤ ਯਤਨ ਕੀਤੇ ਸਨ। ਪਰ ਉਹ ਸਾਰੇ ਅਸਫਲ ਹੀ ਰਹੇ।

## ਕੈਦੀ ਸਿੱਖਾਂ ਦੇ ਨਾਲ ਦੁਰਵਿਵਹਾਰ

7 ਦਸੰਬਰ ਸੰਨ 1715 ਈਸਵੀ ਨੂੰ ਸ਼ਾਹੀ ਸੈਨਾ ਨੇ ਗੁਰਦਾਸ ਨੰਗਲ ਦੀ ਗੜ੍ਹੀ ਤੇ ਕਬਜ਼ਾ ਕਰ ਲਿਆ। ਬਹੁਤ ਵੱਡੀ ਸੰਖਿਆ ਵਿਚ ਬੇਸੁਰਤ ਅਤੇ ਅੱਧ ਮੋਏ ਸਿੱਖਾਂ ਨੂੰ ਮਾਰ ਦਿੱਤਾ ਗਿਆ। ਜਿਹੜੇ ਬਚੇ ਉਨ੍ਹਾਂ ਦੀ ਗਿਣਤੀ ਲਗਭਗ 300 ਦੇ ਕਰੀਬ ਸੀ। ਅਬਦੁਸ ਸਮਦ ਖਾਨ ਸਿੱਖ ਕੈਦੀਆਂ ਨੂੰ ਲਾਹੌਰ ਲੈ ਗਿਆ। ਸ਼ਾਹੀ ਸੈਨਾ ਦਾ ਅਜਿਹਾ ਵਿਚਾਰ ਸੀ ਕਿ ਦਲ ਖਾਲਸਾ ਦਾ ਨਾਇਕ ਜਥੇਦਾਰ ਬੰਦਾ ਸਿੰਘ ਕਰਾਮਾਤੀ ਸ਼ਕਤੀਆਂ ਦਾ ਸੁਆਮੀ ਹੈ। ਇਸ ਲਈ ਉਹ ਬੰਦਾ ਸਿੰਘ ਜੀ ਤੋਂ ਬਹੁਤ ਭੈ - ਭੀਤ ਰਹਿੰਦੇ ਸਨ। ਉਨ੍ਹਾਂ ਨੂੰ ਡਰ ਸੀ ਕਿ ਬੰਦਾ ਸਿੰਘ ਜੀ ਕੈਦ ਵਿਚੋਂ ਵੀ ਅਦ੍ਰਿਸ਼ਟ ਹੋ ਕੇ ਕਿਤੇ ਲੁਕ ਨਾ ਜਾਵੇ। ਇਸ ਲਈ ਉਸਦੇ ਪੈਰਾਂ ਵਿਚ ਬੇੜੀਆਂ, ਲੱਤਾ ਵਿਚ ਛੱਲੇ, ਲੱਕ ਦੇ ਆਲੇ - ਦੁਆਲੇ ਸੰਗਲ ਅਤੇ ਗਲੇਵਿਚ ਕੁੰਡਲ ਪਾ ਦਿੱਤੇ ਗਏ ਸਨ। ਇਨ੍ਹਾਂ

ਵਸਤੂਆਂ ਨੂੰ ਲਕੜੀ ਦੇ ਖੰਭਿਆਂ ਨਾਲ ਬੰਨ੍ਹਿਆ ਹੋਇਆ ਸੀ। ਇਸ ਤਰ੍ਹਾਂ ਬੰਦਾ ਸਿੰਘ ਜੀ ਨੂੰ ਚੰਗੀ ਤਰ੍ਹਾਂ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਪਾਇਆ ਹੋਇਆ ਸੀ। ਇਸ ਪਿੰਜਰੇ ਦੀ ਨਿਗਰਾਨੀ ਦੋ ਮੁਗਲ ਸਿਪਾਹੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਕਰ ਰਹੇ ਸਨ। ਬੰਦਾ ਸਿੰਘ ਦੇ ਸਹਾਇਕ ਅਧਿਕਾਰੀਆਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਨੂੰ ਲੰਗੜੇ, ਨਿਰਜੀਵ ਅਤੇ ਮਰੀਅਲ ਗਧਿਆਂ ਟਟੂਆਂ ਤੇ ਊਠਾਂ ਉਤੇ ਚੜ੍ਹਾਇਆ ਹੋਇਆ ਸੀ। ਉਨ੍ਹਾਂ ਦੇ ਸਿਰਾ ਤੇ ਟੋਪੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਦੇ ਅੱਗੇ ਢੋਲ ਅਤੇ ਵਾਜਾ ਵੱਜਦਾ ਆ ਰਿਹਾ ਸੀ ਅਤੇ ਪਿਛੇ ਮੁਗਲ ਸਿਪਾਹੀਆਂ ਨੇ ਭਾਲਿਆਂ ਉਤੇ ਸਿੱਖਾਂ ਦੇ ਸਿਰ ਟੰਗੇ ਹੋਏ ਸਨ। ਕੈਦੀਆਂ ਦੇ ਪਿਛੇ ਜਿੱਤ ਦੇ ਰੂਪ ਵਿਚ ਬਾਦਸ਼ਾਹੀ ਅਮੀਰ ਫੌਜਦਾਰ ਅਤੇ ਕਈ ਹਿੰਦੂ ਰਾਜੇ ਆਪਣੇ ਸੈਨਾ ਸਹਿਤ ਚਲੇ ਆ ਰਹੇ ਸਨ। ਇਸ ਤਰ੍ਹਾਂ ਇਸ ਜਲੂਸ ਨੂੰ ਲਾਹੌਰ ਨਗਰ ਵਿਚ ਘੁੰਮਾਇਆ ਗਿਆ ਤਾਂ ਕਿ ਲੋਕਾਂ ਨੂੰ ਭੈ-ਭੀਤ ਕੀਤਾ ਜਾ ਸਕੇ ਅਤੇ ਮੁਗਲਾਂ ਦਾ ਦਬਦਬਾ ਬਿਠਾਇਆ ਜਾ ਸਕੇ।

ਲਾਹੌਰ ਤੋਂ ਸਿੱਖਾਂ ਨੂੰ ਦਿੱਲੀ ਲੈ ਜਾਣ ਦਾ ਪ੍ਰੋਗਰਾਮ ਜਕਰੀਆ ਖਾਨ ਨੂੰ ਸੌਂਪਿਆ ਗਿਆ, ਪਰ ਉਸ ਨੂੰ ਗ੍ਰਿਫਤਾਰ ਕੀਤੇ ਗਏ ਸਿੱਖਾ ਦੀ ਗਿਣਤੀ ਬਹੁਤ ਘੱਟ ਲੱਗੀ। ਉਸਨੇ ਸਾਰੇ ਪੰਜਾਬ ਦੇ ਇਲਾਕੇ ਵਿਚ ਸਿੱਖਾਂ ਦੀ ਖੋਜ ਸ਼ੁਰੂ ਕਰ ਦਿੱਤੀ। ਉਸ ਦੇ ਆਦੇਸ ਤੇ ਫੌਜਦਾਰ ਅਤੇ ਚੌਧਰੀ ਪਿੰਡ -ਪਿੰਡ ਤਲਾਸ਼ੀ ਲਈ ਗਏ। ਇਸ ਤਰ੍ਹਾਂ ਉਨ੍ਹਾਂ ਨੇ ਅਨੇਕਾ ਬੇਕਸੂਰ ਲੋਕਾਂ ਨੂੰ ਫੜ ਕੇ ਜਕਰੀਆ ਖਾਨ ਕੋਲ ਭੇਜ ਦਿੱਤਾ, ਜਿਸ ਨਾਲ ਕੈਦੀ ਸਿੱਖਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕੇ। ਲਗਭਗ 4●● ਬੇਗੁਨਾਹ ਸਿੱਖ ਇਨ੍ਹਾਂ ਕੈਦੀਆਂ ਦੇ ਨਾਲ ਹੋਰ ਸ਼ਾਮਲ ਕਰ ਦਿੱਤੇ ਗਏ। ਇਨ੍ਹਾਂ ਲੋਕਾਂ ਦਾ ਅਪਰਾਧ ਕੇਵਲ ਸਿੱਖ ਧਰਮ ਅਪਨਾਉਣਾ ਅਤੇ ਗੈਰ-ਮੁਸਲਿਮ ਹੋਣਾ ਸੀ।

ਲਾਹੌਰ ਤੋਂ ਦਿੱਲੀ ਰਵਾਨਾ ਕਰਦੇ ਸਮੇਂ ਇਨ੍ਹਾਂ ਸਾਰੇ ਸਿੱਖਾਂ ਦੀ ਬਹੁਤ ਦੁਰਗਤੀ ਕੀਤੀ ਗਈ। ਸਭਿਅਕ ਸਮਾਜ ਵਿਚ ਅਜਿਹੀ ਕਰਤੂਤ ਜਾਹਿਲ ਅਤੇ ਅਰਧ ਜੰਗਲੀ ਜੇਤੂ ਹੀ ਕਰ ਸਕਦੇ ਹਨ। ਬੰਦਾ ਸਿੰਘ ਵਾਂਗ ਹੀ ਇਸ ਵਾਰੀ ਸਾਰੇ ਕੈਦੀਆਂ ਨੂੰ ਲੋਹੇ ਦੀਆਂ ਜੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਦੋ - ਦੋ ਤੇ ਤਿੰਨ -ਤਿੰਨ ਕਰਕੇ ਟਾਂਗਿਆਂ ਤੇ ਲੱਦਿਆ ਗਿਆ ਸੀ। ਸਰਹੰਦ ਪਹੁੰਚਣ ਤੇ ਉਨ੍ਹਾਂ ਨੂੰ ਉਥੋਂ ਦੇ ਬਾਜ਼ਾਰਾਂ ਵਿਚ ਘੁੰਮਾਇਆ ਗਿਆ, ਜਿਥੇ ਲੋਕ ਉਨਾਂ ਦਾ ਮਖੌਲ ਉਡਾਉਂਦੇ ਤੇ ਗਾਲ੍ਹਾਂ ਕੱਢਦੇ ਸਨ। ਇਨ੍ਹਾਂ ਸਿੱਖਾਂ ਨੇ ਇਹ ਸਭ ਕੁਝ ਸ਼ਬਦ (ਗੁਰਬਾਣੀ) ਪੜ੍ਹਦਿਆਂ ਹੋਇਆ ਬੜੀ ਧੀਰਜ ਨਾਲ ਸਹਿ ਲਿਆ।

27 ਫਰਵਰੀ 1716 ਨੂੰ ਇਹ ਸਿੱਖ ਕੈਦੀ ਦਿੱਲੀ ਦੀ ਹੱਦ ਦੇ ਨੇੜੇ ਪਹੁੰਚੇ। ਤਦ ਫਰੁਸੀਅਰ ਬਾਦਸ਼ਾਹ ਨੇ ਮੁਹੰਮਦ ਅਮੀਨ ਖਾਨ ਨੂੰ ਆਦੇਸ਼ ਦਿੱਤਾ ਕਿ ਉਹ ਸਿੱਖ ਕੈਦੀਆਂ ਨੂੰ ਇੱਕ ਵਿਸ਼ੇਸ਼ ਜਲੂਸ ਦੀ ਸ਼ਕਲ ਵਿਚ ਦਿੱਲੀ ਦੇ ਬਾਜ਼ਾਰਾਂ ਵਿਚੋਂ ਘੁੰਮਾਉਂਦਾ ਹੋਇਆ ਬਾਦਸ਼ਾਹੀ ਮਹੱਲ ਤੱਕ ਲਿਆਵੇ। ਜਲੂਸ ਵਿਚ ਸਭ ਤੋਂ ਅੱਗੇ ਮਾਰੇ ਗਏ ਉਹ ਸਿੱਖ ਸਨ, ਜਿਨ੍ਹਾਂ ਨੂੰ ਘਾਹ-ਫੂਸ ਨਾਲ ਭਰਿਆ ਹੋਇਆ ਸੀ ਤੇ ਭਾਲਿਆਂ ਉੱਤੇ ਟੰਗਿਆ ਹੋਇਆ ਸੀ, ਇਸ ਤਰ੍ਹਾਂ ਉਨ੍ਹਾਂ ਦੇ ਕੇਸ ਹਵਾ ਵਿਚ ਉੱਡ ਰਹੇ ਸਨ। ਉਸਦੇ ਪਿਛੇ ਇੱਕ ਹਾਥੀ ਝੂਮਦਾ ਹੋਇਆ ਆ ਰਿਹਾ ਸੀ, ਜਿਸ ਉਤੇ ਦਲ ਖਾਲਸਾ ਦੇ ਸੈਨਾ ਨਾਇਕ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕੀਤਾ ਹੋਇਆ ਸੀ। ਉਸਦਾ ਮਜ਼ਾਕ ਉਡਾਉਣ ਲਈ, ਉਸਦੇ ਸਿਰ ਉਤੇ ਤਿੱਲੇ ਦੀ ਕਢਾਈ ਵਾਲੀ ਨਾਲ ਪਗੜੀ ਪਾਈ ਹੋਈ ਸੀ ਅਤੇ ਤਿੱਲੇ ਦੀ ਕਢਾਈ ਵਾਲੀ ਅਨਾਰਾਂ ਦੇ

ਫੁੱਲਾਂ ਵਾਲੀ ਗੂੜੇ ਨਾਲ ਰੰਗ ਦੀ ਪੁਸ਼ਾਕ ਪੁਆਈ ਹੋਈ ਸੀ। ਪਿੰਜਰੇ ਦੀ ਨਿਗਰਾਨੀ ਇੱਕ ਹੋਰ ਅਧਿਕਾਰੀ ਮੁਹੰਮਦ ਅਮੀਨ ਖਾਨ, ਨੰਗੀ ਤਲਵਾਰ ਹੱਥ ਵਿਚ ਲੈ ਕੇ ਕਰ ਰਿਹਾ ਸੀ। ਉਸਦੇ ਬਾਅਦ 740 ਸਿੱਖ ਕੈਦੀ ਦੋ - ਦੋ ਕਰਕੇ ਊਠਾਂ ਤੇ ਬੰਨ੍ਹੇ ਹੋਏ ਲਿਆਦੇ ਜਾ ਰਹੇ ਸਨ। ਉਨ੍ਹਾਂ ਦਾ ਇੱਕ-ਇੱਕ ਹੱਥ ਜਕੜਿਆ ਹੋਇਆ ਸੀ, ਸਿਰਾਂ ਉੱਤੇ ਕਾਗਜ਼ ਜਾਂ ਭੇਡ ਦੀ ਖੱਲ ਦੀਆਂ ਨੋਕਦਾਰ ਟੋਪੀਆਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਨੂੰ ਸ਼ੀਸੇ ਦੇ ਮਣਕਿਆਂ ਨਾਲ ਸਜਾਇਆ ਹੋਇਆ ਸੀ। ਉਨ੍ਹਾਂ ਦੇ ਮੂੰਹਾ ਤੇ ਕਾਲਖ ਲਾਗਈ ਹੋਈ ਸੀ। ਕੁਝ ਸਿੱਖ ਅਧਿਕਾਰੀਆਂ ਤੇ ਭੇਡਾਂ ਦੀ ਖੱਲ ਪਾਈ ਹੋਈ ਸੀ। ਜਿਸ ਦੇ ਵਾਲ ਬਾਹਰ ਵੱਲ ਸਨ ਤਾਂ ਕਿ ਇਹ ਸਿੱਖ ਅਧਿਕਾਰੀ ਰਿਛਾਂ ਵਰਗੇ ਦਿਖਾਈ ਦੇਣ। ਸਭ ਤੋਂ ਪਿਛੇ ਤਿੰਨ ਬਾਦਸ਼ਾਹੀ ਅਮੀਰ ਘੋੜਿਆਂ ਤੇ ਆ ਰਹੇ ਸਨ। ਇਨ੍ਹਾਂ ਦੇ ਨਾਂ ਮੁਹੰਮਦ ਖਾਨ, ਕਮਰੂਦੀਨ ਖਾਨ ਅਤੇ ਜਕਰੀਆ ਖਾਨ ਸਨ।

ਪੁਸਤਕ 'ਇਬਾਰਤ ਨਾਮੇ' ਦੇ ਲੇਖਕ ਮਿਜੀ ਮੁਹੰਮਦ ਨੇ ਇਹ ਜਲੂਸ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਹ ਨਮਕ ਮੰਡੀ ਤੋਂ ਬਾਦਸ਼ਾਹੀ ਕਿਲ੍ਹੇ ਤੱਕ ਜਲੂਸ ਦੇ ਨਾਲ ਆ ਗਿਆ ਸੀ। ਉਹ ਲਿਖਦਾ ਹੈ- ਮੁਸਲਮਾਨ ਸਿੱਖਾਂ ਦੀ ਅਜਿਹੀ ਦੁਰਦਸ਼ਾ ਨੂੰ ਵੇਖ ਕੇ ਉਨ੍ਹਾਂ ਦਾ ਮਖੌਲ ਉਡਾ ਰਹੇ ਸਨ ਪਰ ਜਿਹੜੇ ਸਿੱਖ ਇਸ ਅੰਤਿਮ ਦਸ਼ਾ ਨੂੰ ਪ੍ਰਾਪਤ ਹੋਏ ਸਨ, ਉਹ ਬੜੇ ਹੀ ਪ੍ਰਸੰਨ ਚਿਤ ਦਿਖਾਈ ਦੇ ਰਹੇ ਸਨ ਅਤੇ ਆਪਣੀ ਹਾਲਤ ਤੇ ਸੰਤਸ਼ਟ ਸਨ। ਉਨ੍ਹਾਂ ਦੇ ਚਿਹਰਿਆਂ ਤੇ ਕੋਈ ਉਦਾਸੀ ਅਤੇ ਅਧੀਨਤਾ ਦੇ ਚਿੰਨ੍ਹ ਜਾਂ ਪ੍ਰਭਾਵ ਨਜ਼ਰ ਨਹੀ ਆ ਰਹੇ ਸਨ। ਸਗੋਂ ਊਠਾਂ ਤੇ ਚੜ੍ਹੇ ਉਨ੍ਹਾਂ ਵਿਚ ਵਧੇਰੇ ਭਗਤੀ ਵਿਚ ਲੀਨ ਸਨ ਸ਼ਾਇਦ ਉਹ ਆਪਣੇ ਮੁਰਸ਼ਦ ਦਾ ਕਲਾਮ ਪੜ੍ਹ ਰਹੇ ਸਨ।

ਬਾਜ਼ਾਰਾਂ ਤੇ ਗਲੀਆਂ ਵਿਚ ਜਦੋਂ ਉਨ੍ਹਾਂ ਨੂੰ ਲੋਕ ਕਹਿੰਦੇ ਕਿ ਹੁਣ ਤੁਹਾਡੀ ਹੱਤਿਆ ਦਰ ਦਿੱਤੀ ਜਾਵੇਗੀ ਤਾਂ ਉਹ ਉਤਰ ਦੇਦੇ ਕਿ ਉਹ ਤਾਂ ਹੋਣੀ ਹੀ ਹੈ, ਅਸੀਂ ਮੌਤ ਤੋਂ ਕਦ ਡਰਦੇ ਹਾਂ ਜੇ ਮੌਤ ਤੋਂ ਡਰਦੇ ਹੁੰਦੇ ਤਾਂ ਸ਼ਾਹੀ ਫੌਜ਼ਾਂ ਨਾਲ ਆਜ਼ਾਦੀ ਦੀ ਲੜਾਈ ਕਿਉ ਲੜਦੇ? ਸਾਨੂੰ ਤਾਂ ਘਿਰ ਜਾਣ ਦੇ ਕਾਰਣ, ਭੁੱਖ ਅਤੇ ਰਸਦ ਦੀ ਕਮੀ ਦੀ ਵਿਆਕੁਲਤਾ ਨੇ ਤੁਹਾਡੇ ਹੱਥਾਂ ਵਿਚ ਪਾ ਦਿੱਤਾ ਹੈ ਨਹੀ ਤਾਂ ਸਾਡੀ ਵੀਰਤਾ ਦੇ ਕਾਰਨਾਮੇ ਤਾਂ ਤੁਸੀਂ ਸੁਣੇ ਹੀ ਹੋਣਗੇ। ਪੁਸਤਕ ਤਵਸਿਰਤੂ-ਨਾਜ਼ਰੀਨ ਦਾ ਲੇਖਕ ਸੱਯਦ ਮੁਹੰਮਦ ਵੀ ਇਸ ਮੌਕੇ ਤੇ ਅੱਖੀਂ ਵੇਖਣ ਵਾਲਿਆਂ ਵਿਚ ਹਾਜ਼ਰ ਸੀ। ਉਹ ਕਹਿੰਦਾ ਹੈ ਕਿ ਉਸ ਸਮੇਂ ਉਸਨੇ ਉਨ੍ਹਾਂ ਵਿਚੋਂ ਇੱਕ ਵੱਲ ਇਸ਼ਾਰਾ ਕਰਕੇ ਕਿਹਾ, ਇਹ ਘੁਮੰਡ ਕੀ ਅਤੇ ਨਖਰਾ ਕੀ ਸੀ? ਜੁਆਬ ਵਿਚ ਉਸਨੇ ਆਪਣੇ ਮੱਥੇ ਤੇ ਹੱਥ ਰਖ ਕੇ ਆਪਣੀ ਕਿਸਮਤ ਵੱਲ ਇਸ਼ਾਰਾ ਕੀਤਾ। ਲੇਖਕ ਲਿਖਦਾ ਹੈ ਕਿ ਉਸ ਸਮੇਂ ਉਸ ਨੂੰ ਸਿੱਖਾਂ ਦਾ ਆਪਣੇ ਅੰਦਰੂਨੀ ਭਾਵਾਂ ਨੂੰ ਪ੍ਰਗਟ ਕਰਨ ਦਾ ਬਹੁਤ ਢੰਗਾ ਲੱਗਾ।

ਉਹ ਸਾਰੇ ਅਪਮਾਨ ਅਤੇ ਦੁਰਵਿਵਹਾਰ ਜਿਹੜੇ ਦੁਸ਼ਮਣਾਂ ਨੇ ਸਿੱਖਾਂ ਨਾਲ ਕੀਤੇ, ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਵੀਰ ਸਪੂਤਾਂ ਨੂੰ ਉਨ੍ਹਾਂ ਦੀ ਉਚੀ ਮਾਨਸਿਕ ਅਵਸਥਾ ਤੇ ਸੁਭਾਵਿਕਤਾ ਤੋਂ ਡੋਗ ਨਾ ਸਕੇ।

ਮੁਹੰਮਦ ਹਾਦੀ ਕਾਮਵਰ ਖਾਨ ਲਿਖਦਾ ਹੈ ਕਿ ਇਹ ਸਿੱਖ ਕੈਦੀ ਲੋਕ ਬਿਨ੍ਹਾਂ ਕਿਸੇ ਆਤਮਗਿਲਾਨੀ ਅਤੇ ਸ਼ਰਮਿੰਦਗੀ ਦੇ ਸ਼ਾਂਤਚਿੱਤ ਅਤੇ ਪ੍ਰਸੰਨ ਤਾ ਪੂਰਵਕ ਜਾ ਰਹੇ ਸਨ। ਉਹ ਸ਼ਹੀਦਾਂ ਦੀ ਮੌਤ ਮਰਨ ਦੇ ਇਛੱਕ ਜਾਮਦੇ ਸਨ।

ਜਿਉਂ ਹੀ ਇਹ ਜਲੂਸ ਸ਼ਾਹੀ ਕਿਲ੍ਹੇ ਦੇ ਨੇੜੇ ਪਹੁੰਚਿਆ ਤਾਂ ਬਾਦਸ਼ਾਹ ਫਰਖਸ਼ੀਅਰ ਨੇ ਆਦੇਸ਼ ਦਿੱਤਾ, ਦਲ ਖਾਲਸਾ ਦੇ ਨਾਇਕ ਜਥੇਦਾਰ ਬੰਦਾ ਸਿੰਘ ਅਤੇ ਉਸਦੇ ਅਧਿਕਾਰੀਆਂ ਨੂੰ ਅਲੱਗ ਕਰਕੇ ਬਾਕੀ 694 ਸਿੱਖ ਕੈਦੀਆਂ ਨੂੰ ਸਰਵਹਾਰ ਖਾਨ ਕੋਤਵਾਲ ਨੂੰ ਸੌਂਪ ਦਿੱਤਾ ਜਾਵੇ, ਤਾਂ ਕਿ ਉਹ ਇਨ੍ਹਾਂ ਦੀ ਹੱਤਿਆ ਦਾ ਪ੍ਰਬੰਧ ਕਰ ਸਕੇ। ਬੰਦਾ ਸਿੰਘ ਦੀ ਪਤਨੀ, ਉਸਦੇ ਚਾਰ ਸਾਲ ਦੇ ਪੁੱਤਰ ਅਜ਼ੈ ਸਿੰਘ ਅਤੇ ਉਸ ਦੀ ਆਇਆ (ਪਾਲਣ ਵਾਲੀ) ਸ਼ਾਹੀ ਜਨਾਨਖਾਨੇ ਦਾ ਪ੍ਰਬੰਧਕ ਦਰਬਾਰ ਖਾਨ ਨਾਜਰ ਲੈ ਗਿਆ। ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ ਇਬਰਾਹੀਮ ਖਾਨ ਮੀਰ-ਏ-ਆਜ਼ਮ ਦੀ ਦੇਖ ਰੇਖ ਵਿਚ ਤ੍ਰਿਪੋਲੀਆ ਕਾਰਾਗਵਾਸ ਵਿਚ ਵਿਸੇਸ਼ ਕਾਲ ਕੋਠਰੀਆਂ ਵਿਚ ਰਖਿਆ ਗਿਆ। ਉਨ੍ਹਾਂ ਦਿਨਾਂ ਵਿਚ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਦੀ ਪਤਨੀ ਨੇ ਆਤਮ - ਸਨਮਾਨ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਖੂਹ ਵਿਚ ਛਾਲ ਮਾਰ ਕੇ ਆਤਮ - ਹੱਤਿਆ ਕਰ ਲਈ।

## ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਅਤੇ ਉਸਦੇ ਸਿਪਾਹੀਆਂ (ਸਿੱਖਾਂ) ਨੂੰ ਹਤਿਆ ਦਾ ਦੰਡ

ਪੰਜ ਮਾਰਚ 1716 ਈ. ਨੂੰ ਦਿੱਲੀ ਦੇ ਤ੍ਰਿਪੋਲੀਆ ਦਰਵਾਜੇ ਵੱਲ ਦੇ ਚਬੂਤਰੇ ਤੇ ਜੋ ਕੋਤਵਾਲੀ ਦੇ ਸਾਹਮਣੇ ਸਥਿਤ ਹੈ, 100 ਸਿੱਖਾਂ ਦੀ ਹਰ ਰੋਜ਼ ਹੱਤਿਆ ਕੀਤੀ ਜਾਣ ਲੱਗੀ। ਇਹ ਹਤਿਆਵਾਂ ਕੋਤਵਾਲ ਸਰਬਰਾਹ ਖਾਨ ਦੀ ਦੇਖ-ਰੇਖ ਵਿਚ ਸ਼ੁਰੂ ਹੋਈਆਂ, ਇਸ ਤਰ੍ਹਾਂ ਸੱਤ ਦਿਨਾਂ ਤੱਕ ਇਹ ਕਹਿਰ ਭਰਪੂਰ ਕਤਲੇਆਮ ਜਾਰੀ

ਰਿਹਾ। ਜਲਾਦ ਹਰ ਇੱਕ ਸਿੱਖ ਸਿਪਾਹੀ ਨੂੰ ਕਤਲ ਕਰਨ ਤੋਂ ਪਹਿਲਾਂ, ਕਾਜੀ ਦਾ ਫਤਵਾ ਸੁਣਨ ਲਈ ਕਹਿੰਦਾ ਸੀ। ਕਾਜੀ ਹਰ ਸਿੱਖ ਸਿਪਾਹੀ ਤੋਂ ਪੁੱਛਦਾ ਕਿ ਜੇ ਉਹ ਇਸਲਾਮ ਕਬੂਲ ਕਰ ਲਵੇ ਤਾਂ ਉਸ ਦੀ ਜਾਨ ਬਖਸ਼ ਦਿੱਤੀ ਜਾਵੇਗੀ। ਪਰ ਕੋਈ ਵੀ ਸਿੱਖ ਸਿਪਾਹੀ ਆਪਣੀ ਜਾਨ ਬਖਸ਼ੀ ਦੀ ਗੱਲ ਸੁਣਨਾ ਵੀ ਨਹੀ ਚਾਹੁੰਦਾ ਸੀ। ਉਸ ਨੂੰ ਤਾਂ ਕੇਵਲ ਸ਼ਹੀਦ ਹੋਣ ਹੀ ਇੱਛਾ ਹੀ ਸੀ। ਇਸ ਤਰ੍ਹਾਂ ਸਾਰੇ ਸਿੱਖ ਸਿਪਾਹੀ ਕਾਜ਼ੀ ਦੀ ਗੱਲ ਠੁਕਰਾ ਦੇ ਜਲਾਦ ਵੱਲ ਅੱਗੇ ਵਧ ਜਾਂਦੇ ਅਤੇ ਉਸ ਨੂੰ ਕਹਿੰਦੇ ਕਿ ਉਹ ਮਰਨ ਲਈ ਤਿਆਰ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਪੰਜ-ਪੰਜ ਦੇ ਸਮੂਹ ਵਿਚ ਗਲਾਂ ਵਿਚ ਰੱਸੇ ਪਾ ਕੇ ਅਤੇ ਫਿਰ ਵੱਟ ਚੜ੍ਹਾ ਕੇ ਫਾਂਸੀ ਦੇ ਕੇ ਮਾਰ ਦਿੱਤਾ ਜਾਂਦਾ। ਬਾਅਦ ਵਿਚ ਉਨ੍ਹਾਂ ਦੀਆਂ ਲਾਸ਼ਾਂ ਨੂੰ ਨਗਰ ਦੇ ਬਾਹਰ ਸੜਕਾਂ ਦੇ ਕਿਨਾਰੇ ਦਰੱਖਤਾਂ ਉਤੇ ਉਲਟੇ ਕਰਕੇ ਟੰਗ ਦਿੱਤਾ ਜਾਂਦਾ ਤਾਂ ਕਿ ਲੋਕਾਂ ਨੂੰ ਭੈ-ਭੀਤ ਕੀਤਾ ਜਾ ਸਕੇ। ਬਾਗੀਆਂ ਨੂੰ ਇਸ ਤਰ੍ਹਾਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਲਾਸ਼ਾਂ ਵਿਚ ਜਦੋਂ ਬਦਬੂ ਫੈਲ ਜਾਂਦੀ ਤਾਂ ਉਨ੍ਹਾਂ ਦੇ ਮਾਸ ਨੂੰ ਪੰਛੀ ਨੋਚ-ਨੋਚ ਕੇ ਖਾ ਜਾਂਦੇ। ਜਦ ਕਦੇ ਰੱਸਿਆਂ ਨੂੰ ਵੱਟ ਚੜ੍ਹਾਂਉਣ ਵਾਲੇ ਜੱਲਾਦਾ ਦੀ ਕਮੀ ਮਹਿਸੂਸ ਹੁੰਦੀ ਤਾਂ ਬਾਕੀ ਸਿੱਖ ਸਿਪਾਹੀਆਂ ਦੇ ਸਿਰ ਕਲਮ ਕਰ ਦਿੱਤੇ ਜਾਂਦੇ। ਇਸ ਤਰ੍ਹਾਂ ਉਹ ਤ੍ਰਿਪੋਲੀਆ ਦਰਵਾਜੇ ਦਾ ਚਬੂਤਰੇ ਵਾਲਾ ਸਥਾਨ ਖੂਨ ਨਾਲ ਲੱਥ-ਪੱਥ ਰਹਿਣ ਲੱਗਾ। ਇਨ੍ਹਾਂ ਹੱਤਿਆਵਾਂ ਦੇ ਦ੍ਰਿਸ਼ਾਂ ਨੂੰ ਬਹੁਤ ਸਾਰੇ ਲੋਕ ਵੇਖਣ ਲਈ ਆਉਦੇ ਇਨ੍ਹਾਂ ਵਿਚ ਉਸ ਸਮੇਂ ਦੇ ਈਸਟ ਇੰਡੀਆ ਕੰਪਨੀ ਦੇ ਰਾਜਦੂਤ-ਸਰ ਜੌਹ ਸਰਮੈਨ ਅਤੇ ਐਡਵਰਡ ਸਟੀਫਨਸਨ ਨੇ ਸਿੱਖ ਕੈਦੀਆਂ ਦਾ ਕਤਲੇਆਮ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਮਹਾਨ ਪੁਰਖਾਂ ਨੇ ਜੋ ਵਚਿੱਤਰ ਪ੍ਰਭਾਵ ਮਹਿਸੂਸ ਕੀਤਾ, ਉਸ ਅਦਭੁਤ ਘਟਨਾਕ੍ਰਮ ਨੂੰ ਲਿਖਤ ਰੂਪ

ਵਿਚ ਸੰਕਲਿਤ ਕਰਕੇ ਆਪਣੇ ਹੈੱਡ ਕਵਾਟਰ ਕਲਕੱਤੇ ਭੇਜਿਆ, ਉਨ੍ਹਾਂ ਨੇ ਆਪਣੇ ਪੱਤਰ ਨੰਬਰ 12 ਵਿਚ ਮਿਤੀ 10 ਮਾਰਚ ਸੰਨ 1716 ਈ. ਨੂੰ ਨਿਮਨਲਿਖਿਤ ਇਬਾਰਤ ਲਿਖਦੇ ਹਨ:-

ਇਹ ਸਿੱਖ ਕੈਦੀ ਜਿਨ੍ਹਾਂ ਉਤੇ ਬਗਾਵਤ ਦਾ ਦੋਸ਼ ਸੀ, ਮੌਤ ਸਵੀਕਾਰ ਕਰਦੇ ਸਮੇ ਜਿਸ ਹੌਂਸਲੇ ਅਤੇ ਸਾਹਸ ਨਾਲ ਭਰਪੂਰ ਸਨ, ਇਹ ਅਦੁਭੁਤ ਅਤੇ ਵਚਿੱਤਰ ਘਟਨਾ ਹੈ। ਕਿਉਂਕਿ ਅਜਿਹਾ ਨਹੀਂ ਹੁੰਦਾ ਆਮ ਕਰਕੇ ਡਰ ਨਾਲ ਚੀਕਦਾ, ਚਿਲਾਂਦਾ ਹੈ, ਪਰ ਉਥੇ ਤਾਂ ਅਪਰਾਧੀ ਕਹੇ ਜਾਣ ਵਾਲੇ ਸਿੱਖ ਮੌਤ ਦੇ ਲਈ ਖੁਦ ਆਪਣੇ ਆਪ ਨੂੰ ਸਮਰਪਿਤ ਕਰ ਰਹੇ ਸਨ ਅਤੇ ਸ਼ਾਂਤਚਿਤ ਆਪਣੀ ਕਿਸਮਤ ਨੂੰ ਸਵੀਕਾਰ ਕਰ ਰਹੇ ਸਨ। ਸਾਰਿਆਂ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦਿੱਤਾ ਗਿਆ ਬਸ਼ਰਤੇ ਕਿ ਉਹ ਇਸਲਾਮ ਕਬੂਲ ਕਰ ਲੈਣ ਪਰ ਅੰਤ ਤੱਕ ਅਜਿਹਾ ਕੋਈ ਸਿੱਖ ਕੈਦੀ ਨਹੀਂ ਸੀ ਜਿਸ ਨੇ ਇਸਲਾਮ ਸਵੀਕਾਰ ਕੀਤਾ ਹੋਵੇ।

ਇਤਿਹਾਸਕਾਰ ਦੁਰਵਿਨ ਲਿਖਦਾ ਹੈ ਕਿ ਕੀ ਹਿੰਦੁਸਤਾਨੀ ਅਤੇ ਯੂਰਪੀਨ ਸਾਰੇ ਹੀ ਦਰਸ਼ਕ ਉਸ ਹੈਰਾਨ ਕਰ ਦੇਣ ਵਾਲੇ ਸਾਹਸ ਅਤੇ ਦ੍ਰਿੜਤਾ ਦੀ ਪ੍ਰਸੰਸਾ ਕਰਨ ਵਿਚ ਸਹਿਮਤ ਸਨ। ਜਿਸ ਬਹਾਦਰੀ ਨਾਲ ਸਿੱਖ ਕੈਦੀਆਂ ਨੇ ਆਪਣੀ ਕਿਸਮਤ ਨੂੰ ਸਵੀਕਾਰ ਕੀਤਾ। ਵੇਖਣ ਵਾਲਿਆਂ ਦੇ ਲਈ ਇਨ੍ਹਾਂ ਦਾ ਆਪਣੇ ਧਰਮ ਨੇਤਾ ਦੇ ਲਈ ਪ੍ਰੇਮ ਅਤੇ ਭਗਤੀ ਬਹੁਤ ਹੀ ਹੈਰਾਨੀ ਜਨਕ ਸੀ। ਉਨ੍ਹਾਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਉਹ ਤਾਂ ਜਲਾਦ ਨੂੰ ਮੁਕਤੀ ਦਾਤਾ ਕਹਿ ਕੇ ਪੁਕਾਰਦੇ ਸਨ।

ਇਤਿਹਾਸਕਾਰ ਖਾਫੀ ਖਾਨ ਖਿਲਦਾ ਹੈ:

"ਮੈਂ ਇਨ੍ਹਾਂ ਸਿੱਖਾਂ ਦੀ ਦ੍ਰਿੜਤਾ ਬਾਰੇ ਅਜਿਹੀਆਂ ਗੱਲਾਂ ਸੁਣੀਆਂ ਹਨ, ਜਿਨ੍ਹਾਂ ਤੇ ਬੁੱਧੀ ਯਕੀਨ ਨਹੀਂ ਕਰਦੀ। ਪਰ ਜੋ ਕੁਝ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਉਹ ਲਿਖਦਾ ਹਾਂ ਕਿ ਇਨ੍ਹਾਂ ਕੈਦੀਆਂ ਵਿਚ ਇੱਕ ਲੜਕਾ (ਮੁੱਛ ਫੱਟ ਗੱਭਰੂ) ਸੀ ਜਿਸਦੇ ਅਜੇ ਦਾੜ੍ਹੀ, ਮੁੱਛਾਂ ਸ਼ੁਰੂ ਹੀ ਹੋਈਆਂ ਸਨ। ਉਸਦੀ ਮਾਂ ਨੇ ਮੌਕਾ ਦੇਖ ਕੇ ਆਪਣੇ ਕਿਸੇ ਹਮਦਰਦ ਦੀ ਸਹਾਇਤਾ ਨਾਲ ਬਾਦਸ਼ਾਹ ਅਤੇ ਉਸਦੇ ਮੰਤਰੀ ਸੱਯਦ ਅਬਦੁਲ ਅੱਗੇ ਰੋਂਦਿਆਂ ਹੋਇਆਂ ਬੇਨਤੀ ਕੀਤੀ ਕਿ ਉਸਦਾ ਬੇਟਾ ਇਨ੍ਹਾਂ ਕੈਦੀਆਂ ਵਿਚ ਹੈ। ਇੱਕ ਵਾਰ ਸਿੱਖ ਲੁੱਟਮਾਰ ਕਰਨ ਆਏ ਸਨ ਤੇ ਉਸ ਨੂੰ ਫੜ ਕੇ ਲੈ ਗਏ ਸਨ। ਉਸ ਸਮੇਂ ਤੋਂ ਹੀ ਉਸਦਾ ਬੇਟਾ ਸਿੱਖਾਂ ਦੇ ਨਾਲ ਹੈ। ਉਸਦਾ ਨਿਰਦੋਸ਼ ਹੀ ਕਤਲ ਕੀਤਾ ਜਾ ਰਿਹਾ ਹੈ।

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸਦੇ ਬੇਟੇ ਦੀ ਰਿਹਾਈ ਦੇ ਲਈ ਉਸਨੇ ਇੱਕ ਆਦਮੀ ਭੇਜਿਆ। ਉਹ ਇਸਤਰੀ ਬੇਟੇ ਦੀ ਰਿਹਾਈ ਦਾ ਆਦੇਸ਼ ਲੈ ਕੇ ਠੀਕ ਉਸ ਸਮੇਂ ਪਹੁੰਚੀ ਜਦੋਂ ਜਲਾਦ ਖ਼ੂਨ ਨਾਲ ਭਰੀ ਤਲਵਾਰ ਲੈ ਕੇ ਉਸ ਦਾ ਕਤਲ ਕਰਨ ਹੀ ਲੱਗਾ ਸੀ। ਉਸ ਦੇ ਬੇਟੇ ਨੇ ਜ਼ੋਰ ਨਾਲ ਕਿਹਾ ਕਿ ਉਸਦੀ ਮਾਤਾ ਝੂਠ ਬੋਲ ਰਹੀ ਹੈ। ਮੈਂ ਤਨ-ਮਨ ਨਾਲ ਆਪਣੇ ਗੁਰੂ ਦੇ ਬਲਿਹਾਰ ਜਾਂਦਾ ਹਾਂ, ਮੈਨੂੰ ਜਲਦੀ ਮੇਰੇ ਸਾਥੀਆਂ ਕੋਲ ਪਹੁੰਚਾਉ।

ਤਵਾਰੀਖ ਮੁਹੰਮਦ ਸ਼ਾਹੀ ਦੇ ਲੇਖਕ ਨੇ ਇਸ ਕਹਾਣੀ ਨੂੰ ਦੂਜਾ ਰੂਪ ਦਿੱਤਾ ਹੈ। ਉਸਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਜਦੋਂ ਜਕਰੀਆਂ ਖਾਨ ਸਿੱਖਾਂ ਨੂੰ ਲੈ ਕੇ ਦਿੱਲੀ ਦੇ ਨੇੜੇ ਪਹੁੰਚਿਆ ਤਾਂ ਪਤਾ ਲੱਗਾ ਕਿ ਸਾਹਮਣੇ ਵਾਲੇ ਪਿੰਡ ਵਿਚ ਇੱਕ ਲੜਕਾ ਸਿੱਖ

ਬਣ ਗਿਆ ਹੈ। ਉਸ ਸਮੇਂ ਉਸਨੂੰ ਫੜ੍ਹ ਕੇ ਲਿਆਉਣ ਦਾ ਹੁਕਮ ਦਿੱਤਾ ਗਿਆ ਅਤੇ ਕੁਝ ਆਦਮੀ ਉਸ ਪਿੰਡ ਵੱਲ ਭੇਜੇ ਗਏ। ਪ੍ਰਮਾਤਮਾ ਦਾ ਚਮਤਕਾਰ ਕਿ ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਕਿ ਇਹ ਜਮਦੂਤ ਪਹੁੰਚ ਗਏ। ਡੋਲੀ ਅਜੇ ਘਰ ਵੀ ਨਹੀਂ ਪਹੁੰਚੀ ਸੀ ਕਿ ਉਹ ਵਿਚਾਰਾ ਫੜ੍ਹ ਲਿਆ ਗਿਆ। ਘਰ ਵਾਲਿਆਂ ਦੀ ਖੁਸ਼ੀ ਗਮੀ ਵਿਚ ਬਦਲ ਗਈ। ਵਿਚਾਰੇ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ, ਜੋ ਇਸ ਵੇਲੇ ਉਸਦੀ ਸਹਾਇਤਾ ਕਰਦਾ । ਬਾਰਾਤੀਆਂ ਜਾਂ ਪਿੰਡ ਵਾਲਿਆ ਏਨਾ ਹੌਂਸਲਾ ਵਿਚੋਂ ਕਿਸੇ ਵਿਅਕਤੀ ਵਿਚ ਏਨਾ ਹੌਂਸਲਾ ਨਹੀਂ ਸੀ ਕਿ ਇਸ ਨਿਰਦੇਸ਼ ਨੂੰ ਛੁਡਵਾਉਣ ਦੀ ਕੋਸ਼ਿਸ ਕਰਦੇ ਵਿਧਵਾ ਮਾਂ ਆਪਣੀ ਨਵੀਂ ਨੂੰਹ ਨੂੰ ਲੈ ਕੇ ਦਿੱਲੀ ਗਈ ਅਤੇ ਬਾਦਸ਼ਾਹ ਅੱਗੇ ਲਿਆ ਲਈ ਪੁਕਾਰ ਕੀਤੀ। ਅਤਿਆਚਾਰ ਅਤੇ ਅਨਿਆਂ ਦੇ ਰਾਜ ਵਿਚ ਸੱਚ ਬੋਲ ਕੇ ਛੁਟਕਾਰਾ ਨਹੀਂ ਮਿਲਦਾ ਸੀ। ਜੇ ਉਹ ਇਹ ਕਹਿ ਦੇਵੇ ਕਿ ਮੇਰੇ ਬੇਟੇ ਨੂੰ ਜਬਰਦਸਤੀ ਫੜਿਆ ਹੈ ਤਾਂ ਬੇਟੇ ਦੇ ਨਾਲ ਉਸਦਾ ਆਪਣਾ ਵੀ ਅੰਤ ਹੈ। ਇਸ ਲਈ ਉਸਨੇ ਝੂਠੀ ਕਹਾਣੀ ਘੜੀ ਕਿ ਇਕ ਵਾਰ ਸਿੱਖਾਂ ਨੇ ਉਨ੍ਹਾਂ ਦਾ ਪਿੰਡ ਲੁਟਿਆ ਅਤੇ ਉਸਦਾ ਨਵ-ਵਿਆਹਿਆ ਬੇਟਾ ਵੀ ਉਹ ਨਾਲ ਲੈ ਗਏ ਉਸ ਦੀ ਪਤਨੀ ਦੇ ਹੱਥਾਂ ਪੈਰਾਂ ਦੀ ਮਹਿੰਦੀ ਵੀ ਅਜੇ ਉਸੇ ਤਰ੍ਹਾਂ ਹੀ ਹੈ ਅਤੇ ਅਜੇ ਤਾਂ ਗਾਨਾ ਵੀ ਨਹੀਂ ਖੋਲ੍ਹਿਆ ਸੀ।

ਬੁੱਢੀ ਦੇ ਵਿਰਲਾਪ ਨੇ ਪੱਥਰ ਦਿਲ ਅਧਿਕਾਰੀਆਂ ਨੂੰ ਮੋਮ ਕਰ ਦਿੱਤਾ ਅਤੇ ਅੰਤ ਵਿਚ ਉਸਨੇ ਬਾਦਸ਼ਾਹ ਤੋਂ ਆਪਣੇ ਪੁੱਤਰ ਦੀ ਰਿਹਾਈ ਦਾ ਹੁਕਮ ਲੈ ਲਿਆ। ਇਹ ਹੁਕਮ ਲੈ ਕੇ ਜਦੋਂ ਉਹ ਦਰੋਗੇ ਕੋਲ ਪਹੁੰਚੀ ਤਾਂ ਕੀ ਵੇਖਦੀ ਹੈ ਕਿ ਦੋਤਵਾਲੀ ਦੇ

ਸਾਹਮਣੇ ਸਿੱਖਾਂ ਦੀ ਲਾਈਨ ਲੱਗਾਈ ਹੋਈ ਸੀ। ਇੱਕ-ਇੱਕ ਨੂੰ ਮੁਸਲਮਾਨਾ ਬਣਨ ਲਈ ਕਿਹਾ ਜਾ ਰਿਹਾ ਸੀ। ਜਦੋਂ ਉਹ ਨਹੀ ਮੰਨਦਾ ਤਾਂ ਕਈ ਪ੍ਰਕਾਰ ਦੇ ਕਸ਼ਟ ਦੇ ਕੇ ਕਤਲ ਕਰ ਦਿੱਤਾ ਜਾਂਦਾ। ਉਸ ਸਮੇਂ ਉਸਦੇ ਬੇਟੇ ਦੀ ਵਾਰੀ ਸੀ ਅਤੇ ਜਲਾਦ ਖ਼ੂਨ ਭਿੱਜੀ ਤਲਵਾਰ ਲੈ ਕੇ ਕੰਮ ਸ਼ੁਰੂ ਕਰਨ ਲਈ ਤਿਆਰ ਹੀ ਸੀ ਕਿ ਬੁੱਢੀ ਮਾਤਾ ਨੇ ਬਾਦਸ਼ਾਹ ਦਾ ਹੁਕਮ- ਪੱਤਰ ਕੋਤਵਾਲ ਨੂੰ ਦਿੱਤਾ। ਉਹ ਲੜਕੇ ਨੂੰ ਬਾਹਰ ਲੈ ਆਇਆ ਅਤੇ ਕਿਹਾ ਕਿ ਉਸ ਨੂੰ ਰਿਹਾ ਕੀਤਾ ਜਾਂਦਾ ਹੈ, ਪਰ ਉਸ ਲੜਕੇ ਨੇ ਮੁਕਤ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਉੱਚੀ ਆਵਾਜ਼ ਵਿਚ ਚੀਕ ਕੇ ਕਹਿਣ ਲੱਗਾ, “ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਦਿਲ-ਜਾਨ ਤੋਂ ਆਪਣੇ ਗੁਰੂ ਦਾ ਸੱਚਾ ਸਿੱਖ ਹਾਂ। ਮੈਨੂੰ ਜਲਦੀ ਆਪਦੇ ਗੁਰ- ਭਰਾਵਾਂ ਕੋਲ ਪਹੁੰਚਾਉ। ਤਾਰੀਖ - ਏ- ਮੁਹੰਮਦਸ਼ਾਹੀ ਦੇ ਲੇਖਕ ਦਾ ਕਥਨ ਹੈ ਕਿ ਉਸਦੀ ਮਾਂ ਦੀਆਂ ਦਰਦ ਭਰਪੂਰ ਚੀਕਾਂ, ਤਰਲੇ ਮਿਨਤਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਸਮਝਾਉਣਾ ਆਦਿ ਉਸ ਨੂੰ ਆਪਣੇ ਧਰਮ ਦੇ ਪ੍ਰਤੀ ਸ਼ਰਧਾ ਤੋਂ ਡੋਲਣ ਵਿਚ ਸਫਲ ਨਾ ਹੋ ਸਕੇ। ਉਥੇ ਖਲੋਤੇ ਸਾਰੇ ਦਰਸ਼ਕ ਹੈਰਾਨ ਰਹਿ ਗਏ। ਜਦੋਂ ਉਸ ਸ਼ਰਧਾਲੂ ਯੁਵਕ ਨੇ ਕਤਲਗਾਹ ਵੱਲ ਮੂੰਹ ਮੋੜਿਆ ਅਤੇ ਸ਼ਹੀਦੀ ਪ੍ਰਾਪਤ ਕਰਨ ਲਈ ਉਸਨੇ ਆਪਣੀ ਗਰਦਨ ਜਲਾਦ ਦੇ ਸਾਹਮਣੇ ਝੁਕਾ ਦਿੱਤੀ। ਇਕ ਛਿਣ ਵਿਚ ਜਲਾਦ ਦੀ ਤਲਵਾਰ ਉਪਰ ਉੱਠੀ ਅਤੇ ਉਸ ਯੁਵਕ ਦਾ ਸਿਰ ਕਲਮ ਕਰ ਦਿੱਤਾ ਗਿਆ ਅਤੇ ਉਹ ਸਿੱਖ ਆਪਣੇ ਗੁਰੂ ਦੀ ਗੋਦੀ ਵਿਚ ਜਾ ਬਿਰਾਜ਼ਮਾਨ ਹੋਇਆ।

ਇੱਕ ਪ੍ਰਸੰਗ ਦੇ ਬਾਰੇ ਵਿਚ ਤਤਕਾਲੀਨ ਇਤਿਹਾਸਕਾਰ ਲਿਖਦੇ ਹਨ ਕਿ

ਇੱਕ ਕਾਲ ਕੋਠੜੀ ਵਿਚ ਚਾਰ ਸਿੱਖ ਕੈਦੀਆਂ ਨੂੰ ਇਕੱਠੇ ਰਖਿਆ ਹੋਇਆ ਸੀ। ਉਨ੍ਹਾਂ ਨੂੰ ਭੋਜਨ ਵਜੋਂ ਦੋ ਰੋਟੀਆਂ ਰੋਸ਼ਨਦਾਨ ਵਿਚੋਂ ਅੰਦਰ ਸੁੱਟ ਦਿੱਤੀਆਂ ਗਈਆਂ। ਦੁਸ਼ਮਣ ਦਾ ਵਿਚਾਰ ਸੀ ਕਿ ਕੈਦੀ ਭੁੱਖੇ ਹਨ। ਇਨ੍ਹਾਂ ਰੋਟੀਆਂ ਨੂੰ ਪ੍ਰਾਪਤ ਕਰਨ ਲਈ ਉਹ ਆਪਸ ਵਿਚ ਲੜ ਮਰਨਗੇ। ਪਰ ਅਜਿਹਾ ਕੁਝ ਨਹੀ ਹੋਇਆ। ਰੋਸ਼ਨਦਾਨ ਵਿਚੋਂ ਦੇਖ ਰਹੇ ਪਹਿਰੇਦਾਰਾਂ ਨੇ ਦੇਖਿਆ ਕੈਦੀ ਆਪਸ ਵਿਚ ਵਿਚਾਰ ਕਰ ਰਹੇ ਸਨ ਕਿ ਇਨ੍ਹਾਂ ਰੋਟੀਆਂ ਨੂੰ ਬਜ਼ੁਰਗ ਕੈਦੀ ਖਾ ਲੈਣਾ। ਜੁਆਨ ਕਹਿ ਰਹੇ ਸਨ, 'ਸਾਨੂੰ ਤਾਂ ਅਜੇ ਕੋਈ ਕਮਜ਼ੋਰੀ ਨਹੀ, ਅਸੀਂ ਕੁਝ ਦਿਨ ਹੋਰ ਵੀ ਭੁੱਖੇ ਰਹਿ ਸਕਦੇ ਹਾਂ, ਪਰ ਬਜ਼ੁਰਗ ਕੈਦੀ ਕਹਿ ਰਹੇ ਸਨ ਕਿ ਉਨ੍ਹਾਂ ਨੇ ਤਾਂ ਮਰਨਾ ਹੀ ਹੈ, ਜੇ ਤੁਸੀਂ ਰੋਟੀਆਂ ਖਾ ਲਉ ਤਾਂ ਹੋ ਸਕਦਾ ਹੈ ਸ਼ਾਇਦ ਤੁਹਾਨੂੰ ਪੰਥ ਦੀ ਹੋਰ ਵਧੇਰੇ ਸੇਵਾ ਕਰਨ ਦਾ ਮੌਕਾ ਮਿਲ ਜਾਵੇ। ਇਸ ਤਰ੍ਹਾਂ ਉਹ ਰੋਟੀਆਂ ਕਿਸੇ ਨੇ ਵੀ ਨਹੀ ਖਾਧੀਆ, ਅੰਤ ਵਿਚ ਇਹ ਫੈਸਲਾ ਹੋਇਆ ਕਿ ਇਨ੍ਹਾਂ ਨੂੰ ਬਰਾਬਰ ਵੰਡ ਕੇ ਖਾਇਆ ਜਾਵੇ।

## "ਬੰਦਾ ਸਿੰਘ ਬਹਾਦਰ ਨੂੰ ਤਸੀਹੇ ਅਤੇ ਉਨ੍ਹਾਂ ਦੀ ਹੱਤਿਆ

ਦਲ-ਖਾਲਸਾ ਦੇ ਸਿਪਾਹੀਆਂ ਦੀ 12 ਮਾਰਚ 1716 ਈ. ਤੱਕ ਸਮੂਹਿਕ ਹੱਤਿਆ ਦਾ ਕੰਮ ਖਤਮ ਹੋ ਗਿਆ ਸੀ। ਪਰ ਬੰਦਾ ਸਿੰਘ ਅਤੇ ਉਸਦੇ ਸਹਾਇਕ ਅਧਿਕਾਰੀਆਂ ਨੂੰ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ।

ਉਨ੍ਹਾਂ ਤੋਂ ਵਾਰ-ਵਾਰ ਪੁਛਿਆ ਜਾਂਦਾ ਕਿ ਉਨ੍ਹਾਂ ਦੀ ਸਹਾਇਤਾ ਕਰਨ ਵਾਲੇ ਲੋਕ ਕੌਣ ਹਨ ਅਤੇ ਉਨ੍ਹਾਂ ਨੇ ਅਥਾਹ ਧਨ ਕਿਥੇ ਲੁਕਾ ਕੇ ਰਖਿਆ ਹੈ? ਇਸ ਕੰਮ ਵਿਚ

ਮੁਗਲ ਪ੍ਰਸ਼ਾਸਨ ਨੇ ਤਿੰਨ ਮਹੀਨੇ ਲਾ ਦਿੱਤੇ। ਪਰ ਇਸ ਦਾ ਨਤੀਜਾ ਕੁਝ ਨਾ ਨਿਕਲਿਆ।

ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਇਨ੍ਹਾਂ ਲੋਕਾਂ ਤੋਂ ਕਿਸੇ ਪ੍ਰਕਾਰ ਦੀ ਕੋਈ ਗੁਪਤ ਸੂਚਨਾ ਨਾ ਮਿਲੀ, ਅੰਤ 9 ਜੂਨ 1716 ਈ. ਨੂੰ ਸੂਰਜ ਚੜ੍ਹਦਿਆਂ ਹੀ ਬੰਦਾ ਸਿੰਘ, ਉਸਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ, ਸਰਦਾਰ ਸੰਤੁਸ਼ਟ ਸੀ। ਉਸਨੇ ਪੂਰਨ ਸ਼ਾਂਤਚਿਤ, ਅਡੋਲ ਅਤੇ ਸਥਿਰ ਰਹਿ ਕੇ ਪ੍ਰਾਣ ਤਿਆਗੇ ਬਾਕੀ ਦੇ ਸਿੱਖ ਅਧਿਕਾਰੀਆਂ ਨਾਲ ਵੀ ਇਸੇ ਤਰ੍ਹਾਂ ਦਾ ਜ਼ਾਲਮਾਨਾ ਵਿਵਹਾਰ ਕੀਤਾ ਗਿਆ ਅਤੇ ਸਾਰਿਆਂ ਦੀ ਹੱਤਿਆ ਕਰ ਦਿੱਤੀ ਗਈ।

ਤਤਕਾਲੀਨ ਸਮਕਾਲੀ ਇਤਿਹਾਸਕਾਰਾਂ ਦੇ ਇੱਕ ਲਿਖਿਤ ਪ੍ਰਸੰਗ ਦੇ ਅਨੁਸਾਰ ਬਾਦਸ਼ਾਹ ਫਰੁਖਸੀਅਰ ਨੇ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਤੋਂ ਪੁੱਛ-ਗਿੱਛ ਸਮੇਂ ਕਿਹਾ- ਤੁਹਾਡੇ ਲੋਕਾਂ ਵਿਚੋਂ ਕੋਈ ਬਾਜ਼ ਸਿੰਘ ਨਾਂ ਦਾ ਵਿਅਕਤੀ ਹੈ, ਜਿਸ ਦੀ ਬਹਾਦਰੀ ਦੇ ਬਹੁਤ ਕਿੱਸੇ ਸੁਵਨ ਵਿਚ ਆਏ ਹਨ? ਜੁਆਬ ਵਿਚ ਬੇੜੀਆਂ ਅਤੇ ਹਥਕੜੀਆਂ ਵਿਚ ਜਕੜੇ ਬਾਜ਼ ਸਿੰਘ ਨੇ ਕਿਹਾ, "ਮੈਨੂੰ ਬਾਜ਼ ਸਿੰਘ ਕਹਿੰਦੇ ਹਨ।"ਤੂੰ ਤਾਂ ਬਹੁਤ ਬਹਾਦਰ ਆਦਾਮੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਰ ਹੁਣ ਤੇਰੇ ਤੋਂ ਕੁਝ ਵੀ ਨਹੀਂ ਹੋ ਸਕਦਾ।" ਤਦ ਬਾਜ਼ ਸਿੰਘ ਨੇ ਜੁਆਬ ਦਿੱਤਾ," ਜੇ ਤੁਸੀਂ ਮੇਰੇ ਕਰਤਬ ਦੇਖਣੇ ਚਾਹੁੰਦੇ ਹੋ ਤਾਂ ਮੇਰੀਆਂ ਬੇੜੀਆਂ ਖੁਲਣਾ ਦਿਉ ਤਾਂ ਮੈਂ ਹੁਣ ਵੀ ਤੁਹਾਨੂੰ ਤਮਾਸ਼ਾ ਵਿਖਾ ਸਕਦਾ ਹਾਂ। ਇਸ ਚੁਣੌਤੀ ਤੇ ਬਾਦਸ਼ਾਹ ਨੇ ਆਗਿਆ ਦੇ ਦਿੱਤੀ ਕਿ ਇਸ ਦੀਆਂ ਬੇੜੀਆਂ ਖੋਲ੍ਹ ਦਿੱਤੀਆਂ ਜਾਣ। ਬਾਜ਼ ਸਿੰਘ ਅਜੇ

ਹਿੱਲਣ-ਡੁਲ੍ਹਣ ਜੋਗਾ ਹੀ ਹੋਇਆ ਸੀ ਕਿ ਉਸਨੇ ਬਾਜ਼ ਵਾਂਗ ਝਪਟ ਕੇ ਬਾਦਸ਼ਾਹ ਦੇ ਦੋ ਕਰਮਚਾਰੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਉਨ੍ਹਾਂ ਨੂੰ ਆਪਣੀਆਂ ਹੱਥਕੜੀਆਂ ਨਾਲ ਹੀ ਸਦਾ ਦੀ ਨੀਂਦ ਸੁਆ ਦਿੱਤਾ। ਫਿਰ ਉਹ ਇਕ ਹੋਰ ਸ਼ਾਹੀ ਅਧਿਕਾਰੀ ਵੱਲ ਝਪਟਿਆ ਪਰ ਤਦ ਤੱਕ ਉਸ ਨੂੰ ਸ਼ਾਹੀ ਸੇਵਕਾਂ ਨੇ ਫੜ੍ਹ ਲਿਆ ਅਤੇ ਫਿਰ ਦੁਬਾਰਾ ਤੋਂ ਬੇੜੀਆਂ ਵਿਚ ਜ਼ਕੜ ਦਿੱਤਾ ਗਿਆ।

## "ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿਚ ਮਤਭੇਦ"

ਦਲ ਖਾਲਸਾ ਦੇ ਨਾਇਕ ਜਥੇਦਾਰ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਿਪਾਹੀਆਂ ਦੀ ਸ਼ਹੀਦੀ ਦੇ ਬਾਅਦ ਮੁਗਲ ਪ੍ਰਸ਼ਾਸਨ ਨੇ ਬੰਦਾ ਸਿੰਘ ਦੇ ਸਮਰਥਕਾਂ ਨੇ ਨਾਲ ਹੀ ਸੰਪੂਰਨ ਸਿੰਘ ਸੰਪਰਦਾਇ ਨੂੰ ਵੀ ਬਾਗੀ (ਦੇਸ਼-ਧ੍ਰੋਹੀ) ਘੋਸ਼ਿਤ ਕਰ ਦਿੱਤਾ। ਇਕ ਸ਼ਾਹੀ ਆਦੇਸ਼ ਇਸ ਮੰਤਣ ਨਾਲ ਜਾਰੀ ਕੀਤਾ ਗਿਆ ਕਿ ਜਿਥੇ ਕਿਤੇ ਵੀ ਸਿੱਖ ਸੰਪਰਦਾਇ ਦਾ ਕੋਈ ਵੀ ਵਿਅਕਤੀ ਮਿਲ ਜਾਵੇ, ਬਿਨ੍ਹਾਂ ਕਿਸੇ ਸੰਕੋਚ ਤੋਂ ਉਸਦੀ ਹੱਤਿਆ ਕਰ ਦਿੱਤੀ ਜਾਵੇ, ਇਸ ਆਦੇਸ਼ ਨੂੰ ਅਮਲੀ ਰੂਪ ਦੇਣ ਲਈ ਹਰ ਇੱਕ ਸਿੱਖ ਦੇ ਸਿਰ ਕੱਟ ਕੇ ਲਿਆਉਣ ਦੀ ਕੀਮਤ ਨਿਸ਼ਚਿਤ ਕਰ ਦਿੱਤੀ ਗਈ, ਜੋ ਇਨਾਮ ਰਾਸ਼ੀ ਵਜੋਂ ਦਿੱਤੀ ਜਾਣੀ ਸੀ। ਲਾਹੌਰ ਦੇ ਸੂਬੇਦਾਰ (ਰਾਜਪਾਲ) ਅਬਦੁਸ ਸਮਦ ਖਾਨ ਦੀਆਂ ਹਾਸ਼ਤੀ ਸੈਨਾਵਾਂ ਨੇ ਸਿੱਖਾਂ ਨੂੰ ਲੱਭਣ ਲਈ ਪੂਰੇ ਪੰਜਾਬ ਦਾ ਇਲਾਕਾ ਛਾਣ ਮਾਰਿਆ ਅਤੇ ਜੰਗਲੀ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਕੀਤਾ। ਇਸ ਸਮੇਂ ਜਿਹੜੇ ਸਿੱਖ ਮਾਰੇ ਗਏ ਉਨ੍ਹਾਂ ਦੀ ਗਿਣਤੀ ਹੈਰਾਨੀਜਨਕ ਹੈ। ਕੁਝ ਦਿਨ ਆਪਣੇ ਆਪ ਨੂੰ

ਸੁਰੱਖਿਅਤ ਕਰਨ ਲਈ ਸਿੱਖ ਆਪਣੇ ਪਰਿਵਾਰਾਂ ਸਮੇਤ ਆਪਣੀ ਜਨਮਭੂਮੀ ਤਿਆਰਾ ਦੇ ਦੂਰ ਦੂਜੇ ਇਲਾਕਿਆ ਅਥਵਾ ਸਿਵਾਲਿਕ (ਲੁਕਣ) ਪਰਬਤ ਮਾਲਾ ਵਿਚ ਕਿਤੇ ਛਿਪਣ ਲਈ ਚਲੇ ਗਏ। ਸਿਰਫ ਇਹੀ ਲੋਕ ਉਸ ਸਮੂਹਿਕ ਹਤਿਆ ਕਾਂਡਾਂ ਤੋਂ ਬਚ ਸਕੇ।

ਦਿੱਲੀ ਵਿਚ ਬਾਦਸ਼ਾਹ ਫਰੁਖਸ਼ੀਅਰ ਦੀ ਹੱਤਿਆ ਦੇ ਬਾਅਦ ਸੰਨ 1718 ਈ. ਵਿਚ ਸ਼ਾਸਨ ਪ੍ਰਬੰਧਕ ਦੀ ਤਬਦੀਲੀ ਦੇ ਬਾਅਦ ਸਿੱਖਾਂ ਨੂੰ ਕੁਝ ਥੋੜ੍ਹਾਂ ਚੈਨ ਮਿਲਿਆ। ਇਸ ਉਥੱਲ-ਪੁਥਲ ਦਾ ਲਾਭ ਲੈਂਦਿਆਂ ਹੋਇਆਂ ਦੂਰ-ਦੁਰਾਡੇ ਇਲਾਕਿਆਂ ਅਤੇ ਜੰਗਲਾਂ ਆਦਿ ਬਾਜ਼ ਸਿੰਘ, ਭਾਈ ਫਤਹਿ ਸਿੰਘ, ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਆਦਿ ਜੋ ਦਿਲੀ ਦੇ ਕਿਲ੍ਹੇ ਵਿਚ ਬੰਦੀ ਸਨ, ਉਨ੍ਹਾਂ ਨੂੰ ਸਰਵਹਾਰ ਖਾਨ ਕੋਤਵਾਲ ਅਤੇ ਇਬਰਾਹੀਮ ਮੁਦੀਨ ਖਾਨ ਮੀਰ-ਏ-ਆਤਿਸ਼ ਦੀ ਦੇਖ ਰੇਖ ਵਿਚ ਜਲੂਸ ਦੇ ਰੂਪ ਵਿਚ ਕਿਲ੍ਹੇ ਤੋਂ ਬਾਹਰ ਕਢਿਆ ਗਿਆ, ਜਿਸ ਤਰ੍ਹਾਂ ਇਨ੍ਹਾਂ ਨੂੰ ਦਿੱਲੀ ਲਿਆਉਂਦੇ ਸਮੇ ਕੀਤਾ ਗਿਆ ਸੀ। ਉਸ ਦਿਨ ਵੀ ਬੇੜੀਆਂ ਵਿਚ ਜਕੜੇ ਹੋਏ ਬੰਦਾ ਸਿੰਘ ਨੂੰ ਤਿੱਲੇ ਦੇ ਕਢਾਈ ਵਾਲੀ ਲਾਨ ਪੱਗ ਅਤੇ ਤਿੱਲੇਦਾਰ ਪੋਸ਼ਾਕ ਪੁਆਈ ਗਈ ਸੀ ਤੇ ਹਾਥੀ ਤੇ ਬੈਠਾ ਕੇ ਲਿਆਂਦਾ ਗਿਆ ਸੀ। ਹੋਰ 26 ਸਿੱਖ ਜ਼ੰਜੀਰਾਂ ਵਿਚ ਜਕੜੇ ਹੋਏ ਉਸਦੇ ਪਿਛੇ ਚੱਲ ਰਹੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਪੁਰਾਣੇ ਨਗਰ ਦੀਆਂ ਗਲੀਆਂ ਵਿਚੋਂ ਕੁਤਬਮੀਨਾਰ ਦੇ ਨੇੜੇ ਸਾਬਕਾ ਬਾਦਸ਼ਾਹ ਬਹਾਦੁਰਸ਼ਾਹ ਦੀ ਕਬਰ ਦੀ ਪਰਕਰਮਾ ਕਰਵਾਈ ਗਈ।

ਬੰਦਾ ਸਿੰਘ ਨੂੰ ਹਾਥੀ ਤੋ ਉਤਾਰ ਕੇ ਧਰਤੀ ਤੇ ਬਿਠਾਇਆ ਗਿਆ ਤੇ ਕਿਹਾ

ਗਿਆ ਕਿ ਜਾਂ ਤਾ ਉਹ ਇਸਲਾਮ ਸਵੀਕਾਰ ਕਰ ਲੈਣ, ਨਹੀ ਤਾਂ ਮਰਨ ਲਈ ਤਿਆਰ ਹੋ ਜਾਣ, ਪਰ ਬੰਦਾ ਸਿੰਘ ਨੇ ਬਹੁਤ ਹੋਸਲੇ ਨਾਲ ਮੌਤ ਨੂੰ ਸਵੀਕਾਰ ਕਰਕੇ ਇਸਲਾਮ ਨੂੰ ਠੁਕਰਾ ਦਿੱਤਾ। ਤਦ ਜਲਾਦ ਨੇ ਉਸਦੇ ਪੁੱਤਰ ਨੂੰ ਉਸ ਦੀ ਗੋਦੀ ਵਿਚ ਪਾ ਦਿੱਤਾ ਅਤੇ ਕਿਹਾ, ਲੈ ਇਸ ਦੀ ਹੱਤਿਆਂ ਕਰ। ਪਰ ਕੀ ਕੋਈ ਪਿਤਾ ਕਦੇ ਆਪਣੇ ਪੁੱਤਰ ਦੀ ਹੱਤਿਆ ਕਰ ਸਕਦਾ ਹੈ? ਉਨ੍ਹਾਂ ਨੇ ਨਾਂਹ ਕਰ ਦਿੱਤੀ। ਬਸ ਫਿਰ ਕੀ ਸੀ, ਜਲਾਦ ਨੇ ਇੱਕ ਵੱਡੀ ਕਟਾਰ ਨਾਲ ਬੱਚੇ ਦੇ ਟੁਕੜੇ-ਟੁਕੜੇ ਕਰ ਦਿੱਤੇ ਅਤੇ ਉਸ ਦਾ ਤੜਫਦਾ ਹੋਇਆ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨ ਦਿੱਤਾ। ਧੰਨ ਸੀ ਉਹ ਗੁਰੂ ਦਾ ਸਿੱਖ, ਜਿਹੜਾ ਪ੍ਰਭੂ ਦਾ ਇੱਛਾ ਵਿਦ ਆਪਣੀ ਇੱਛਾ ਮੰਨ ਦੇ ਪੱਥਰ ਦੀ ਮੂਰਤੀ ਵਾਂਗ ਦ੍ਰਿੜ ਅਡੋਲ ਖੜਾ ਰਿਹਾ। ਜਦੋਂ ਬੰਦਾ ਸਿੰਘ ਬਿਲਕੁਲ ਵੀ ਨਾ ਡੋਲਿਆ। ਨੇੜੇ ਹੀ ਖਲੋਤੇ ਮੁਹੰਮਦ ਅਮੀਨ ਖਾਨ ਨੇ ਜਦੋਂ ਬੰਦਾ ਸਿੰਘ ਵੱਲ ਅਤੇ ਉਸ ਦੀਆਂ ਅੱਖਾਂ ਵਿਚ ਝਾਕਿਆ ਤਾਂ ਉਸਦੇ ਚਿਹਰੇ ਦੀ ਆਭਾ ( ਨੂਰ) ਕਿਸੇ ਅਦ੍ਰਿਸ਼ ਦਿਵਯ ਸ਼ਕਤੀ ਨਾਲ ਜਗਮਗਾ ਰਹੀ ਸੀ। ਉਹ ਇਸ ਭੇਦ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਸਨੇ ਹੈਰਾਨ ਹੁੰਦਿਆਂ ਹਿੰਮਤ ਕਰਕੇ ਬੰਦਾ ਸਿੰਘ ਤੋਂ ਪੁੱਛ ਹੀ ਲਿਆ ਉਸ ਨੇ ਬੰਦਾ ਸਿੰਘ ਨੂੰ ਕਿਹਾ ਕਿ ਉਸ ਦੇ ਸਿਰ ਮੁਗਲ ਪ੍ਰਸ਼ਾਸਨ ਵਲੋਂ ਭਿਆਨਕ ਖੂਨ ਖਰਾਬਾ ਕਰਨ ਦਾ ਦੋਸ ਹੈ, ਇਹ ਅਪਰਾਧ ਪਰ ਮੇਰੇ ਵਿਚਾਰਾਂ ਦੇ ਉਲਟ ਅਜਿਹੇ ਦੁ4ਟ ਕਰਮ ਕਰਨ ਵਾਲੇ ਦੇਮੁੱਖ ਮੰਡਲ ਤੇ ਐਾ ਗਿਆਨ ਭਰਪੂਰ ਤੇਜੋਸਵੀ ਜੋਤਿ ਕਿਉਂ ਛਲਕਦੀ ਹੈ। ਤਦ ਬੰਦਾ ਸਿੰਘ ਨੇ ਧੀਰਜ ਨਾਲ ਜੁਆਬ ਦਿੱਤਾ- ਜਦੋਂ ਮਨੁੱਖ ਅਥਵਾ ਕੋਈ ਪ੍ਰਸ਼ਾਸ਼ਨ ਪਾਪੀ ਅਤੇ ਦੁਸ਼ਟ ਹੋ ਜਾਏ ਅਤੇ ਨਿਆਂ ਦਾ ਮਾਰਗ ਛੱਡ ਕੇ ਅਨੇਕ ਪ੍ਰਕਾਰ ਦੇ ਅਤਿਆਚਾਰ ਕਰਨ ਲੱਗ ਜਾਵੇ ਤਾਂ ਉਹ ਸੱਚਾ ਈਸ਼ਵਰ ਆਪਣੇ

ਵਿਧਾਨ ਅਨੁਸਾਰ ਉਸ ਨੂੰ ਦੰਡ ਦੇਣ ਲਈ ਮੇਰੇ ਵਰਗੇ ਵਿਅਕਤੀ ਪੈਦਾ ਕਰਦਾ ਰਹਿੰਦਾ ਮ, ਜੋ ਦੁਸ਼ਟਾਂ ਦਾ ਨਾਮ ਕਰੇ ਅਤੇ ਜਦੋਂ ਉਨ੍ਹਾਂ ਦਾ ਦੰਡ ਪੂਰਾ ਹੋ ਜਾਂਦਾ ਹੈ ਤਾਂ ਤੁਹਾਡੇ ਵਰਗੇ ਵਿਅਕਤੀ ਖੜੇਕਰ ਦੇਂਦਾ ਹੈ ਤਾਂ ਮੇਰੇ ਜਿਹਾ ਨੂੰ ਸਜਾ ਮਿਲੇ।"

ਇਸਲਾਮ ਨਾ ਕਬੂਲ ਕਰਨ ਤੇ ਜਲਾਦ (ਕਟਾਰ) ਨੇ ਪਹਿਲਾਂ ਤਲਵਾਰ ਨਾਲ ਬੰਦਾ ਸਿੰਘ ਦੀ ਸੱਜੀ ਅੱਖ ਕੱਢ ਦਿੱਤੀ ਅਤੇ ਫਿਰ ਖੱਬੀ। ਇਸ ਦੇ ਬਾਅਦ ਗਰਮ ਲਾਲ ਲੋਹੇ ਦੀ ਸੰਡਾਸੀ (ਚਿਮਟੀਆਂ) ਨਾਲ ਉਨ੍ਹਾਂ ਦੇ ਸਰੀਰ ਦੇ ਮਾਸ ਦੀਆਂ ਬੋਟੀਆਂ ਖਿੱਚ-ਖਿੱਚ ਦੇ ਉਦੋਂ ਤੱਕ ਨੋਚਦਾ ਰਿਹਾ, : ਜਦ ਤੱਕ ਉਸ ਦੀ ਮੌਤ ਨਹੀਂ ਹੋ ਗਈ, ਇਨ੍ਹਾਂ ਸਾਰੇ ਤਸੀਹਿਆਂ ਦੌਰਾਨ ਬੰਦਾ ਸਿੰਘ ਈਸ਼ਵਰ ਅਤੇ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤਾ ਰਿਹਾ। ਉਹ ਪੂਰਨ ਤੌਰ ਤੇ ਸੰਤੁਸ਼ਟਏ ਸੀ।

**लेखक :- जसबीर सिंघ**

**फोन न. 0172-2696891, 09988160484**



**Download Free**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

## E-mail : info@sikhworld.info
## &
## jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

ਨੋਟ :- ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਨੋਟ:-

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**